Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 342 08/06/2026 www.samajweekly.com samajweekly @samajweekly samajweekly

# ‘INDIA’ ਗੱਠਜੋੜ ਦੀ ਦਿੱਲੀ ਵਿੱਚ ਅਹਿਮ ਮੀਟਿੰਗ ਅੱਜ

**ਨਵੀਂ ਦਿੱਲੀ।** ਵਿਰੋਧੀ ਧਿਰਾਂ ਦੇ ‘ਇੰਡੀਆ’ ਗੱਠਜੋੜ ਦੀ ਸੋਮਵਾਰ ਨੂੰ ਹੋਣ ਵਾਲੀ ਮੀਟਿੰਗ ਵਿੱਚ 23 ਸਿਆਸੀ ਪਾਰਟੀਆਂ ਸ਼ਾਮਲ ਹੋਣਗੀਆਂ। ਬੈਠਕ ਦੌਰਾਨ ਗੱਠਜੋੜ ਵਿੱਚ ਸ਼ਾਮਲ ਖੇਤਰੀ ਭਿਆਲਾਂ ਟੀ ਐੱਮ ਸੀ ਤੇ ਡੀ ਐੱਮ ਕੇ ਨੂੰ ਹਾਲੀਆ ਅਸੈਂਬਲੀ ਚੋਣਾਂ ਵਿਚ ਮਿਲੀ ਹਾਰ ਮਗਰੋਂ ਬਣੇ ਸਿਆਸੀ ਹਾਲਾਤ ਦਰਮਿਆਨ ਭਾਜਪਾ ਨਾਲ ਮੱਥਾ ਲਾਉਣ ਤੇ ਇਕ ਦੂਜੇ ਨਾਲ ਵੱਖਰੇਵਿਆਂ ਨੂੰ ਦੂਰ ਕਰਨ ਲਈ ਨਵੇਂ ਸਿਰਿਓਂ ਰਣਨੀਤੀ ਘੜਨ ਬਾਰੇ ਚਰਚਾ ਹੋਵੇਗੀ। ਕੌਮੀ ਰਾਜਧਾਨੀ ਦੇ ਕੌਂਸਟੀਚਿਊਸ਼ਨ ਕਲੱਬ ਵਿੱਚ ਰੱਖੀ ਇਸ ਮੀਟਿੰਗ ’ਚ ਕਾਂਗਰਸ ਵੱਲੋਂ ਰਾਹੁਲ ਗਾਂਧੀ ਤੇ ਮਲਿਕਾਰਜੁਨ ਖੜਗੇ, ਤ੍ਰਿਣਮੂਲ ਆਗੂ ਮਮਤਾ ਬੈਨਰਜੀ ਤੇ ਅਭਿਸ਼ੇਕ ਬੈਨਰਜੀ, ਸਮਾਜਵਾਦੀ ਪਾਰਟੀ ਮੁਖੀ ਅਖਿਲੇਸ਼ ਯਾਦਵ, ਆਰ ਜੇ ਡੀ ਦੇ ਤੇਜਸਵੀ ਯਾਦਵ ਤੇ ਸ਼ਿਵ ਸੈਨਾ (ਯੂ ਬੀ ਟੀ) ਦੇ ਊਧਵ ਠਾਕਰੇ ਤੋਂ ਇਲਾਵਾ ਖੱਬੀਆਂ ਪਾਰਟੀਆਂ ਅਤੇ ਕੁਝ ਛੋਟੀਆਂ ਪਾਰਟੀਆਂ ਦੇ ਆਗੂਆਂ ਦੇ ਸ਼ਾਮਲ ਹੋਣ ਦੀ ਸੰਭਾਵਨਾ ਹੈ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਐਕਸ ’ਤੇ ਪੋਸਟ ਵਿੱਚ ਕਿਹਾ ਕਿ 23 ਸਿਆਸੀ ਪਾਰਟੀਆਂ ਦੇ ਆਗੂਆਂ ਨੇ ‘ਇੰਡੀਆ’ ਸਮੂਹ ਦੀ ਬੈਠਕ ਵਿੱਚ ਸ਼ਾਮਲ ਹੋਣ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਕੁਝ ਪਾਰਟੀਆਂ ਨੇ ਆਪੋ ਆਪਣੇ ਕਾਰਨਾਂ ਦੇ ਹਵਾਲੇ ਨਾਲ ਮੀਟਿੰਗ ’ਚ ਸ਼ਾਮਲ ਹੋਣ ਤੋਂ ਅਸਮਰੱਥਾ ਜਤਾਈ ਹੈ। ਡੀ ਐੱਮ ਕੇ ਅਤੇ ‘ਆਪ’ ਦੇ ਬੈਠਕ ’ਚੋਂ ਗ਼ੈਰ-ਹਾਜ਼ਰ ਰਹਿਣ ਦੀ ਸੰਭਾਵਨਾ ਹੈ ਜਦੋਂਕਿ ਅਦਾਕਾਰ ਤੇ ਮੁੱਖ ਮੰਤਰੀ ਵਿਜੈ ਦੀ ਅਗਵਾਈ ਵਾਲੀ ਟੀ ਵੀ ਕੇ ਸ਼ਾਮਲ ਹੋ ਸਕਦੀ ਹੈ। ‘ਆਪ’ ਜਨਤਕ ਤੌਰ ’ਤੇ ਗੱਠਜੋੜ ਤੋਂ ਦੂਰੀ ਬਣਾ ਚੁੱਕੀ ਹੈ ਜਦੋਂਕਿ ਡੀ ਐੱਮ ਕੇ ਅਸੈਂਬਲੀ ਚੋਣਾਂ ਮਗਰੋਂ ਟੀ ਵੀ ਕੇ ਨੂੰ ਦਿੱਤੀ ਹਮਾਇਤ ਲਈ ਕਾਂਗਰਸ ਤੋਂ ਨਾਰਾਜ਼ ਹੈ। ਸੀ ਪੀ ਆਈ (ਐੱਮ) ਵੱਲੋਂ ਰਾਜ ਸਭਾ ਮੈਂਬਰ ਜੌਹਨ ਬ੍ਰਿਟਾਸ ਸ਼ਾਮਲ ਹੋਣਗੇ। ਉਹ ਕੇਰਲਾ ਅਸੈਂਬਲੀ ਚੋਣਾਂ ਦੌਰਾਨ ਖੱਬੇ ਪੱਖੀਆਂ ਬਾਰੇ ਕੀਤੇ ਦੁਰਪ੍ਰਚਾਰ ਲਈ ਕਾਂਗਰਸ ਤੋਂ ਸਫ਼ਾਈ ਮੰਗ ਸਕਦੇ ਹਨ। ਸੀ ਪੀ ਐੱਮ ਦੇ ਜਨਰਲ ਸਕੱਤਰ ਐੱਮ ਏ ਬੇਬੀ ਨੇ ਲੰਘੇ ਦਿਨ ਕਾਂਗਰਸ ਨੂੰ ਪੱਤਰ ਲਿਖ ਕੇ ਉਪਰੋਕਤ ਸਫ਼ਾਈ ਮੰਗੀ ਸੀ। ਇਸ ਦੌਰਾਨ ਭਾਜਪਾ ਤਰਜਮਾਨ ਸ਼ਹਿਜ਼ਾਦ ਪੂਨਾਵਾਲਾ ਨੇ ਕਿਹਾ ਕਿ ਬੇਬੀ ਦੇ ਪੱਤਰ ਨੇ ‘ਇੰਡੀਆ’ ਗੱਠਜੋੜ ਦੀ ਏਕਤਾ ਬਾਰੇ ਸਵਾਲ ਖੜ੍ਹੇ ਕਰ ਦਿੱਤੇ ਹਨ।

**ਮਮਤਾ ਵੱਲੋਂ ਕੇਜਰੀਵਾਲ ਨਾਲ ਮੁਲਾਕਾਤ**

ਨਵੀਂ ਦਿੱਲੀ: ਤ੍ਰਿਣਮੂਲ ਕਾਂਗਰਸ ਮੁਖੀ ਮਮਤਾ ਬੈਨਰਜੀ ਨੇ ਵਿਰੋਧੀ ਧਿਰਾਂ ਦੇ ‘ਇੰਡੀਆ’ ਗੱਠਜੋੜ ਦੀ ਮੀਟਿੰਗ ਤੋਂ ਇੱਕ ਦਿਨ ਪਹਿਲਾਂ ਅੱਜ ਆਮ ਆਦਮੀ ਪਾਰਟੀ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਕੌਮੀ ਰਾਜਧਾਨੀ ਵਿੱਚ ਮੁਲਾਕਾਤ ਕੀਤੀ। ਉਨ੍ਹਾਂ ਦੱਸਿਆ ਕਿ ਦੋਵੇਂ ਨੇਤਾਵਾਂ ਨੇ ਭਵਿੱਖ ਬਾਰੇ ਚਰਚਾ ਕੀਤੀ। ਪਾਰਟੀ ਨੇ ਐਕਸ ’ਤੇ ਪੋਸਟ ਵਿੱਚ ਕਿਹਾ ਕਿ ਚੇਅਰਪਰਸਨ ਮਮਤਾ ਬੈਨਰਜੀ ਨੇ ਕੌਮੀ ਜਨਰਲ ਸਕੱਤਰ ਅਭਿਸ਼ੇਕ ਬੈਨਰਜੀ ਦੀ ਹਾਜ਼ਰੀ ’ਚ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕੀਤੀ। ਮਮਤਾ ਬੈਨਰਜੀ ‘ਇੰਡੀਆ’ ਗੱਠਜੋੜ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਦਿੱਲੀ ਵਿੱਚ ਹਨ।

# ਪਾਰਾ ਮੁੜ 45 ਡਿਗਰੀ ਨੇੜੇ ਪੁੱਜਾ

**ਚੰਡੀਗੜ੍ਹ।** ਪੰਜਾਬ ਅਤੇ ਹਰਿਆਣਾ ਸਣੇ ਉੱਤਰੀ ਭਾਰਤ ਵਿੱਚ ਗਰਮੀ ਨੇ ਮੁੜ ਜ਼ੋਰ ਫੜ ਲਿਆ ਹੈ। ਅੱਜ ਪਾਰਾ 45 ਡਿਗਰੀ ਦੇ ਨੇੜੇ ਪੁੱਜ ਗਿਆ। ਪੰਜਾਬ ਵਿੱਚ ਬਠਿੰਡਾ ਤੇ ਹਰਿਆਣਾ ’ਚ ਰੋਹਤਕ ਸਭ ਤੋਂ ਗਰਮ ਰਹੇ। ਮੌਸਮ ਵਿਗਿਆਨੀਆਂ ਨੇ ਅਗਲੇ ਤਿੰਨ ਦਿਨ ਦੋਵਾਂ ਰਾਜਾਂ ਵਿੱਚ ਅਤਿ ਦੀ ਗਰਮੀ ਪੈਣ ਦੀ ਪੇਸ਼ੀਨਗੋਈ ਕੀਤੀ ਹੈ। ਇਸ ਲਈ 8 ਤੋਂ 10 ਜੂਨ ਲਈ ਯੈਲੋ ਅਲਰਟ ਵੀ ਜਾਰੀ ਕੀਤਾ ਗਿਆ ਹੈ। ਗਰਮੀ ਵਧਣ ਨਾਲ ਬਿਜਲੀ ਦੀ ਮੰਗ ਨੇ ਵੀ ਸ਼ੂਟ ਵੱਟ ਲਈ ਹੈ। ਅਤਿ ਦੀ ਗਰਮੀ ਕਰ ਕੇ ਨਾ ਸਿਰਫ਼ ਲੋਕਾਂ ਦਾ ਜਿਉਣਾ ਮੁਹਾਲ ਹੋ ਗਿਆ ਹੈ, ਬਲਕਿ ਕਿਸਾਨਾਂ ਦੀਆਂ ਮੁਸ਼ਕਲਾਂ ਵੀ ਵਧਣ ਲੱਗੀਆਂ ਹਨ। ਕਿਸਾਨਾਂ ਨੂੰ ਫ਼ਸਲਾਂ ਸੁੱਕਣ ਦਾ ਡਰ ਸਤਾਉਣ ਲੱਗਾ ਹੈ। ਕਿਸਾਨਾਂ ਨੂੰ ਫਲਾਂ ਤੇ ਸਬਜ਼ੀਆਂ ਨੂੰ ਇਕ ਦਿਨ ਛੱਡ ਕੇ ਪਾਣੀ ਦੇਣਾ ਪੈ ਰਿਹਾ ਹੈ। ਦੂਜੇ ਪਾਸੇ ਪੰਜਾਬ ਦੇ ਦਰਜਨ ਤੋਂ ਵੱਧ ਜ਼ਿਲ੍ਹਿਆਂ ਵਿੱਚ ਝੋਨੇ ਦੀ ਲੁਆਈ ਸ਼ੁਰੂ ਹੋ ਗਈ ਹੈ, ਜਿੱਥੇ ਕਿਸਾਨਾਂ ਨੂੰ ਗਰਮੀ ਵਿੱਚ ਕੰਮ ਕਰਨਾ ਪੈ ਰਿਹਾ ਹੈ। ਬਾਕੀ ਰਹਿੰਦੇ ਜ਼ਿਲ੍ਹਿਆਂ ਵਿੱਚ ਝੋਨੇ ਦੀ ਲੁਆਈ 9 ਜੂਨ ਤੋਂ ਸ਼ੁਰੂ ਹੋ ਜਾਵੇਗੀ। ਸੂਬੇ ਵਿੱਚ ਗਰਮੀ ਵਧਣ ਕਰ ਕੇ ਮੁੜ ਬਿਜਲੀ ਦੀ ਮੰਗ ਵਧਣੀ ਸ਼ੁਰੂ ਹੋ ਗਈ ਹੈ। ਅੱਜ ਪੰਜਾਬ ਵਿੱਚ ਬਿਜਲੀ ਦੀ ਮੰਗ 12 ਹਜ਼ਾਰ ਮੈਗਾਵਾਟ ਤੋਂ ਟੱਪ ਗਈ ਹੈ। ਹਾਲਾਂਕਿ ਪਿਛਲੇ ਦਿਨੀਂ ਇਹ ਮੰਗ 10 ਹਜ਼ਾਰ ਮੈਗਾਵਾਟ ਰਹਿ ਗਈ ਸੀ। ਬਿਜਲੀ ਦੀ ਮੰਗ ਘਟਣ ਕਰ ਕੇ ਬਿਜਲੀ ਵਿਭਾਗ ਨੇ ਸੁੱਖ ਦਾ ਸਾਹ ਲਿਆ ਸੀ। ਹਾਲਾਂਕਿ ਆਉਣ ਵਾਲੇ ਦਿਨਾਂ ਵਿੱਚ ਗਰਮੀ ਵਧਣ ਦੇ ਨਾਲ ਹੀ ਮੁੜ ਤੋਂ ਬਿਜਲੀ ਦੀ ਮੰਗ 14 ਹਜ਼ਾਰ ਮੈਗਾਵਾਟ ਨੂੰ ਟੱਪ ਸਕਦੀ ਹੈ। ਵਿਭਾਗ ਦੇ ਅਧਿਕਾਰੀਆਂ ਨੇ ਬਿਜਲੀ ਦੀ ਵਧਦੀ ਮੰਗ ਨੂੰ ਵੇਖਦਿਆਂ ਸਾਰੇ ਪੁਖ਼ਤਾ ਪ੍ਰਬੰਧ ਕਰਨ ਦਾ ਦਾਅਵਾ ਕੀਤਾ ਹੈ।

ਪੰਜਾਬ ਵਿੱਚ ਅੱਜ ਬਠਿੰਡਾ ਤੇ ਹਰਿਆਣਾ ਵਿੱਚ ਰੋਹਤਕ ਸਭ ਤੋਂ ਗਰਮ ਰਹੇ। ਬਠਿੰਡਾ ਵਿੱਚ ਵੱਧ ਤੋਂ ਵੱਧ ਤਾਪਮਾਨ 44.8 ਡਿਗਰੀ ਅਤੇ ਰੋਹਤਕ ਵਿੱਚ 43.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ। ਇਸੇ ਤਰ੍ਹਾਂ ਅੰਮ੍ਰਿਤਸਰ ਦਾ ਤਾਪਮਾਨ 40.9 ਡਿਗਰੀ ਸੈਲਸੀਅਸ, ਲੁਧਿਆਣਾ ਵਿੱਚ 42 ਡਿਗਰੀ, ਪਟਿਆਲਾ ਵਿੱਚ 41.6 ਡਿਗਰੀ, ਪਠਾਨਕੋਟ ਵਿੱਚ 40.5 ਡਿਗਰੀ, ਫਰੀਦਕੋਟ ਵਿੱਚ 42.5, ਗੁਰਦਾਸਪੁਰ ਵਿੱਚ 40, ਫਾਜ਼ਿਲਕਾ ਵਿੱਚ 42.2 ਡਿਗਰੀ ਸੈਲਸੀਅਸ ਤੇ ਫਿਰੋਜ਼ਪੁਰ ਵਿੱਚ 40.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

# ਕੈਨੇਡਾ ਪੁਲੀਸ ਨੇ ਸੈਲਾਨੀ ਬਣਕੇ ਆਏ ਸੈਂਕੜੇ ਅਪਰਾਧੀਆਂ ਦਾ ਪਰਦਾਫਾਸ਼ ਕੀਤਾ

**ਵੈਨਕੂਵਰ।** ਕੈਨੇਡਾ ਦੀ ਦੁਰਾਮ ਖੇਤਰੀ ਪੁਲੀਸ ਨੇ ਪ੍ਰੋਜੈਕਟ ਜੈਟਸੈਟਰ ਤਹਿਤ ਲੰਮੇ ਸਮੇਂ ਦੀ ਜਾਂਚ ਤੋਂ ਬਾਅਦ ਕੈਨੇਡਾ 'ਚ ਅਪਰਾਧ ਰਾਹੀਂ ਪੈਸਾ ਬਣਾਉਣ ਆਏ ਆਏ ਸੈਲਾਨੀਆਂ ਦਾ ਪ੍ਰਦਾਫਾਸ਼ ਕਰਕੇ ਦੇਸ਼ ਦੇ ਅਵਾਸ ਵਿਭਾਗ ਨੂੰ ਚੌਕਸ ਕੀਤਾ ਹੈ। ਇਸ ਵਰਤਾਰੇ ਨੂੰ ਕ੍ਰਿਮੀਨਲ ਟੂਰਿਸਜਮ ਦਾ ਨਾਂਅ ਦਿੰਦੇ ਹੋਏ ਪੁਲੀਸ ਨੇ ਦੇਸ਼ ਦੀਆਂ ਖੁਫੀਆ ਸੇਵਾਵਾਂ ਮੂਹਰੇ ਚੁਣੌਤੀ ਖੜੀ ਕਰ ਦਿੱਤੀ ਹੈ ਕਿ ਉਹ ਵਿਦੇਸ਼ੀਆਂ ਦੀਆਂ ਗਤੀਵਿਧੀਆਂ 'ਤੇ ਤਿੱਖੀ ਨਜ਼ਰ ਰੱਖਣ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਦੁਰਾਮ ਖੇਤਰੀ ਪੁਲੀਸ ਦੇ ਮੁੱਖੀ ਪੀਟਰ ਮੋਰੈਰੇ ਨੇ ਦੱਸਿਆ ਕਿ ਕੁਝ ਮਹੀਨਿਆਂ ਤੋਂ ਚੋਰੀਆਂ, ਲੁੱਟਾਂ, ਵਾਹਨ ਚੋਰੀ ਅਤੇ ਫੋਨ ਕਰਕੇ ਬਜੁਰਗਾਂ ਨਾਲ ਠੱਗੀਆਂ ਦੇ ਮਾਮਲਿਆਂ ਦੀ ਜਾਂਚ 'ਚ ਪਤਾ ਲੱਗਾ ਕਿ ਇੰਨਾਂ ਚੋਂ ਬਹੁਤੇ ਅਪਰਾਧ ਵਿਦੇਸ਼ਾਂ ਤੋਂ ਆਏ ਸੰਗਠਤ ਅਪਰਾਧੀ ਟੋਲਿਆਂ ਵਲੋਂ ਕੀਤੇ ਜਾਂਦੇ ਹਨ, ਜੋ ਇਸੇ ਨੀਅਤ ਨਾਲ ਸੈਲਾਨੀ ਬਣਕੇ ਕੈਨੇਡਾ ਆਏ

ਹੋਏ ਸਨ। ਪੁਲੀਸ ਮੁਖੀ ਨੇ ਦੱਸਿਆ ਕਿ ਹੁਣ ਤੱਕ ਪਛਾਣੇ ਗਏ ਇੰਨਾਂ ਅਪਰਾਧੀਆਂ 'ਚ ਬਹੁਤੇ ਰੋਮਾਨੀਆ ਤੋਂ ਤੇ ਕੁਝ ਭਾਰਤ ਤੋਂ ਹਨ। ਪਛਾਣੇ ਗਏ ਅਪਰਾਧੀਆਂ 'ਚੋਂ 46 ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਦ ਕਿ 64 ਹੋਰਾਂ ਦੀਆਂ ਫੋਟੋਆਂ ਜਨਤਕ ਕੀਤੀਆਂ ਗਈਆਂ ਹਨ ਤਾਂ ਲੋਕ ਇੰਨਾਂ ਨੂੰ ਫੜਵਾਉਣ ਚ ਪੁਲੀਸ ਦੀ ਮਦਦ ਕਰ ਸਕਣ। ਫੜੇ ਜਾਣ ਵਾਲਿਆਂ 'ਚ ਭਾਰਤੀ ਮੂਲ ਦੇ ਅਰਸ਼ਦੀਪ ਸਿੰਘ ਗੁਰਮ, ਅਰਸ਼ਜੋਤ ਸਿੰਘ ਢਿਲੋਂ,ਜਗਦੀਪ ਸਿੰਘ, ਗੁਪਪਰੀਤ ਕੌਰ, ਸਾਵਨ ਧਰਮੇਸ਼ ਭਾਈ ਹਨ, ਜਦ ਪੰਜ ਹੋਰਾਂ ਅਮਰਜੀਤ ਸਿੰਘ ਗਿੱਲ, ਅਰਮਾਨ ਸਰਮਾ, ਹਰਸਿਮਰਨ ਸਿੰਘ ਢਿਲੋਂ, ਗੁਰਿੰਦਰ ਸਿੰਘ ਅਤੇ ਜਗਦੀਪ ਸਿੰਘ ਦੀ ਭਾਲ ਜਾਰੀ ਹੈ। ਪੁਲੀਸ ਮੁਖੀ ਨੇ ਦੱਸਿਆ ਕਿ ਇਹ ਲੋਕ ਕੁਝ ਦਿਨਾਂ ਬਾਦ ਆਪਣੇ ਅੱਡੇ ਬਦਲਦੇ ਰਹਿੰਦੇ ਸਨ ਤਾਂ ਕਿ ਨਵੇਂ ਲੋਕਾਂ ਨੂੰ ਝਾਂਸੇ 'ਚ ਲੈਕੇ ਠੱਗੀ ਮਾਰਨੀ ਸੁਖਾਲੀ ਹੋਵੇ। ਉਸਨੇ ਦੱਸਿਆ ਕਿ ਇੰਨਾਂ ਵਲੋਂ ਕੀਤੀਆਂ 200 ਤੋਂ ਵੱਧ ਅਪਰਾਧਕ ਘਟਨਾਵਾਂ 'ਚ 26 ਲੱਖ ਡਾਲਰ ਦੀ ਠੱਗੀ, ਚੋਰੀ ਅਤੇ ਲੁੱਟ ਕੀਤੀ ਗਈ ਜਿਸ ਕਾਰਨ ਇੰਨਾਂ ਤੇ 1146 ਅਪਰਾਧਿਕ ਧਾਰਾਵਾਂ ਲਾਈਆਂ ਗਈਆਂ ਹਨ।

# ਅੰਤਰਰਾਸ਼ਟਰੀ ਕਬੱਡੀ ਖਿਡਾਰੀ ਜੋਬਨ ਦੁੱਬਲੀ ਦਾ ਦਿਹਾਂਤ, ਦਿਲ ਦਾ ਦੌਰਾ ਪੈਣ ਨਾਲ ਗਈ ਜਾਨ

**ਚੰਡੀਗੜ੍ਹ।** ਕਬੱਡੀ ਜਗਤ ਲਈ ਬੇਹੱਦ ਦੁਖਦਾਈ ਖ਼ਬਰ ਸਾਹਮਣੇ ਆਈ ਹੈ। ਪ੍ਰਸਿੱਧ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਜੋਬਨ ਦੁੱਬਲੀ ਦਾ ਅਚਾਨਕ ਦੇਹਾਂਤ ਹੋ ਗਿਆ। ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਨਾਲ ਖੇਡ ਜਗਤ ਅਤੇ ਪ੍ਰਸ਼ੰਸਕਾਂ ਵਿਚ ਸੋਗ ਦੀ ਲਹਿਰ ਦੌੜ ਗਈ ਹੈ। ਜਾਣਕਾਰੀ ਅਨੁਸਾਰ ਜੋਬਨ ਦੁੱਬਲੀ ਪੰਜਾਬ ਤੋਂ ਬਾਹਰ ਅਪਣੇ ਸਾਥੀਆਂ ਨਾਲ ਘੁੰਮਣ ਲਈ ਗਏ ਹੋਏ ਸਨ। ਇਸ ਦੌਰਾਨ ਉਨ੍ਹਾਂ ਨੂੰ ਅਚਾਨਕ ਦਿਲ ਦਾ ਦੌਰਾ ਪਿਆ ਜਿਸ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਇਸ ਅਚਾਨਕ ਵਾਪਰੀ

ਘਟਨਾ ਨੇ ਪ੍ਰਵਾਰ, ਦੋਸਤਾਂ ਅਤੇ ਕਬੱਡੀ ਪ੍ਰੇਮੀਆਂ ਨੂੰ ਡੂੰਘੇ ਸਦਮੇ ਵਿਚ ਪਾ ਦਿਤਾ ਹੈ।

ਜੋਬਨ ਦੁੱਬਲੀ ਨੇ ਅਪਣੀ ਸ਼ਾਨਦਾਰ ਖੇਡ ਦੇ ਸਦਕਾ ਕਬੱਡੀ ਜਗਤ ਵਿਚ ਵਿਸ਼ੇਸ਼ ਪਛਾਣ ਬਣਾਈ ਸੀ ਅਤੇ ਦੇਸ਼-ਵਿਦੇਸ਼ ਦੇ ਕਈ ਟੂਰਨਾਮੈਂਟਾਂ ਵਿਚ ਅਪਣੀ ਕਾਬਲੀਅਤ ਦਾ ਲੋਹਾ ਮਨਵਾਇਆ ਸੀ। ਉਨ੍ਹਾਂ ਦੇ ਅਕਾਲ ਚਲਾਣੇ 'ਤੇ ਕਬੱਡੀ ਨਾਲ ਜੁੜੀਆਂ ਵੱਖ-ਵੱਖ ਸੰਸਥਾਵਾਂ, ਖਿਡਾਰੀਆਂ ਅਤੇ ਸਮਾਜਕ ਸ਼ਖ਼ਸੀਅਤਾਂ ਵਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ।

# ਧਰਮਿੰਦਰ ਪ੍ਰਧਾਨ ਦੇ ਅਸਤੀਫ਼ੇ ਤੱਕ ਅੰਦੋਲਨ ਜਾਰੀ ਰਹੇਗਾ : ਅਭਿਜੀਤ ਦੀਪਕੇ

**ਛੱਤਰਪਤੀ ਸੰਭਾਜੀਨਗਰ :** ਇਮਤਿਹਾਨਾਂ ਅਤੇ ਭਰਤੀ ਟੈਸਟਾਂ ਵਿੱਚ ਹੋਈਆਂ ਕਥਿਤ ਬੇਨਿਯਮੀਆਂ ਦੇ ਖਿਲਾਫ ਦੇਸ਼ ਭਰ ਵਿੱਚ ਵਧਦੇ ਰੋਸ ਵਿਚਕਾਰ 'ਕਾਕਰੋਚ ਜਨਤਾ ਪਾਰਟੀ' (CJP) ਦੇ ਸੰਸਥਾਪਕ ਅਭਿਜੀਤ ਦਿਪਕੇ ਨੇ ਐਤਵਾਰ ਨੂੰ ਐਲਾਨ ਕੀਤਾ ਹੈ ਕਿ ਜਦੋਂ ਤੱਕ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਆਪਣੇ ਅਹੁਦੇ ਤੋਂ ਅਸਤੀਫ਼ਾ ਨਹੀਂ ਦਿੰਦੇ, ਉਦੋਂ ਤੱਕ ਉਨ੍ਹਾਂ ਦਾ ਇਹ ਅੰਦੋਲਨ ਖ਼ਤਮ ਨਹੀਂ ਹੋਵੇਗਾ।

ਅਮਰੀਕਾ ਤੋਂ ਦਿੱਲੀ ਪਰਤਣ ਮਗਰੋਂ ਆਪਣੇ ਜੱਦੀ ਜ਼ਿਲ੍ਹੇ ਪਹੁੰਚੇ ਦਿਪਕੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, ''ਜੰਤਰ-ਮੰਤਰ ਵਿਖੇ ਕੀਤਾ ਗਿਆ ਸਾਡਾ ਪ੍ਰਦਰਸ਼ਨ ਪੂਰੀ ਤਰ੍ਹਾਂ ਸਫਲ ਰਿਹਾ, ਜਿਸ ਵਿੱਚ ਲਗਭਗ 6,000 ਤੋਂ 7,000 ਲੋਕਾਂ ਨੇ ਸ਼ਮੂਲੀਅਤ ਕੀਤੀ। ਇਹ ਅੰਦੋਲਨ ਹੁਣ ਦੇਸ਼ ਵਿਆਪੀ ਰੂਪ ਧਾਰਨ ਕਰੇਗਾ। ਜਦੋਂ ਤੱਕ ਧਰਮਿੰਦਰ ਪ੍ਰਧਾਨ ਅਸਤੀਫ਼ਾ ਨਹੀਂ ਦਿੰਦੇ, ਅਸੀਂ ਪਿੱਛੇ ਨਹੀਂ ਹਟਾਂਗੇ।'' ਉਨ੍ਹਾਂ ਅੱਗੇ ਕਿਹਾ, ''ਅਸੀਂ ਇਸ ਅੰਦੋਲਨ ਨੂੰ ਦੇਸ਼

ਦੇ ਕੋਨੇ-ਕੋਨੇ ਤੱਕ ਲੈ ਕੇ ਜਾਣ ਲਈ ਇੱਕ ਹੋਰ ਅਗਲੀ ਰਣਨੀਤੀ ਤਿਆਰ ਕਰਾਂਗੇ।'' ਇਸ ਤੋਂ ਪਹਿਲਾਂ ਦਿਪਕੇ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ ਪਾ ਕੇ ਜੰਤਰ-ਮੰਤਰ ਵਿਖੇ ਹੋਏ ਵਿਰੋਧ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਲਈ ਹਜ਼ਾਰਾਂ ਨੌਜਵਾਨਾਂ ਦਾ ਧੰਨਵਾਦ ਵੀ ਕੀਤਾ। ਪੋਸਟ 'ਚ ਉਨ੍ਹਾਂ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਉਹ 7 ਦਿਨਾਂ ਦੇ ਅੰਦਰ ਆਪਣੇ ਅਹੁਦੇ ਤੋਂ ਅਸਤੀਫ਼ਾ ਨਹੀਂ ਦਿੰਦੇ, ਤਾਂ ਅੰਦੋਲਨ ਹੋਰ ਤੇਜ਼ ਕੀਤਾ ਜਾਵੇਗਾ। ਦਿਪਕੇ ਨੇ 'X' 'ਤੇ ਲਿਖਿਆ, ''ਕੱਲ੍ਹ ਸਾਡੇ ਵਿੱਚੋਂ ਹਜ਼ਾਰਾਂ ਲੋਕਾਂ ਨੇ ਇਤਿਹਾਸ ਰਚਿਆ। ਜੰਤਰ-ਮੰਤਰ ਵਿਖੇ ਸਾਡੇ ਸ਼ਾਂਤਮਈ ਪ੍ਰਦਰਸ਼ਨ ਨੇ ਸਰਕਾਰ ਨੂੰ ਇੱਕ ਟ੍ਰੇਲਰ ਦਿਖਾਇਆ ਹੈ ਕਿ ਜਦੋਂ ਅਸੀਂ ਇੱਕਜੁੱਟ ਹੁੰਦੇ ਹਾਂ ਤਾਂ ਕੀ ਕਰ ਸਕਦੇ ਹਾਂ।'' ਉਨ੍ਹਾਂ ਦੋਸ਼ ਲਾਇਆ ਕਿ ਮੌਜੂਦਾ ਸਿੱਖਿਆ ਪ੍ਰਣਾਲੀ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕਰ ਰਹੀ ਹੈ। ਉਨ੍ਹਾਂ ਅੱਗੇ ਕਿਹਾ, ''ਜੇਕਰ ਉਨ੍ਹਾਂ ਨੂੰ ਹਟਾਇਆ ਨਹੀਂ ਗਿਆ ਜਾਂ ਉਹ ਅਗਲੇ 7 ਦਿਨਾਂ ਵਿੱਚ ਅਹੁਦਾ ਨਹੀਂ ਛੱਡਦੇ, ਤਾਂ ਅਸੀਂ ਜ਼ਮੀਨ 'ਤੇ ਆਪਣਾ ਪ੍ਰਦਰਸ਼ਨ ਜਾਰੀ ਰੱਖਣ ਲਈ ਮਜ਼ਬੂਰ ਹੋਵਾਂਗੇ।''

# ਪਸ਼ੂ ਦੇ ਕਾਰ ਨਾਲ ਟਕਰਾਉਣ ਕਾਰਨ ਧੀ ਤੇ ਪਿਉ ਦੀ ਮੌਤ, ਮਾਂ ਗੰਭੀਰ ਜ਼ਖ਼ਮੀ

**ਦੋਦਾ :** ਮੁਕਤਸਰ ਸਾਹਿਬ-ਬਠਿੰਡਾ ਰਾਸ਼ਟਰੀ ਮਾਰਗ 'ਤੇ ਪਿੰਡ ਦੋਦਾ ਨੇੜੇ ਸੜਕ ਹਾਦਸੇ ਵਿਚ ਇਕ ਪਰਿਵਾਰ ਦੇ ਦੋ ਜੀਆਂ ਦੀ ਮੌਤ ਹੋ ਗਈ। ਸੜਕ 'ਤੇ ਅਚਾਨਕ ਆਏ ਪਸ਼ੂ ਕਾਰਨ ਦੋ ਕਾਰਾਂ ਹਾਦਸਾਗ੍ਰਸਤ ਹੋ ਗਈਆਂ ਸਨ, ਜਿਸ 'ਚ ਮੁਕਤਸਰ ਸਾਹਿਬ ਵਾਸੀ ਇਕੋ ਪਰਿਵਾਰ ਦੇ ਤਿੰਨ ਜੀਅ ਗੰਭੀਰ ਜ਼ਖ਼ਮੀ ਹੋ ਗਏ ਸਨ। ਇਲਾਜ ਦੌਰਾਨ ਪਿਓ-ਧੀ ਦੀ ਮੌਤ ਹੋ ਗਈ ਹੈ, ਜਦ ਕਿ ਪਤਨੀ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਮ੍ਰਿਤਕਾਂ ਦੀ ਪਛਾਣ ਅਮਨ ਵਾਸੀ ਮੁਕਤਸਰ ਅਤੇ ਉਸ ਦੀ ਚਾਰ ਸਾਲ ਦੀ ਮਾਸੂਮ ਧੀ ਪ੍ਰਿਸ਼ਾ ਵਜੋਂ ਹੋਈ ਹੈ। ਬੱਚੀ ਨੇ ਵੀਰਵਾਰ ਤੇ ਪਿਤਾ ਅਮਨ ਨੇ ਸ਼ੁਕਰਵਾਰ ਨੂੰ ਆਖ਼ਰੀ ਸਾਹ ਲਿਆ। ਅਮਨ ਦੀ ਪਤਨੀ ਸ਼ਿਵਾਲੀ ਅਜੇ ਵੀ ਹਸਪਤਾਲ 'ਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੀ ਹੈ। ਸ਼ੁਕਰਵਾਰ ਸ਼ਾਮ ਨੂੰ ਦੋਵਾਂ ਦਾ ਅੰਤਮ ਸਸਕਾਰ ਕਰ ਦਿਤਾ ਗਿਆ। ਜਾਣਕਾਰੀ

ਅਨੁਸਾਰ ਹਾਦਸਾ ਉਸ ਵੇਲੇ ਹੋਇਆ ਜਦੋਂ ਇਕ ਅਵਾਰਾ ਪਸ਼ੂ ਅਚਾਨਕ ਸੜਕ 'ਤੇ ਆ ਗਿਆ। ਸਭ ਤੋਂ ਪਹਿਲਾਂ ਉਹ ਬਠਿੰਡਾ ਵਾਸੀ ਪ੍ਰਦੀਪ ਕੁਮਾਰ ਪੁੱਤਰ ਪ੍ਰਕਾਸ਼ ਚੰਦ ਦੀ ਸਵਿਫਟ ਕਾਰ ਨਾਲ ਟਕਰਾਇਆ, ਜਿਸ ਨਾਲ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ। ਇਸ ਤੋਂ ਤੁਰਤ ਬਾਅਦ ਉਹ ਅਮਨ ਦੀ ਕਾਰ ਨਾਲ ਜਾ ਟਕਰਾਇਆ। ਕਾਰ 'ਚ ਅਮਨ, ਪਤਨੀ ਸ਼ਿਵਾਲੀ ਤੇ ਧੀ ਪ੍ਰਿਸ਼ਾ ਸਵਾਰ ਸਨ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ
ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਵਾਰਾਣਸੀ ਤੋਂ ਬਾਹਰ ਜਾਣਗੀਆਂ ਮੀਟ ਅਤੇ ਮੱਛੀ ਦੀਆਂ ਦੁਕਾਨਾਂ

**ਵਾਰਾਣਸੀ (ਯੂ.ਪੀ.)** ।ਵਾਰਾਣਸੀ ਨਗਰ ਨਿਗਮ ਨੇ ਸ਼ਹਿਰੀ ਪ੍ਰਬੰਧਨ ਅਤੇ ਸਫ਼ਾਈ ਵਿੱਚ ਸੁਧਾਰ ਕਰਨ ਦੇ ਯਤਨਾਂ ਦੇ ਹਿੱਸੇ ਵਜੋਂ ਸ਼ਹਿਰ ਦੀਆਂ ਹੱਦਾਂ ਦੇ ਅੰਦਰ ਚੱਲ ਰਹੀਆਂ ਮੀਟ ਅਤੇ ਮੱਛੀ ਦੀਆਂ ਸਾਰੀਆਂ ਦੁਕਾਨਾਂ ਨੂੰ ਬਾਹਰਲੇ ਇਲਾਕਿਆਂ ਵਿੱਚ ਨਿਰਧਾਰਤ ਥਾਵਾਂ 'ਤੇ ਤਬਦੀਲ ਕਰਨ ਦਾ ਫੈਸਲਾ ਕੀਤਾ ਹੈ। ਜਨਸੰਪਰਕ ਅਧਿਕਾਰੀ ਸੰਦੀਪ ਸ਼੍ਰੀਵਾਸਤਵ ਨੇ ਦੱਸਿਆ ਕਿ ਇਹ ਪ੍ਰਸਤਾਵ ਸਨਿਚਰਵਾਰ ਨੂੰ ਮੈਦਾਗਿਨ ਸਥਿਤ ਟਾਊਨ ਹਾਲ ਦੀ ਇਮਾਰਤ ਵਿੱਚ ਮੇਅਰ ਅਸ਼ੋਕ ਕੁਮਾਰ ਤਿਵਾਰੀ ਦੀ ਪ੍ਰਧਾਨਗੀ ਹੇਠ ਹੋਈ ਨਗਰ ਨਿਗਮ ਦੀ ਪ੍ਰਬੰਧਕੀ ਸੰਸਥਾ ਦੀ ਮੀਟਿੰਗ ਵਿੱਚ ਪਾਸ ਕੀਤਾ ਗਿਆ। ਸ਼੍ਰੀਵਾਸਤਵ ਨੇ ਕਿਹਾ ਕਿ ਸ਼ਹਿਰ ਦੇ ਵਿਕਾਸ ਦੇ ਵੱਖ-ਵੱਖ ਪਹਿਲੂਆਂ 'ਤੇ ਵਿਸਤ੍ਰਿਤ ਚਰਚਾ ਹੋਈ, ਜਿਸ ਦੌਰਾਨ ਮੈਂਬਰਾਂ ਨੇ ਮੀਟ ਅਤੇ ਮੱਛੀ ਬਾਜ਼ਾਰਾਂ ਨੂੰ ਯੋਜਨਾਬੱਧ ਤਰੀਕੇ ਨਾਲ ਸ਼ਹਿਰ ਦੇ ਬਾਹਰੀ ਇਲਾਕਿਆਂ ਵਿੱਚ ਤਬਦੀਲ ਕਰਨ ਦੀ ਯੋਜਨਾ ਦਾ ਸਮਰਥਨ ਕੀਤਾ। ਨਗਰ ਨਿਗਮ

ਕਮਿਸ਼ਨਰ ਹਿਮਾਂਸ਼ੂ ਨਾਗਪਾਲ ਨੇ ਸਦਨ ਨੂੰ ਸੂਚਿਤ ਕੀਤਾ ਕਿ ਪ੍ਰੋਜੈਕਟ ਦੇ ਪਹਿਲੇ ਪੜਾਅ ਵਿੱਚ ਪੰਜ ਸਥਾਨਾਂ ਦੀ ਪਛਾਣ ਕੀਤੀ ਗਈ ਹੈ। ਉਹਨਾਂ ਕਿਹਾ ਕਿ ਇਹ ਸਥਾਨ ਸ਼ਹਿਰ ਦੀਆਂ ਬਾਹਰੀ ਹੱਦਾਂ ਦੇ ਨੇੜੇ ਸਥਿਤ ਹਨ ਤਾਂ ਜੋ ਵਸਨੀਕਾਂ ਨੂੰ ਕੋਈ ਖੇਚਲ ਨਾ ਹੋਵੇ। ਅਧਿਕਾਰੀਆਂ ਨੇ ਦੱਸਿਆ ਕਿ ਯੋਜਨਾ ਦੇ ਤਹਿਤ, ਸ਼ਹਿਰ ਦੇ ਅੰਦਰ ਚੱਲ ਰਹੀਆਂ ਮੀਟ ਅਤੇ ਮੱਛੀ ਦੀਆਂ ਦੁਕਾਨਾਂ ਨੂੰ ਆਉਣ ਵਾਲੇ ਦਿਨਾਂ ਵਿੱਚ ਰਾਮਨਗਰ, ਸੁਜਾਬਾਦ, ਗਣੇਸ਼ਪੁਰ, ਅਵਲੇਸ਼ਪੁਰ ਅਤੇ ਸ਼ਿਵਪੁਰ ਵਿੱਚ ਤਬਦੀਲ ਕਰ ਦਿੱਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਇਸ ਕਦਮ ਦਾ ਉਦੇਸ਼ ਸਫ਼ਾਈ ਵਿਵਸਥਾ ਵਿੱਚ ਸੁਧਾਰ ਕਰਨਾ ਅਤੇ ਗਾਹਕਾਂ ਲਈ ਪਹੁੰਚ ਨੂੰ ਯਕੀਨੀ ਬਣਾਉਂਦੇ ਹੋਏ ਅਜਿਹੇ ਬਾਜ਼ਾਰਾਂ ਦੇ ਕੰਮਕਾਜ ਨੂੰ ਸੁਚਾਰੂ ਬਣਾਉਣਾ ਹੈ।

## ਦੇਸ਼ ਵਿਚ ਆਮ ਆਦਮੀ ਨੂੰ ਮਹਿੰਗਾਈ ਦਾ ਝਟਕਾ, ਮਹਿੰਗਾ ਹੋਇਆ ਘਰੇਲੂ LPG ਸਿਲੰਡਰ, ਕੀਮਤਾਂ ਵਿਚ 29 ਰੁਪਏ ਦਾ ਕੀਤਾ ਗਿਆ ਵਾਧਾ

**ਨਵੀਂ ਦਿੱਲੀ।** ਦੇਸ਼ ਵਿੱਚ ਮਹਿੰਗਾਈ ਨੇ ਆਮ ਆਦਮੀ ਦਾ ਦਮ ਘੁੱਟ ਦਿੱਤਾ ਹੈ। ਜ਼ਰੂਰੀ ਚੀਜ਼ਾਂ ਦਿਨੋਂ-ਦਿਨ ਮਹਿੰਗੀਆਂ ਹੁੰਦੀਆਂ ਜਾ ਰਹੀਆਂ ਹਨ। ਦੁੱਧ, ਪੈਟਰੋਲ, ਡੀਜ਼ਲ ਅਤੇ ਸੀਐਨਜੀ ਤੋਂ ਬਾਅਦ, ਘਰੇਲੂ ਰਸੋਈ ਗੈਸ ਸਿਲੰਡਰਾਂ ਦੀਆਂ ਕੀਮਤਾਂ ਵਿੱਚ ਵੀ ਵਾਧਾ ਕੀਤਾ ਗਿਆ ਹੈ। ਗੈਸ ਕੰਪਨੀਆਂ ਨੇ ਰਸੋਈ ਗੈਸ ਸਿਲੰਡਰਾਂ ਦੀ ਕੀਮਤ ਵਿੱਚ 29 ਰੁਪਏ ਦਾ ਵਾਧਾ ਕੀਤਾ ਹੈ, ਜਿਸ ਨਾਲ ਘਰੇਲੂ ਸਿਲੰਡਰ ਦੀ ਕੀਮਤ 942 ਰੁਪਏ ਹੋ ਗਈ ਹੈ। ਦਿੱਲੀ-ਐਨਸੀਆਰ ਵਿੱਚ, 14.2 ਕਿਲੋਗ੍ਰਾਮ ਘਰੇਲੂ ਐਲਪੀਜੀ ਸਿਲੰਡਰ ਦੀ ਕੀਮਤ ਹੁਣ 942 ਰੁਪਏ ਹੈ। 5 ਕਿਲੋਗ੍ਰਾਮ ਵਾਲੇ ਸਿਲੰਡਰ ਦੀ ਕੀਮਤ 339 ਰੁਪਏ ਹੈ। 19 ਕਿਲੋਗ੍ਰਾਮ ਵਾਲੇ ਵਪਾਰਕ ਸਿਲੰਡਰ ਦੀ ਕੀਮਤ 3,113.50 ਰੁਪਏ 'ਤੇ ਬਰਕਰਾਰ ਹੈ।ਇਹ ਤਿੰਨ

ਮਹੀਨਿਆਂ ਵਿੱਚ ਐਲਪੀਜੀ ਦੀਆਂ ਕੀਮਤਾਂ ਵਿੱਚ ਦੂਜਾ ਵਾਧਾ ਹੈ। ਇਸ ਤੋਂ ਪਹਿਲਾਂ, 7 ਮਾਰਚ ਨੂੰ, ਐਲਪੀਜੀ ਸਿਲੰਡਰ ਦੀ ਕੀਮਤ ਵਿੱਚ 60 ਰੁਪਏ ਦਾ ਵਾਧਾ ਕੀਤਾ ਗਿਆ ਸੀ। ਇਸ ਤਰ੍ਹਾਂ, ਤਿੰਨ ਮਹੀਨਿਆਂ ਦੇ ਅੰਦਰ, ਇੱਕ ਘਰੇਲੂ ਸਿਲੰਡਰ ਦੀ ਕੀਮਤ 89 ਰੁਪਏ ਮਹਿੰਗੀ ਹੋ ਗਈ ਹੈ। ਸੂਤਰਾਂ ਅਨੁਸਾਰ, ਤੇਲ ਕੰਪਨੀਆਂ ਦਾ ਕਹਿਣਾ ਹੈ ਕਿ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਊਰਜਾ ਦੀਆਂ ਵਧੀਆਂ ਕੀਮਤਾਂ ਅਤੇ ਘਰੇਲੂ ਵਿਕਰੀ 'ਤੇ ਹੋਏ ਨੁਕਸਾਨ ਕਾਰਨ ਕੀਮਤਾਂ ਵਧਾਉਣੀਆਂ ਪਈਆਂ ਹਨ।

SHAM LAL CHANDER ID no. 921760
BUILDING MAINTENANCE HANDYMAN
(CHECKATRADE)

Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਹੁਸ਼ਿਆਰਪੁਰ ਪੁਲਿਸ ਵੱਲੋਂ ਨਸ਼ਾ ਤਸਕਰਾਂ ਖਿਲਾਫ਼ ਵੱਡੀ ਕਾਰਵਾਈ

## 13 ਗ੍ਰਾਮ ਹੈਰੋਇਨ ਸਮੇਤ ਇੱਕ ਔਰਤ ਕਾਬੂ, ਪਹਿਲਾਂ ਵੀ ਦਰਜ ਹੈ ਮੁਕੱਦਮਾ

**ਹੁਸ਼ਿਆਰਪੁਰ, 7 ਜੂਨ ( ਤਰਸੇਮ ਦੀਵਾਨਾ ) –** ਸੰਦੀਪ ਮਲਿਕ ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਡਾ. ਮਨਪ੍ਰੀਤ ਸ਼ੀਹਮਾਰ, ਪੁਲਿਸ ਕਪਤਾਨ (ਤਫਤੀਸ਼) ਦੀ ਅਗਵਾਈ ਹੇਠ ਨਸ਼ਾ ਤਸਕਰਾਂ ਵਿਰੁੱਧ ਵਿੱਢੀ ਗਈ ਵਿਸ਼ੇਸ਼ ਮੁਹਿੰਮ ਤਹਿਤ ਹੁਸ਼ਿਆਰਪੁਰ ਪੁਲਿਸ ਨੂੰ ਉਸ ਵੇਲੇ ਵੱਡੀ ਸਫ਼ਲਤਾ ਮਿਲੀ, ਜਦੋਂ ਇੱਕ ਔਰਤ ਨੂੰ ਨਸ਼ੀਲੇ ਪਦਾਰਥ ਸਮੇਤ ਗ੍ਰਿਫ਼ਤਾਰ ਕੀਤਾ ਗਿਆ। ਇਹ ਕਾਰਵਾਈ ਕੁਲਭੂਸ਼ਨ ਸ਼ਰਮਾ ਉਪ ਪੁਲਿਸ ਕਪਤਾਨ (ਸਿਟੀ) ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਮਲ ਵਿੱਚ ਲਿਆਂਦੀ ਗਈ।

ਪ੍ਰਾਪਤ ਜਾਣਕਾਰੀ ਅਨੁਸਾਰ, ਥਾਣਾ ਮਾਡਲ ਟਾਊਨ ਦੇ ਮੁੱਖ ਅਫ਼ਸਰ ਐਸ.ਆਈ. ਮਦਨ ਸਿੰਘ ਦੀ ਨਿਗਰਾਨੀ ਹੇਠ 5 ਜੂਨ ਨੂੰ ਏ.ਐਸ.ਆਈ. ਰਾਮ ਮੂਰਤੀ ਸਮੇਤ ਸਾਥੀ ਕਰਮਚਾਰੀਆਂ ਵੱਲੋਂ ਇਲਾਕੇ ਵਿੱਚ ਸ਼ੱਕੀ ਪੁਰਸ਼ਾਂ/ਔਰਤਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ। ਗਸ਼ਤ ਦੌਰਾਨ ਪੁਲਿਸ ਪਾਰਟੀ ਨੇ ਸ਼ੱਕ ਦੇ ਅਧਾਰ 'ਤੇ ਇੱਕ ਔਰਤ ਨੂੰ ਕਾਬੂ ਕੀਤਾ ਅਤੇ ਉਸ ਦਾ

ਨਾਮ-ਪਤਾ ਪੁੱਛਿਆ। ਪੁੱਛਗਿੱਛ ਦੌਰਾਨ ਉਸਨੇ ਆਪਣਾ ਨਾਮ ਪ੍ਰੀਤੀ ਪਤਨੀ ਦਨਿਸ਼ ਵਾਸੀ ਮੁਹੱਲਾ ਬਲਬੀਰ ਕਲੋਨੀ, ਨੇੜੇ ਬਾਲਮੀਕ ਮੰਦਰ, ਥਾਣਾ ਮਾਡਲ ਟਾਊਨ, ਦੱਸਿਆ।

ਜਦੋਂ ਪੁਲਿਸ ਪਾਰਟੀ ਵੱਲੋਂ ਉਕਤ ਔਰਤ ਦੀ ਕਾਨੂੰਨ ਅਨੁਸਾਰ ਤਲਾਸ਼ੀ ਲਈ ਗਈ, ਤਾਂ ਉਸ ਦੇ ਕਬਜ਼ੇ ਵਿੱਚੋਂ 13 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਿਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਮੁਲਜ਼ਮ ਔਰਤ ਖਿਲਾਫ਼ ਥਾਣਾ ਮਾਡਲ ਟਾਊਨ ਵਿਖੇ *ਮੁਕੱਦਮਾ ਨੰਬਰ 80, ਅ/ਧ 22-61-85 ਐਨ.ਡੀ.ਪੀ.ਐਸ. ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਵੱਲੋਂ ਕਥਿਤ ਦੋਸ਼ੀ ਔਰਤ ਦਾ ਰਿਮਾਂਡ ਹਾਸਲ ਕਰਕੇ ਅਗਲੇਰੀ ਪੁੱਛਗਿੱਛ ਕੀਤੀ ਜਾ ਰਹੀ ਹੈ।

ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਹੈ ਕਿ ਉਕਤ ਔਰਤ ਖ਼ਿਲਾਫ਼ ਪਹਿਲਾਂ ਵੀ ਇੱਕ ਮੁਕੱਦਮਾ ਨੰਬਰ 89, ਤਹਿਤ ਥਾਣਾ ਮਾਡਲ ਟਾਊਨ ਵਿਖੇ ਹੀ ਦਰਜ ਹੈ। ਇਸ ਦੇ ਨਾਲ ਹੀ, ਇਸੇ ਮਾਮਲੇ ਨਾਲ ਸਬੰਧਿਤ ਇੱਕ ਵਿਅਕਤੀ ਸਮੀਰ ਕੁਮਾਰ ਪੁੱਤਰ ਅਨਿਲ ਕੁਮਾਰ ਵਾਸੀ ਪਿੰਡ ਹਰਦੋਖਾਨਪੁਰ ਨੂੰ ਨਸ਼ਾ ਛਡਾਊ ਕੇਂਦਰ ਵਿਖੇ ਭਰਤੀ ਕਰਵਾਇਆ ਗਿਆ ਹੈ। ਪੁਲਿਸ ਵੱਲੋਂ ਮਾਮਲੇ ਦੀ ਅਗਲੇਰੀ ਕਾਰਵਾਈ ਜਾਰੀ ਹੈ।

**ਫੋਟੋ ਅਜਮੇਰ ਦੀਵਾਨਾ**

# ਬੇਰੁਜ਼ਗਾਰ ਅਤੇ ਨਿਹੱਥਿਆਂ ਤੇ ਬੇਰਹਿਮੀ ਨਾਲ ਡਾਂਗਾਂ ਵਰਾਉਣ ਵਾਲੇ ਡੀਐਸਪੀ ਸੰਜੀਵ ਸਿੰਗਲਾ ਨੂੰ ਤੁਰੰਤ ਡਿਸਮਿਸ ਕੀਤਾ ਜਾਵੇ : ਕੁਲਵਿੰਦਰ ਸਿੰਘ ਜੰਡਾ

## ਐਸ.ਡੀ.ਐਮ. ਪਟਿਆਲਾ ਲਾਠੀਚਾਰਜ ਕਰਨ ਦੇ ਹੁਕਮਾਂ ਦੀ ਕਾਪੀ ਜਨਤਕ ਕਰਨ : ਸੱਭਿਆਚਾਰ ਸੰਭਾਲ ਸੁਸਾਇਟੀ

**ਹੁਸ਼ਿਆਰਪੁਰ 7 ਜੂਨ ( ਤਰਸੇਮ ਦੀਵਾਨਾ )** – ਰੁਜ਼ਗਾਰ ਆਪਣੇ ਹੱਕਾਂ ਦੀ ਮੰਗ ਨੂੰ ਲੈ ਕੇ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਬੇਰੁਜ਼ਗਾਰ ਅਪ੍ਰੈਂਟਿਸ ਲਾਈਨਮੈਨਾਂ 'ਤੇ ਪੰਜਾਬ ਪੁਲਿਸ ਦੇ ਡੀਐਸਪੀ ਸੰਜੀਵ ਸਿੰਗਲਾ ਅਤੇ ਉਸ ਦੀ ਫੋਰਸ ਵੱਲੋਂ ਬਹੁਤ ਹੀ ਬੇਰਹਿਮੀ ਨਾਲ ਕੀਤੇ ਗਏ ਲਾਠੀਚਾਰਜ ਦੀ ਚੌਤਰਫ਼ਾ ਨਿੰਦਾ ਹੋ ਰਹੀ ਹੈ। ਇਸ ਘਟਨਾ 'ਤੇ ਤਿੱਖਾ ਪ੍ਰਤੀਕਰਮ ਪ੍ਰਗਟ ਕਰਦਿਆਂ 'ਸੱਭਿਆਚਾਰ ਸੰਭਾਲ ਸੁਸਾਇਟੀ ਰਜਿ. '' ਅਤੇ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਕੌਮੀ ਮੀਤ ਪ੍ਰਧਾਨ ਮਾਸਟਰ ਕੁਲਵਿੰਦਰ ਸਿੰਘ ਜੰਡਾ ਨੇ ਆਖਿਆ ਕਿ ਨਿਹੱਥੇ ਅਤੇ ਪੜ੍ਹੇ-ਲਿਖੇ ਨੌਜਵਾਨਾਂ 'ਤੇ ਵਰ੍ਹਾਈਆਂ ਗਈਆਂ ਇਹ ਡਾਂਗਾਂ ਮੌਜੂਦਾ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਦੀ ਪੁੱਠੀ ਗਿਣਤੀ ਦੀ ਸ਼ੁਰੂਆਤ ਕਰ ਗਈਆਂ ਹਨ।

**ਹੁਕਮਾਂ ਦੀ ਕਾਪੀ ਜਨਤਕ ਕਰੇ ਪ੍ਰਸ਼ਾਸਨ**

ਸੁਸਾਇਟੀ ਦੇ ਪ੍ਰਧਾਨ ਕੁਲਵਿੰਦਰ ਸਿੰਘ ਜੰਡਾ ਨੇ ਮੰਗ ਕੀਤੀ ਕਿ ਐਸ.ਡੀ.ਐਮ. ਪਟਿਆਲਾ ਵੱਲੋਂ ਇਸ ਲਾਠੀਚਾਰਜ ਕਰਨ ਦੇ ਆਰਡਰਾਂ ਦੀ ਕਾਪੀ ਤੁਰੰਤ ਜਨਤਕ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਪੰਜਾਬ ਦੇ ਲੋਕਾਂ ਨੂੰ ਪਤਾ ਲੱਗ ਸਕੇ ਕਿ ਡੀਐਸਪੀ ਸੰਜੀਵ ਸਿੰਗਲਾ ਨੇ ਕਿਸ ਦੇ ਇਸ਼ਾਰੇ ਜਾਂ ਹੁਕਮਾਂ 'ਤੇ ਬੇਰੁਜ਼ਗਾਰਾਂ 'ਤੇ ਇਹ ਅੰਨ੍ਹੇਵਾਹ ਲਾਠੀਚਾਰਜ ਕੀਤਾ ਹੈ।

**ਪੁਲਿਸ ਦੀ ਕਾਰਗੁਜ਼ਾਰੀ 'ਤੇ ਖੜ੍ਹੇ ਕੀਤੇ ਸਵਾਲ**

ਕੁਲਵਿੰਦਰ ਸਿੰਘ ਜੰਡਾ ਨੇ ਪੰਜਾਬ ਪੁਲਿਸ ਦੇ ਦੋਹਰੇ ਮਾਪਦੰਡਾਂ 'ਤੇ ਸਖ਼ਤ ਸਵਾਲ ਚੁੱਕਦਿਆਂ ਕਿਹਾ ਕਿ ਕੁਝ ਦਿਨ ਪਹਿਲਾਂ ਭਾਜਪਾ ਆਗੂ ਰਵਨੀਤ ਬਿੱਟੂ ਵੱਲੋਂ ਸ਼ਰੇਆਮ ਪੁਲਿਸ ਦੇ ਗਲ ਨੂੰ ਹੱਥ ਪਾਇਆ ਗਿਆ ਸੀ ਅਤੇ ਇੱਕ ਮਹਿਲਾ ਐਸ.ਐਸ.ਪੀ. ਨੂੰ ਇੱਥੋਂ ਤੱਕ ਧਮਕਾਇਆ ਗਿਆ ਸੀ ਕਿ 'ਜੇ ਤੂੰ ਲੇਡੀ ਨਾ ਹੁੰਦੀ ਤਾਂ ਮੈਂ ਤੇਰੀ ਸਿੱਲ ਲਾ ਦੇਣੀ ਸੀ'। ਉਨ੍ਹਾਂ ਸਵਾਲ ਕੀਤਾ ਕਿ ਉਸ ਵੇਲੇ ਪੰਜਾਬ ਪੁਲਿਸ ਨੇ

ਭਾਜਪਾ ਆਗੂ 'ਤੇ ਡਾਂਗਾਂ ਕਿਉਂ ਨਹੀਂ ਵਰ੍ਹਾਈਆਂ ਅਤੇ ਕਿਉਂ ਕੋਈ ਐਫ.ਆਈ.ਆਰ. ਦਰਜ ਨਹੀਂ ਕੀਤੀ ਗਈ?

**ਕੀ ਪੰਜਾਬ ਪੁਲਿਸ ਸਿਰਫ਼ ਗ਼ਰੀਬਾਂ ਅਤੇ ਹੱਕ ਮੰਗਦੇ ਬੇਰੁਜ਼ਗਾਰਾਂ 'ਤੇ ਹੀ ਅੱਤਿਆਚਾਰ ਕਰਨ ਵਾਸਤੇ ਬਣੀ ਹੋਈ ਹੈ?**

ਬੇਰੁਜ਼ਗਾਰ ਕੋਈ ਅੱਤਵਾਦੀ ਨਹੀਂ ਉਨ੍ਹਾਂ ਕਿਹਾ ਕਿ ਸ਼ਾਂਤਮਈ ਧਰਨਾ ਦੇਣ ਵਾਲੇ ਲਾਈਨਮੈਨ ਕੋਈ ਅੱਤਵਾਦੀ ਨਹੀਂ ਸਨ ਅਤੇ ਨਾ ਹੀ ਉਹ ਕਿਸੇ ਬਾਹਰਲੇ ਮੁਲਕ ਤੋਂ ਆ ਕੇ ਪ੍ਰਦਰਸ਼ਨ ਕਰ ਰਹੇ ਸਨ। ਉਹ ਇਸੇ ਮੁਲਕ ਦੇ ਪੜ੍ਹੇ-ਲਿਖੇ ਨਾਗਰਿਕ ਹਨ, ਜੋ ਰੁਜ਼ਗਾਰ ਦੀ ਖ਼ਾਤਰ ਸੜਕਾਂ 'ਤੇ ਉਤਰਨ ਲਈ ਮਜਬੂਰ ਹੋਏ ਹਨ। ਅਜਿਹੇ ਨਿਹੱਥੇ ਨੌਜਵਾਨਾਂ 'ਤੇ ਡੀਐਸਪੀ ਸੰਜੀਵ ਸਿੰਗਲਾ ਵੱਲੋਂ ਢਾਹਿਆ ਗਿਆ ਤਸ਼ੱਦਦ ਬੇਹੱਦ ਸ਼ਰਮਨਾਕ ਅਤੇ ਅਤਿ ਨਿੰਦਣਯੋਗ ਹੈ।

**ਤੁਰੰਤ ਕਾਰਵਾਈ ਦੀ ਮੰਗ**

ਕੁਲਵਿੰਦਰ ਜੰਡਾ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਡੀਐਸਪੀ ਸੰਜੀਵ ਸਿੰਗਲਾ ਨੂੰ ਬਿਨਾਂ ਕਿਸੇ ਦੇਰੀ ਦੇ ਤੁਰੰਤ ਨੌਕਰੀ ਤੋਂ ਡਿਸਮਿਸ (ਬਰਖ਼ਾਸਤ) ਕਰਕੇ ਘਰ ਬਿਠਾਇਆ ਜਾਵੇ। ਇਸ ਦੇ ਨਾਲ ਹੀ ਇਸ ਘਿਨਾਉਣੀ ਘਟਨਾ ਵਿੱਚ ਸ਼ਾਮਲ ਬਾਕੀ ਪੁਲਿਸ ਮੁਲਾਜ਼ਮਾਂ ਅਤੇ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਵੀ ਤੁਰੰਤ ਬਣਦੀਆਂ ਧਾਰਾਵਾਂ ਤਹਿਤ ਐਫ.ਆਈ.ਆਰ. (FIR) ਦਰਜ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇ।

# ਭਾਰਤੀ ਮੂਲ ਦੇ ਕਾਮੇਡੀਅਨ ਨਿਸ਼ ਕੁਮਾਰ ਦਾ ਬਿਆਨ ਚਰਚਾ 'ਚ

## ਭਾਰਤੀ ਮੂਲ ਦੇ ਕਾਮੇਡੀਅਨ ਨਿਸ਼ ਕੁਮਾਰ ਨੇ ਘੱਟ ਗਿਣਤੀਆਂ ਦੇ ਹੱਕ 'ਚ ਚੁੱਕੀ ਆਵਾਜ਼

**ਲੈਸਟਰ (ਇੰਗਲੈਂਡ), 7 ਜੂਨ (ਸੁਖਜਿੰਦਰ ਸਿੰਘ ਢੱਡੇ)–** ਬਰਤਾਨੀਆ ਦੇ ਪ੍ਰਸਿੱਧ ਭਾਰਤੀ ਮੂਲ ਦੇ ਕਾਮੇਡੀਅਨ ਨਿਸ਼ ਕੁਮਾਰ ਦਾ ਇੱਕ ਤਾਜ਼ਾ ਬਿਆਨ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇੱਕ ਇੰਟਰਵਿਊ ਦੌਰਾਨ ਉਨ੍ਹਾਂ ਕਿਹਾ ਕਿ ਘੱਟ ਗਿਣਤੀ ਭਾਈਚਾਰਿਆਂ ਦੀ ਸੁਰੱਖਿਆ ਅਤੇ ਸਨਮਾਨ ਕਿਸੇ ਵੀ ਕਾਮੇਡੀਅਨ ਦੀ ਨਿੱਜੀ ਪਸੰਦ ਜਾਂ ਨਾਪਸੰਦ ਨਾਲੋਂ ਕਿਤੇ ਵੱਧ ਮਹੱਤਵਪੂਰਨ ਹੈ।

40 ਸਾਲਾ ਨਿਸ਼ ਕੁਮਾਰ ਨੇ ਕਿਹਾ ਕਿ ਕਾਮੇਡੀ ਦਾ ਇਸਤੇਮਾਲ ਕਿਸੇ ਕਮਜ਼ੋਰ ਜਾਂ ਘੱਟ ਗਿਣਤੀ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਲਈ ਨਹੀਂ ਹੋਣਾ ਚਾਹੀਦਾ। ਉਨ੍ਹਾਂ ਕਿਹਾ ਕਿ ਸਮਾਜ ਵਿੱਚ ਵਧ ਰਹੇ ਪੱਖਪਾਤ ਅਤੇ ਨਫ਼ਰਤ ਪ੍ਰਤੀ ਚੁੱਪ ਰਹਿਣਾ ਠੀਕ ਨਹੀਂ ਅਤੇ ਜਨਤਕ ਜੀਵਨ ਨਾਲ ਜੁੜੇ ਲੋਕਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਸ ਦੇ ਖ਼ਿਲਾਫ਼ ਆਵਾਜ਼

ਉਠਾਉਣ। ਕੇਰਲਾ ਮੂਲ ਦੇ ਪਰਿਵਾਰ ਨਾਲ ਸਬੰਧਤ ਨਿਸ਼ ਕੁਮਾਰ ਨੇ ਆਪਣੇ ਪਰਿਵਾਰ ਦੇ ਤਜਰਬਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਪਿਛਲੇ ਸਮੇਂ ਵਿੱਚ ਭਾਰਤੀ ਅਤੇ ਹੋਰ ਘੱਟ ਗਿਣਤੀ ਭਾਈਚਾਰਿਆਂ ਨੂੰ ਵੀ ਨਸਲੀ ਪੱਖਪਾਤ ਦਾ ਸਾਹਮਣਾ ਕਰਨਾ ਪਿਆ ਸੀ। ਉਨ੍ਹਾਂ ਕਿਹਾ ਕਿ ਅੱਜ ਵੀ ਸਮਾਜ ਦੇ ਕਈ ਵਰਗ ਅਜਿਹੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ ਅਤੇ ਸਾਰਿਆਂ ਨੂੰ ਇੱਕ-ਦੂਜੇ ਦਾ ਸਾਥ ਦੇਣਾ ਚਾਹੀਦਾ ਹੈ। ਨਿਸ਼ ਕੁਮਾਰ ਨੇ ਕਿਹਾ ਕਿ ਕਾਮੇਡੀ ਸਿਰਫ਼ ਹਾਸੇ-ਮਜ਼ਾਕ ਤੱਕ ਸੀਮਤ ਨਹੀਂ ਰਹੀ, ਸਗੋਂ ਇਹ ਲੋਕਾਂ ਦੀ ਸੋਚ ਅਤੇ ਸਮਾਜਿਕ ਮਾਹੌਲ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਗੱਲ ਨੈਤਿਕ ਤੌਰ 'ਤੇ ਗਲਤ ਲੱਗਦੀ ਹੈ ਤਾਂ ਉਸ ਖ਼ਿਲਾਫ਼ ਬੋਲਣਾ ਜ਼ਰੂਰੀ ਹੈ। ਨਿਸ਼ ਕੁਮਾਰ ਇਸ ਸਾਲ ਆਪਣੇ ਨਵੇਂ ਸਟੈਂਡਅਪ ਸ਼ੋਅ ''ਐਂਗਰੀ ਹਿਊਮਰ ਫਰਾਮ ਏ ਰੀਅਲੀ ਨਾਈਸ ਗਾਇ'' ਨਾਲ ਬਰਤਾਨੀਆ ਅਤੇ ਆਇਰਲੈਂਡ ਦੇ ਦੌਰੇ 'ਤੇ ਵੀ ਜਾ ਰਹੇ ਹਨ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਸਾਈਕਲਿੰਗ ਸਿਹਤਮੰਦ ਸਮਾਜ ਦੀ ਨੀਂਹ ਰੱਖਣ ਵਿੱਚ ਹੁੰਦੀ ਹੈ ਸਹਾਈ-ਅਕਸ਼ੈ ਸਾਂਗਵਾਨ

## ਫਿਟ ਬਾਈਕਰ ਕਲੱਬ ਵੱਲੋਂ ਵਰਲਡ ਬਾਈਸਾਇਕਲ ਡੇ ਨੂੰ ਸਮਰਪਿਤ ਸਾਈਕਲ ਰੈਲੀ ਕੱਢੀ ਗਈ

**ਹੁਸ਼ਿਆਰਪੁਰ, 7 ਜੂਨ ( ਤਰਸੇਮ ਦੀਵਾਨਾ )** - ਵਰਲਡ ਬਾਈਸਾਇਕਲ ਡੇ ਨੂੰ ਸਮਰਪਿਤ ਫਿੱਟ ਬਾਈਕਰ ਕਲੱਬ ਹੁਸ਼ਿਆਰਪੁਰ ਵੱਲੋਂ ਇੱਕ ਵਿਸ਼ਾਲ ਸਾਈਕਲ ਰੈਲੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸ਼ਹਿਰ ਅਤੇ ਆਸ-ਪਾਸ ਦੇ ਇਲਾਕਿਆਂ ਤੋਂ ਲੱਗਭੱਗ 300 ਸਾਈਕਲਿਸਟਾਂ ਨੇ ਉਤਸ਼ਾਹ ਨਾਲ ਭਾਗ ਲਿਆ। ਇਸ ਰੈਲੀ ਦਾ ਮਕਸਦ ਲੋਕਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ, ਵਾਤਾਵਰਣ ਦੀ ਸੰਭਾਲ ਕਰਨ ਅਤੇ ਸਾਈਕਲਿੰਗ ਨੂੰ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਲਈ ਪ੍ਰੇਰਿਤ ਕਰਨਾ ਸੀ। ਇਹ ਰੈਲੀ ਸੱਚਦੇਵਾ ਸਟਾਕਸ ਦੇ ਬੁਲਾਬੜੀ ਸਥਿਤ ਮੁੱਖ ਦਫ਼ਤਰ ਤੋਂ ਸ਼ੁਰੂ ਹੋਈ, ਜਿਸ ਨੂੰ ਸੋਨਾਲੀਕਾ ਗਰੁੱਪ ਦੇ ਡਾਇਰੈਕਟਰ ਅਕਸ਼ੈ ਸਾਂਗਵਾਨ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਰੈਲੀ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਗੁਜ਼ਰਦੀ ਹੋਈ ਮੁੜ ਸੱਚਦੇਵਾ ਸਟਾਕਸ ਦੇ ਦਫ਼ਤਰ ਵਿਖੇ ਸੰਪੰਨ ਹੋਈ। ਰੈਲੀ ਦੌਰਾਨ ਸਾਈਕਲਿਸਟਾਂ ਨੇ ਫਿਟਨੈੱਸ ਅਤੇ ਸੜਕ ਸੁਰੱਖਿਆ ਸੰਬੰਧੀ ਸੰਦੇਸ਼ ਵੀ ਦਿੱਤੇ। ਇਸ ਮੌਕੇ ਸੋਨਾਲੀਕਾ ਗਰੁੱਪ ਦੇ ਡਾਇਰੈਕਟਰ ਅਕਸ਼ੈ ਸਾਂਗਵਾਨ ਨੇ ਕਿਹਾ ਕਿ ਸਾਈਕਲਿੰਗ ਸਿਹਤਮੰਦ ਸਮਾਜ ਦੀ ਨੀਂਹ ਹੈ। ਉਨ੍ਹਾਂ ਕਿਹਾ ਕਿ ਅਜਿਹੇ ਉਪਰਾਲੇ ਲੋਕਾਂ ਨੂੰ ਤੰਦਰੁਸਤ ਰਹਿਣ ਲਈ ਪ੍ਰੇਰਿਤ ਕਰਦੇ ਹਨ ਅਤੇ ਨੌਜਵਾਨ ਪੀੜ੍ਹੀ ਵਿੱਚ ਖੇਡਾਂ ਅਤੇ ਫਿਟਨੈੱਸ ਪ੍ਰਤੀ ਰੁਚੀ ਵਧਾਉਂਦੇ ਹਨ। ਉਨ੍ਹਾਂ ਨੇ ਫਿੱਟ ਬਾਈਕਰ ਕਲੱਬ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸੋਨਾਲੀਕਾ ਗਰੁੱਪ ਹਮੇਸ਼ਾ ਸਮਾਜਿਕ ਅਤੇ ਸਿਹਤ ਸੰਬੰਧੀ ਪਹਿਲਕਦਮੀਆਂ ਨੂੰ ਸਮਰਥਨ ਦਿੰਦਾ ਹੈ ਜੋ ਬਹੁਤ ਚੰਗੀ ਗੱਲ ਹੈ। ਇਸ ਮੌਕੇ ਸਾਈਕਲਿਸਟਾਂ ਨੂੰ ਸੋਨਾਲੀਕਾ ਗਰੁੱਪ ਵੱਲੋਂ ਟੀ-ਸ਼ਰਟਾਂ ਵੰਡੀਆਂ ਗਈਆਂ, ਜਦਕਿ ਰਿਫਰੈਸ਼ਮੈਂਟ ਦਾ ਪ੍ਰਬੰਧ ਫਿੱਟ ਬਾਈਕਰ ਕਲੱਬ ਵੱਲੋਂ ਕੀਤਾ ਗਿਆ। ਇਸ ਮੌਕੇ ਫਿੱਟ ਬਾਈਕਰ ਕਲੱਬ ਦੇ ਪ੍ਰਧਾਨ ਪਰਮਜੀਤ ਸਿੰਘ ਸੱਚਦੇਵਾ ਨੇ ਕਿਹਾ ਕਿ ਸਾਈਕਲਿੰਗ ਨਾ ਸਿਰਫ਼ ਸਰੀਰਕ ਤੰਦਰੁਸਤੀ ਲਈ ਲਾਭਦਾਇਕ ਹੈ, ਸਗੋਂ ਇਹ ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਬਚਾਉਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਲੋਕਾਂ ਨੂੰ ਆਪਣੀ ਸਿਹਤ ਪ੍ਰਤੀ ਹੋਰ ਜਾਗਰੂਕ ਹੋਣ ਦੀ ਲੋੜ ਹੈ ਅਤੇ ਸਾਈਕਲਿੰਗ ਇਸ ਦਿਸ਼ਾ ਵਿੱਚ ਇੱਕ ਬਹੁਤ ਵਧੀਆ ਕਦਮ ਹੈ। ਉਨ੍ਹਾਂ ਰੈਲੀ ਵਿੱਚ ਸ਼ਾਮਲ ਹੋਏ ਸਾਰੇ ਸਾਈਕਲਿਸਟਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਕਲੱਬ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਜਾਰੀ ਰੱਖੇਗਾ। ਕਲੱਬ ਵੱਲੋਂ ਜ਼ਿਲ੍ਹਾ ਪੁਲਿਸ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ, ਜਿਸ ਦੇ ਸਹਿਯੋਗ ਨਾਲ ਰੈਲੀ ਨੂੰ ਸੁਚਾਰੂ ਅਤੇ ਸੁਰੱਖਿਅਤ ਢੰਗ ਨਾਲ ਨੇਪਰੇ ਚੜ੍ਹਾਇਆ ਗਿਆ। ਫਿੱਟ ਬਾਈਕਰ ਕਲੱਬ ਦੇ ਪ੍ਰਧਾਨ ਪਰਮਜੀਤ ਸਿੰਘ ਸੱਚਦੇਵਾ ਨੇ ਵਿਸ਼ੇਸ਼ ਤੌਰ 'ਤੇ ਐਸ.ਐਸ.ਪੀ. ਸੰਦੀਪ ਮਲਿਕ ਅਤੇ ਹੁਸ਼ਿਆਰਪੁਰ ਪੁਲਿਸ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੁਲਿਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਰੈਲੀ ਦੌਰਾਨ ਟਰੈਫਿਕ ਪ੍ਰਬੰਧ ਅਤੇ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਯਕੀਨੀ ਬਣਾਏ ਗਏ, ਜਿਸ ਕਾਰਨ ਇਹ ਰੈਲੀ ਸਫ਼ਲਤਾਪੂਰਵਕ ਸੰਪੰਨ ਹੋਈ। ਇਸ ਮੌਕੇ ਉੱਤਮ ਸਿੰਘ ਸਾਬੀ, ਮੁਨੀਰ ਨਾਜ਼ਰ, ਗੁਰਮੇਲ ਸਿੰਘ, ਦੌਲਤ ਸਿੰਘ, ਅਮਰਿੰਦਰ ਸੈਣੀ, ਸੰਜੀਵ ਸੋਹਲ, ਸਾਗਰ ਸੈਣੀ, ਓਂਕਾਰ ਸਿੰਘ, ਕਰਨ ਸ਼ਰਮਾ, ਸ਼ਿਵਾਂਜਲੀ ਸ਼ਰਮਾ, ਰੋਹਿਤ ਬਸੀ, ਗੋਬਿੰਦਰ ਬੰਟੀ, ਮਨੀ ਗੋਗੀਆ, ਤਰਲੋਚਨ ਸਿੰਘ ਅਤੇ ਹੋਰ ਪਤਵੰਤੇ ਹਾਜ਼ਰ ਸਨ।

**ਫੋਟੋ ਅਜਮੇਰ ਦੀਵਾਨਾ**

# ਬੇਰਜ਼ਗਾਰ ਲਾਈਨਮੈਨਾਂ 'ਤੇ ਡੀ ਐਸ ਪੀ ਸਿੰਗਲਾ ਵਲੋਂ ਬੇਰਹਿਮੀ ਨਾਲ ਕੀਤੇ ਲਾਠੀਚਾਰਜ ਨੇ ਪੰਜਾਬ ਦੇ ਲੋਕਾਂ ਨੂੰ ਝੰਜੋੜਿਆ : ਐਡਵੋਕੇਟ ਸੁਰਜ ਸਿੰਘ

## ਲਾਠੀਚਾਰਜ ਤੋਂ ਬਾਅਦ ਹੁਣ ਤੱਕ ਮੁੱਖ ਮੰਤਰੀ ਦੀ ਚੁੱਪ ਸ਼ੱਕ ਦੇ ਘੇਰੇ ਵਿੱਚ

**ਹੁਸ਼ਿਆਰਪੁਰ 7 ਜੂਨ ( ਤਰਸੇਮ ਦੀਵਾਨਾ )** - ਆਪਣੇ ਹੱਕਾਂ ਅਤੇ ਰੁਜ਼ਗਾਰ ਦੀ ਮੰਗ ਨੂੰ ਲੈ ਕੇ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਬੇਰੁਜ਼ਗਾਰ ਅਪ੍ਰੈਂਟਿਸ ਲਾਈਨਮੈਨਾਂ 'ਤੇ ਡੀ.ਐੱਸ.ਪੀ. ਸੰਜੀਵ ਸਿੰਗਲਾ ਅਤੇ ਉਨ੍ਹਾਂ ਦੇ ਸਾਥੀ ਪੁਲਿਸ ਮੁਲਾਜ਼ਮਾਂ ਵੱਲੋਂ ਕੀਤੀ ਗਈ ਅੰਨ੍ਹੇਵਾਹ ਕੁੱਟਮਾਰ ਦੀ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਆਈ.ਟੀ.ਆਈ. ਸੈੱਲ ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਸੁਰਜ ਸਿੰਘ ਨੇ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪੁਲਿਸ ਵੱਲੋਂ ਬੇਰੁਜ਼ਗਾਰਾਂ 'ਤੇ ਪਸ਼ੂਆਂ ਤੋਂ ਵੀ ਭੈੜੀ ਕੀਤੀ ਗਈ ਕੁੱਟਮਾਰ ਨੇ ਪੂਰੇ ਸੂਬੇ ਦੇ ਲੋਕਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ।

**ਮੁੱਖ ਮੰਤਰੀ ਭਗਵੰਤ ਮਾਨ ਨੇ ਸਾਧੀ ਚੁੱਪ**

ਐਡਵੋਕੇਟ ਸੁਰਜ ਸਿੰਘ ਨੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਤਿੱਖੇ ਨਿਸ਼ਾਨੇ ਸਾਧਦਿਆਂ ਕਿਹਾ ਕਿ ਇਸ ਦਰਦਨਾਕ ਲਾਠੀਚਾਰਜ ਦੀ ਘਟਨਾ 'ਤੇ ਮੁੱਖ ਮੰਤਰੀ ਨੇ ਪੂਰੀ ਤਰ੍ਹਾਂ ਚੁੱਪੀ ਸਾਧੀ ਹੋਈ ਹੈ। ਘਟਨਾ ਨੂੰ ਕਈ ਦਿਨ ਬੀਤ ਜਾਣ ਦੇ ਬਾਵਜੂਦ ਮੁੱਖ ਮੰਤਰੀ ਵੱਲੋਂ ਇਸ ਹਿੰਸਕ ਕਾਰਵਾਈ 'ਤੇ ਅਜੇ ਤੱਕ ਇੱਕ ਵੀ ਬਿਆਨ ਨਹੀਂ ਆਇਆ, ਜੋ ਕਿ ਬੇਹੱਦ ਸ਼ਰਮਨਾਕ ਅਤੇ ਨਿੰਦਣਯੋਗ ਹੈ। ਉਹਨਾ ਕਿਹਾ ਕਿ "ਭਾਰਤ ਇੱਕ ਲੋਕਤੰਤਰ ਦੇਸ਼ ਹੈ, ਜਿੱਥੇ ਹਰ ਨਾਗਰਿਕ ਨੂੰ ਆਪਣੇ ਹੱਕਾਂ ਲਈ ਸ਼ਾਂਤਮਈ ਧਰਨੇ-ਮੁਜ਼ਾਹਰੇ ਕਰਨ ਦਾ ਸੰਵਿਧਾਨਕ ਅਧਿਕਾਰ ਹੈ। ਉਹਨਾਂ ਕਿਹਾ ਕਿ ਪ੍ਰਦਰਸ਼ਨਕਾਰੀ ਨੌਜਵਾਨ ਕੋਈ ਬਾਹਰਲੇ ਮੁਲਕ ਤੋਂ ਨਹੀਂ ਆਏ ਸਨ ਅਤੇ ਨਾ ਹੀ ਉਹ ਕੋਈ ਅੱਤਵਾਦੀ ਸਨ।

ਉਹ ਪੜ੍ਹਾਈ ਕਰਕੇ ਸੜਕਾਂ 'ਤੇ ਧਰਨੇ ਲਾ ਕੇ ਸਿਰਫ਼ ਰੁਜ਼ਗਾਰ ਹੀ ਮੰਗ ਰਹੇ ਸਨ। ਕੀ ਸਰਕਾਰ ਕੋਲੋਂ ਰੁਜ਼ਗਾਰ ਮੰਗਣਾ ਹੀ ਕੋਈ ਗੁਨਾਹ ?

**ਪੁਲਿਸ ਦੀ ਦੋਹਰੀ ਨੀਤੀ 'ਤੇ ਚੁੱਕੇ ਸਵਾਲ**

ਡੀ.ਐੱਸ.ਪੀ. ਸਿੰਗਲਾ ਨੂੰ ਕਟਹਿਰੇ ਵਿੱਚ ਖੜ੍ਹਾ ਕਰਦਿਆਂ ਅਕਾਲੀ ਆਗੂ ਨੇ ਭਾਵੁਕ ਹੁੰਦਿਆਂ ਕਿਹਾ, "ਕਾਸ਼! ਤੇਰੇ ਆਪਣੇ ਬੱਚੇ ਵੀ ਇਸ ਧਰਨੇ ਵਿੱਚ ਬੈਠ ਕੇ ਰੁਜ਼ਗਾਰ ਮੰਗ ਰਹੇ ਹੁੰਦੇ, ਕੀ ਤੂੰ ਉਦੋਂ ਵੀ ਉਨ੍ਹਾਂ 'ਤੇ ਇਸੇ ਤਰ੍ਹਾਂ ਲਾਠੀਚਾਰਜ ਕਰਦਾ?"

ਉਨ੍ਹਾਂ ਪੁਲਿਸ ਦੀ ਦੋਹਰੀ ਨੀਤੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਭਾਜਪਾ ਆਗੂ ਰਵਨੀਤ ਬਿੱਟੂ ਵਲੋ ਬੀਤੇ ਦਿਨੀ ਪੁਲਿਸ ਵਾਲਿਆਂ ਨਾਲ ਕੀਤੀ ਗਈ ਬਦਸਲੂਕੀ ਘਟਨਾ ਦਾ ਹਵਾਲਾ ਦਿੱਤਾ। ਉਨ੍ਹਾਂ ਕਿਹਾ ਕਿ ਕੁਝ ਦਿਨ ਪਹਿਲਾਂ ਭਾਜਪਾ ਆਗੂ ਰਵਨੀਤ ਬਿੱਟੂ ਨੇ ਪੁਲਿਸ ਦੇ ਗਲ ਨੂੰ ਹੱਥ ਪਾਇਆ ਸੀ ਅਤੇ ਐੱਸ.ਐੱਸ.ਪੀ. ਨੂੰ ਸ਼ਰੇਆਮ ਧਮਕਾਉਂਦਿਆਂ ਕਿਹਾ ਸੀ ਕਿ 'ਜੇ ਤੂੰ ਲੇਡੀ ਨਾ ਹੁੰਦੀ ਤਾਂ ਮੈਂ ਤੁਹਾਡੀ ਛਿੱਲ ਲਾਹ ਕੇ ਰੱਖ ਦੇਣੀ ਸੀ'। ਐਡਵੋਕੇਟ ਸੁਰਜ ਸਿੰਘ ਨੇ ਪੁੱਛਿਆ ਕਿ ਉਦੋਂ ਪੁਲਿਸ ਦੀ ਲਾਠੀ ਕਿੱਥੇ ਗਈ ਸੀ? ਉਦੋਂ ਪੁਲਿਸ ਦੀ ਜ਼ੁਬਾਨ ਕਿਉਂ ਬੰਦ ਸੀ? ਜੇ ਪੁਲਿਸ ਵਿੱਚ ਹਿੰਮਤ ਸੀ ਤਾਂ ਬਿੱਟੂ ਦੇ ਸਾਹਮਣੇ ਕਿਉਂ ਨਹੀਂ ਬੋਲੇ ਅਤੇ ਉਸ 'ਤੇ ਡੰਡਾ ਕਿਉਂ ਨਹੀਂ ਫੇਰਿਆ?

**ਗਰੀਬਾਂ 'ਤੇ ਵਰਦੀ ਦਾ ਰੋਅਬ**

ਉਨ੍ਹਾਂ ਕਿਹਾ ਕਿ ਪੁਲਿਸ ਪ੍ਰਸ਼ਾਸਨ ਸਿਰਫ਼ ਗਰੀਬ ਅਤੇ ਬੇਸਹਾਰਾ ਬੇਰੁਜ਼ਗਾਰ ਨੌਜਵਾਨਾਂ 'ਤੇ ਹੀ ਆਪਣੀ ਵਰਦੀ ਅਤੇ ਸਟਾਰਾਂ ਦਾ ਰੋਅਬ ਪਾ ਸਕਦਾ ਹੈ, ਜਦਕਿ ਸਿਆਸੀ ਆਗੂਆਂ ਸਾਹਮਣੇ ਇਹ ਬੇਵੱਸ ਹੋ ਜਾਂਦੇ ਹਨ। ਸ਼੍ਰੋਮਣੀ ਅਕਾਲੀ ਦਲ ਬਾਦਲ ਬੇਰੁਜ਼ਗਾਰ ਨੌਜਵਾਨਾਂ ਦੇ ਨਾਲ ਚਟਾਨ ਵਾਂਗ ਖੜ੍ਹਾ ਹੈ ਅਤੇ ਸਰਕਾਰ ਤੇ ਪੁਲਿਸ ਦੀ ਇਸ ਧੱਕੇਸ਼ਾਹੀ ਖ਼ਿਲਾਫ਼ ਆਵਾਜ਼ ਬੁਲੰਦ ਕਰਦਾ ਰਹੇਗਾ।

# ਯੂਰਪੀਅਨ ਸਿੱਖ ਕੌਂਸਲ ਜਰਮਨੀ ਵੱਲੋਂ ਲੋਕ ਭਲਾਈ ਹਿੱਤ ਪਾਣੀ ਦੇ ਬੋਰ ਦਾ ਕੰਮ ਸ਼ੁਰੂ ਕਰਵਾਇਆ

**ਜਲੰਧਰ/ਮਹਿਤਪੁਰ, ਜੂਨ (ਹਰਜਿੰਦਰ ਸਿੰਘ ਚੰਦੀ)-** ਲੋਕ ਭਲਾਈ ਦੇ ਕਾਰਜਾਂ ਵਿੱਚ ਹਮੇਸ਼ਾ ਮੋਹਰੀ ਰਹਿਣ ਵਾਲੀ ਸੰਸਥਾ 'ਯੂਰਪੀਅਨ ਸਿੱਖ ਕੌਂਸਲ ਬਾਬਾ ਬੰਦਾ ਸਿੰਘ ਬਹਾਦਰ ਐਨ.ਜੀ.ਓ.' (ਯੂ) ਜਰਮਨੀ ਵੱਲੋਂ ਮਾਨਵਤਾ ਦੀ ਸੇਵਾ ਕਰਦਿਆਂ ਇੱਕ ਹੋਰ ਸ਼ਲਾਘਾਯੋਗ ਕਦਮ ਚੁੱਕਿਆ ਗਿਆ ਹੈ। ਸੰਸਥਾ ਵੱਲੋਂ ਲੋੜਵੰਦ ਇਲਾਕੇ ਵਿੱਚ ਪੀਣ ਵਾਲੇ ਸਾਫ਼ ਪਾਣੀ ਦੀ ਸਹੂਲਤ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਨਵੇਂ ਪਾਣੀ ਦੇ ਬੋਰ ਦਾ ਕੰਮ ਸ਼ੁਰੂ ਕਰਵਾਇਆ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਮੁੱਖ ਸੇਵਾਦਾਰਾਂ ਨੇ ਦੱਸਿਆ ਕਿ ਇਹ ਪ੍ਰੋਜੈਕਟ ਸੰਸਥਾ ਦੇ ਸੰਸਥਾਪਕ ਜਸਵੀਰ ਸਿੰਘ (ਜਰਮਨੀ) ਦੀ ਯੋਗ ਅਗਵਾਈ ਅਤੇ ਪ੍ਰੇਰਣਾ ਸਦਕਾ ਸ਼ੁਰੂ ਕੀਤਾ ਗਿਆ ਹੈ, ਤਾਂ ਜੋ

ਪਾਣੀ ਦੀ ਕਿੱਲਤ ਨਾਲ ਜੂਝ ਰਹੇ ਲੋਕਾਂ ਨੂੰ ਰਾਹਤ ਮਿਲ ਸਕੇ।ਪਾਣੀ ਦੇ ਬੋਰ ਦਾ ਕੰਮ ਸ਼ੁਰੂ ਕਰਵਾਉਣ ਮੌਕੇ ਮੌਜੂਦ ਪੰਜਾਬ ਪ੍ਰਧਾਨ ਕਰਮਜੀਤ ਸਿੰਘ ਸੰਗੋਵਾਲ ਨੇ ਕਿਹਾ ਕਿ ਸੰਸਥਾ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਸਮਾਜ ਭਲਾਈ ਦੇ ਕੰਮਾਂ ਵਿੱਚ ਆਪਣਾ ਯੋਗਦਾਨ ਪਾਉਂਦੀ ਰਹੇਗੀ। ਇਸ ਮੌਕੇ ਉਨ੍ਹਾਂ ਦੇ ਨਾਲ ਪ੍ਰਮੁੱਖ ਸਹਿਯੋਗੀ ਗੁਰਨਾਮ ਸਿੰਘ ਫੌਜੀ, ਹਰਮੀਤ ਸਿੰਘ, ਪਿੰਦਰ ਅਤੇ ਇਲਾਕੇ ਦੇ ਹੋਰ ਪਤਵੰਤੇ ਸੱਜਣ ਤੇ ਸਾਥੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ, ਜਿਨ੍ਹਾਂ ਨੇ ਸੰਸਥਾ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।

# ਵਿਸ਼ਵ ਸਾਈਕਲ ਦਿਵਸ ਮੌਕੇ ਜੀਬੀਪੀ ਸੋਸਾਇਟੀਜ਼ ਵਿੱਚ ਵਿਸ਼ਾਲ ਸਾਈਕਲ ਰੈਲੀ

**ਡੇਰਾਬੱਸੀ, 7 ਜੂਨ (ਸੰਜੀਵ ਸਿੰਘ ਸੈਣੀ)** ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨ ਅਤੇ ਵਾਤਾਵਰਣ ਸੁਰੱਖਿਆ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਦੇ ਉਦੇਸ਼ ਨਾਲ ਜੀਬੀਪੀ ਸੋਸਾਇਟੀਜ਼ ਵਿੱਚ ਵਿਸ਼ਵ ਸਾਈਕਲ ਦਿਵਸ ਮੌਕੇ ਇੱਕ ਵਿਸ਼ਾਲ ਸਾਈਕਲ ਰੈਲੀ ਦਾ ਆਯੋਜਨ ਕੀਤਾ ਗਿਆ। ਇਸ ਰੈਲੀ ਵਿੱਚ ਬੱਚਿਆਂ, ਨੌਜਵਾਨਾਂ, ਮਹਿਲਾਵਾਂ ਅਤੇ ਸੀਨੀਅਰ ਨਾਗਰਿਕਾਂ ਨੇ ਭਾਰੀ ਉਤਸ਼ਾਹ ਨਾਲ ਭਾਗ ਲੈਂਦਿਆਂ "ਸਿਹਤਮੰਦ ਰਹੋ, ਵਾਤਾਵਰਣ ਬਚਾਓ - ਸਾਈਕਲ ਅਪਣਾਓ" ਅਤੇ "ਸਾਈਕਲ ਚਲਾਓ, ਵਾਤਾਵਰਣ ਬਚਾਓ" ਦੇ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਇਆ।

ਰੈਲੀ ਸਵੇਰੇ 5:30 ਵਜੇ ਰੋਜ਼ਵੁੱਡ ਅਸਟੇਟ ਸਥਿਤ ਆਰਡਬਲਯੂਏ ਦਫ਼ਤਰ ਤੋਂ ਸ਼ੁਰੂ ਹੋਈ ਅਤੇ ਰੋਜ਼ਵੁੱਡ-2, ਈਕੋ ਗ੍ਰੀਨ-1, ਈਕੋ ਗ੍ਰੀਨ-2, ਸੁਪੀਰੀਆ, ਰੋਜ਼ ਵੈਲੀ ਰਿਵਰਸਾਈਡ, ਰਾਮ ਤਰਲਾਈ ਮੰਦਰ ਬੱਸ ਸਟੈਂਡ ਅਤੇ ਜੈਨ ਸਕੂਲ ਦੇ ਰਸਤੇ ਤੋਂ ਹੁੰਦੀ ਹੋਈ ਸਵੇਰੇ 6:15 ਵਜੇ ਮੁੜ ਰੋਜ਼ਵੁੱਡ ਅਸਟੇਟ ਵਿਖੇ ਸਮਾਪਤ ਹੋਈ। ਜੈਨ ਸਕੂਲ ਵਿੱਚ ਭਾਗੀਦਾਰਾਂ ਲਈ ਰਿਫਰੈਸ਼ਮੈਂਟ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ।

ਰੈਲੀ ਵਿੱਚ ਵਿਸ਼ੇਸ਼ ਤੌਰ ਤੇ ਬੀਜੇਪੀ ਮੰਡਲ ਪ੍ਰਧਾਨ ਪਵਨ ਕੁਮਾਰ ਪੰਮਾ ਵੀ ਹਾਜ਼ਰ ਰਹੇ ਲ ਪ੍ਰਬੰਧਕਾਂ ਨੇ ਦੱਸਿਆ ਕਿ ਇਹ ਰੈਲੀ ਫਿੱਟ ਇੰਡੀਆ ਮਿਸ਼ਨ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਅਤੇ ਸਾਫ਼-ਸੁਥਰੇ ਵਾਤਾਵਰਣ ਲਈ ਸਮੂਹਿਕ ਯਤਨਾਂ ਨੂੰ ਪ੍ਰੋਤਸਾਹਿਤ ਕਰਨ ਲਈ ਕਰਵਾਈ ਗਈ ਹੈ। ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਅਜਿਹੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕਰਨ ਤਾਂ ਜੋ ਉਹ ਛੋਟੀ ਉਮਰ ਤੋਂ ਹੀ ਸਿਹਤਮੰਦ ਅਤੇ ਵਾਤਾਵਰਣ-ਪੱਖੀ ਆਦਤਾਂ ਅਪਣਾ ਸਕਣ।

ਰੈਲੀ ਵਿੱਚ ਸ਼ਾਮਲ ਭਾਗੀਦਾਰਾਂ ਨੇ ਕਿਹਾ ਕਿ ਸਾਈਕਲ ਚਲਾਉਣਾ ਨਾ ਸਿਰਫ਼ ਸਰੀਰ ਨੂੰ ਤੰਦਰੁਸਤ ਰੱਖਣ ਦਾ ਸੌਖਾ ਅਤੇ ਪ੍ਰਭਾਵਸ਼ਾਲੀ ਸਾਧਨ ਹੈ।

# ਸ਼ਹੀਦ ਕਾਮਰੇਡ ਅਮੋਲਕ ਸਿੰਘ ਔਲਖ ਅਤੇ ਸਾਥੀਆਂ ਵੱਲੋਂ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਖਾਤਿਰ ਦਿੱਤੀ ਗਈ ਸ਼ਹਾਦਤ ਅਜਾਈਂ ਨਹੀਂ ਜਾਵੇਗੀ - ਅਰਸ਼ੀ

## 35ਵੀਂ ਬਰਸੀ ਮੌਕੇ ਪਿੰਡ ਔਲਖ ਵਿਖੇ ਸ਼ਹੀਦਾਂ ਦੀ ਯਾਦ ਵਿੱਚ ਲਾਲ ਝੰਡਾ ਲਹਿਰਾਇਆ

**ਪੰਜਗਰਾਈਂ ਕਲਾਂ, 7 ਜੂਨ ( ਸ਼ਿਵਨਾਥ)** ਅੱਜ ਇੱਥੋਂ ਥੋੜ੍ਹੀ ਦੂਰ ਪਿੰਡ ਔਲਖ ਵਿਖੇ ਸ਼ਹੀਦ ਕਾਮਰੇਡ ਅਮੋਲਕ ਸਿੰਘ ਔਲਖ ਤੇ ਉਹਨਾਂ ਦੇ ਛੇ ਸਾਥੀਆਂ ਦੀ 35 ਵੀ ਬਰਸੀ ਮੌਕੇ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਸ਼ਹੀਦ ਕਾਮਰੇਡ ਅਮੋਲਕ ਸਿੰਘ ਦੀ ਯਾਦਗਾਰ ਵਿਖੇ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਬਜ਼ੁਰਗ ਸਾਥੀ ਸੁਖਦਰਸ਼ਨ ਰਾਮ ਸ਼ਰਮਾ ਅਤੇ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਅਰਸ਼ੀ ਵੱਲੋਂ ਕੀਤੀ ਗਈ। ਕਾਮਰੇਡ ਹਰਦੇਵ ਅਰਸ਼ੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸ਼ਹੀਦ ਕਾਮਰੇਡ ਅਮੋਲਕ ਸਿੰਘ ਔਲਖ ਤੇ ਉਹਨਾਂ ਦੇ ਛੇ ਸਾਥੀਆਂ ਵੱਲੋਂ 7 ਜੂਨ 1991 ਨੂੰ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਖਾਤਿਰ ਦਿੱਤੀ ਗਈ ਸ਼ਹਾਦਤ ਅਜਾਈਂ ਨਹੀਂ ਜਾਵੇਗੀ। ਉਹਨਾਂ ਅੱਗੇ ਕਿਹਾ ਕਿ ਮੌਜੂਦਾ ਦੌਰ ਵਿੱਚ ਇਹਨਾਂ ਕੁਰਬਾਨੀਆਂ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ ਜਦੋਂ ਸਾਡੇ ਮੁਲਕ ਦੀ ਸਿਆਸਤ ਧਰਮ ਨਿਰਪੱਖਤਾ ਦੇ ਸਿਧਾਂਤ ਤੋਂ ਬੁਰੀ ਤਰਾਂ ਭਟਕ ਗਈ ਹੋਵੇ।

ਇਸ ਮੌਕੇ ਤੇ ਪਾਰਟੀ ਦੇ ਜ਼ਿਲ੍ਹਾ ਕਾਰਜਕਾਰੀ ਸਕੱਤਰ ਪ੍ਰੇਮ ਚਾਵਲਾ, ਵਿੱਤ ਸਕੱਤਰ ਗੁਰਚਰਨ ਸਿੰਘ ਮਾਨ, ਗੁਰਨਾਮ ਸਿੰਘ ਮਾਨੀ ਸਿੰਘ ਵਾਲਾ ਜ਼ਿਲ੍ਹਾ ਪ੍ਰਧਾਨ ਪੰਜਾਬ ਖੇਤ ਮਜ਼ਦੂਰ ਸਭਾ, ਗੁਰਦੀਪ ਸਿੰਘ ਦੀਪ ਸਿੰਘ ਵਾਲਾ, ਨਰੇਗਾ ਰੁਜ਼ਗਾਰ ਪ੍ਰਾਪਤੀ ਮਜ਼ਦੂਰ ਯੂਨੀਅਨ ਦੇ ਆਗੂ ਵੀਰ ਸਿੰਘ ਕੰਮੇਆਣਾ, ਗੋਰਾ ਪਿਪਲੀ, ਬਲਕਾਰ ਸਿੰਘ ਸਹੋਤਾ, ਰੇਸ਼ਮ ਸਿੰਘ ਜਟਾਣਾ, ਸੁਖਜਿੰਦਰ ਸਿੰਘ ਤੂੰਬੜਭੰਨ, ਜਤਿੰਦਰ ਸਿੰਘ ਜੰਡਵਾਲਾ, ਪਾਵਰ ਕਾਮ ਪੈਨਸ਼ਨਰ ਆਗੂ ਹਰਪਾਲ ਸਿੰਘ ਮਚਾਕੀ ਇੰਦਰਜੀਤ ਸਿੰਘ ਗਿੱਲ , ਕਾਮਰੇਡ ਕੇਵਲ ਕ੍ਰਿਸ਼ਨ ਰੋਮਾਣਾ ਸਪੁੱਤਰ ਕਾਮਰੇਡ ਸਾਧੂ ਰਾਮ ਰੋਮਾਣਾ ਅਤੇ ਗਿਆਨ ਚੰਦ ਸ਼ਰਮਾ, ਜਗਤਾਰ ਸਿੰਘ ਭਾਣਾ ਸਾਬਕਾ ਸਰਪੰਚ, ਨੌਜਵਾਨ ਆਗੂ ਚਰਨਜੀਤ ਸਿੰਘ ਚਮੇਲੀ , ਕਾਮਰੇਡ ਗੁਰਮੀਤ ਸਿੰਘ ਵਾਂਦਰ ਤਹਿਸੀਲ ਸਕਤੱਰ ਬਾਘਾ ਪੁਰਾਣਾ ਅਤੇ ਸਥਾਨਕ ਬ੍ਰਾਂਚ ਦੇ ਆਗੂ ਕਾਮਰੇਡ ਬੋਹੜ ਸਿੰਘ ਔਲਖ, ਜਸਵੰਤ ਸਿੰਘ ਨਿੱਕਾ ਔਲਖ, ਸ਼ਿਵ ਕੁਮਾਰ ਸ਼ਰਮਾ, ਬੂਟਾ ਸਿੰਘ ਉਰਫ ਡੀ ਸੀ, ਗੁਰਚਰਨ ਸਿੰਘ, , ਕੁਲਵੰਤ ਸਿੰਘ, ਮੁਖਤਿਆਰ ਸਿੰਘ ਭਾਣਾ, ਨਾਇਬ ਸਿੰਘ ਘਣੀਏ ਵਾਲਾ , ਸੁਖਮੰਦਰ ਸਿੰਘ, ਜਲੌਰ ਸਿੰਘ, ਪੱਪੀ ਸਿੰਘ ਰਾਜੋਵਾਲਾ ਅਤੇ ਅੰਗਰੇਜ਼ ਕੌਰ ਅਰਾਈਆਂ ਵਾਲਾ ਕਲਾਂ ਨੇ ਵੀ ਨਾਹਰਿਆਂ ਦੀ ਗੂੰਜ ਵਿੱਚ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਖਾਤਿਰ ਸ਼ਹਾਦਤ ਦਾ ਜਾਮ ਪੀਣ ਵਾਲੇ ਸਮੂਹ ਸੱਤ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਜ਼ਿਕਰਯੋਗ ਹੈ ਕਿ ਅੱਜ ਦਾ ਬਰਸੀ ਸਮਾਗਮ ਬੀਤੀ ਰਾਤ ਪਾਰਟੀ ਦੀ ਸਥਾਨਕ ਬ੍ਰਾਂਚ ਦੇ ਮੈਂਬਰ ਬਲਕਰਨ ਸਿੰਘ ਖਾਲਸਾ ਦੇ ਅਚਾਨਕ ਸਦੀਵੀ ਵਿਛੋੜਾ ਦੇ ਜਾਣ ਕਾਰਨ ਮੁਲਤਵੀ ਕਰਨਾ ਪੈ ਗਿਆ ਸੀ। ਇਸ ਮੌਕੇ ਤੇ ਹਾਜ਼ਰ ਭਾਰਤੀ ਕਮਿਊਨਿਸਟ ਪਾਰਟੀ ਦੇ ਸਮੂਹ ਸੂਬਾਈ ਆਗੂ, ਜ਼ਿਲ੍ਹਾ ਪੱਧਰੀ ਆਗੂਆਂ ਅਤੇ ਸਥਾਨਕ ਬ੍ਰਾਂਚ ਦੇ ਸਮੂਹ ਆਗੂਆਂ ਨੇ ਮ੍ਰਿਤਕ ਬਲਕਰਨ ਸਿੰਘ ਦੇ ਘਰ ਜਾਕੇ ਸਮੂਹ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਉਪਰੰਤ ਸਮਹ ਜਥੇਬੰਦੀਆਂ ਦੇ ਆਗੂਆਂ ਨੇ ਇੱਕ ਮੀਟਿੰਗ ਕਰਕੇ ਨਿਰਣਾ ਲਿਆ ਕਿ ਸਾਉਣੀ ਦੇ ਸੀਜ਼ਨ ਕਾਰਨ ਮਜ਼ਦੂਰਾਂ ਦੇ ਰੁਝੇਵਿਆਂ ਨੂੰ ਮੁੱਖ ਰੱਖਦੇ ਹੋਏ 35ਵੀ ਬਰਸੀ ਇੱਕ ਜ਼ਿਲ੍ਹਾ ਪੱਧਰੀ ਚੇਤਨਾ ਕਨਵੈਂਨਸ਼ਨ ਦੇ ਰੂਪ ਵਿੱਚ 19 ਜੁਲਾਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪਿੰਡ ਔਲਖ ਵਿਖੇ ਮਨਾਈ ਜਾਵੇਗੀ।

# ਬ੍ਰੈਗਜ਼ਿਟ ਕਾਰਨ ਬਰਤਾਨੀਆ ਨੂੰ ਹਰ ਸਾਲ ਹੋ ਰਿਹਾ 30 ਅਰਬ ਪੌਂਡ ਤੱਕ ਦਾ ਨੁਕਸਾਨ : ਡੇਵਿਡ ਮਿਲੀਬੈਂਡ

**ਲੈਸਟਰ (ਇੰਗਲੈਂਡ), 7 ਜੂਨ (ਸੁਖਜਿੰਦਰ ਸਿੰਘ ਢੱਡੇ)-** ਬਰਤਾਨੀਆ ਦੇ ਸਾਬਕਾ ਵਿਦੇਸ਼ ਮੰਤਰੀ ਡੇਵਿਡ ਮਿਲੀਬੈਂਡ ਨੇ ਦਾਅਵਾ ਕੀਤਾ ਹੈ ਕਿ ਬ੍ਰੈਗਜ਼ਿਟ ਕਾਰਨ ਦੇਸ਼ ਨੂੰ ਹਰ ਸਾਲ 15 ਤੋਂ 30 ਅਰਬ ਪੌਂਡ ਤੱਕ ਦਾ ਆਰਥਿਕ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਯੂਰਪੀ ਯੂਨੀਅਨ ਤੋਂ ਬਾਹਰ ਹੋਣ ਦਾ ਪ੍ਰਭਾਵ ਦੇਸ਼ ਉੱਤੇ ਹਰ ਰੋਜ਼ ਲੱਗਣ ਵਾਲੇ ਇੱਕ "ਭਾਰੀ ਟੈਕਸ" ਵਾਂਗ ਹੈ।

ਐਂਥਨੀ ਸੈਲਡਨ ਦੀ ਨਵੀਂ ਕਿਤਾਬ ਦਿ ਬ੍ਰੈਗਜ਼ਿਟ ਇਫੈਕਟ ਵਿੱਚ ਲਿਖੇ ਆਪਣੇ ਲੇਖ ਵਿੱਚ ਮਿਲੀਬੈਂਡ ਨੇ ਕਿਹਾ ਕਿ ਬ੍ਰੈਗਜ਼ਿਟ ਨੇ ਬਰਤਾਨੀਆ ਅਤੇ ਯੂਰਪ ਦਰਮਿਆਨ ਸਹਿਯੋਗ ਨੂੰ ਨੁਕਸਾਨ ਪਹੁੰਚਾਇਆ ਹੈ ਅਤੇ ਹੁਣ ਲੇਬਰ ਸਰਕਾਰ ਨੂੰ ਯੂਰਪੀ ਯੂਨੀਅਨ ਨਾਲ ਨੇੜਲੇ ਸਬੰਧ ਮੁੜ ਬਣਾਉਣ ਲਈ ਨਵੀਂ ਰਾਜਨੀਤਿਕ ਪਹਿਲ ਕਰਨੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਅਰਥਚਾਰੇ ਦੇ ਅੰਦਾਜ਼ਿਆਂ ਮੁਤਾਬਕ ਯੂਰਪੀ ਕਸਟਮ ਯੂਨੀਅਨ ਤੋਂ ਬਾਹਰ ਰਹਿਣ ਕਾਰਨ ਬਰਤਾਨੀਆ ਦੀ ਜੀਡੀਪੀ ਵਿੱਚ 0.5 ਤੋਂ 1 ਫ਼ੀਸਦੀ ਤੱਕ ਦੀ ਕਮੀ ਆਈ ਹੈ, ਜਿਸ ਦਾ ਅਰਥ ਹਰ ਸਾਲ 15 ਤੋਂ 30 ਅਰਬ ਪੌਂਡ ਦਾ ਨੁਕਸਾਨ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਬਰਤਾਨੀਆ ਨੇ ਯੂਰਪ ਨਾਲ ਆਪਣੇ ਰਿਸ਼ਤੇ ਮਜ਼ਬੂਤ ਕਰਨ ਲਈ ਜਲਦ ਕਦਮ ਨਾ ਚੁੱਕੇ ਤਾਂ ਇਸ ਦੀ ਕੀਮਤ ਹੋਰ ਵੱਧ ਚੁਕਾਉਣੀ ਪੈ ਸਕਦੀ ਹੈ।ਮਿਲੀਬੈਂਡ ਨੇ ਕਿਹਾ ਕਿ ਵਧ ਰਹੀ ਵਿਸ਼ਵ ਅਸਥਿਰਤਾ ਦੇ ਮਾਹੌਲ ਵਿੱਚ ਬਰਤਾਨੀਆ ਲਈ ਯੂਰਪੀ ਦੇਸ਼ਾਂ ਨਾਲ ਮਜ਼ਬੂਤ ਸਹਿਯੋਗ ਪਹਿਲਾਂ ਨਾਲੋਂ ਵੱਧ ਮਹੱਤਵਪੂਰਨ ਹੋ ਗਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਬ੍ਰੈਗਜ਼ਿਟ ਨਾਲ ਪਰਵਾਸ ਦੀ ਸਮੱਸਿਆ ਦਾ ਹੱਲ ਵੀ ਨਹੀਂ ਨਿਕਲਿਆ। ਇਸੇ ਦੌਰਾਨ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਵੀ ਯੂਰਪ ਨਾਲ ਨੇੜਲੇ ਸਬੰਧਾਂ ਦੀ ਹਮਾਇਤ ਕਰ ਚੁੱਕੇ ਹਨ। ਉਨ੍ਹਾਂ ਕਿਹਾ ਹੈ ਕਿ ਬ੍ਰੈਗਜ਼ਿਟ ਨੇ ਨੌਜਵਾਨਾਂ ਦੇ ਮੌਕਿਆਂ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਸਰਕਾਰ ਇਸ ਰੁਕਾਵਟ ਨੂੰ ਦੂਰ ਕਰਨ ਲਈ ਕੰਮ ਕਰੇਗੀ।

for more news visit:
www.samajweekly.com

# ਸ਼ਹੀਦ ਭਗਤ ਸਿੰਘ ਲੀਜੈਡ ਬੰਗਾ ਬਲਾਕ ਫੁੱਟਬਾਲ ਕਲੱਬ ਨੇ ਨਵੀਂ ਪੀੜੀ ਨੂੰ ਗਰਾਉਂਡਾਂ ਨਾਲ਼ ਜੋੜਨ ਲਈ ਫੁੱਟਬਾਲ ਮੈਚ ਕਰਵਾਇਆ

**ਅਸੀਂ ਰੱਲ ਮਿਲ ਕੇ ਪਿੰਡ ਪਿੰਡ ਫੁੱਟਬਾਲ ਮੈਚ ਕਰਵਾ ਕੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰੱਖਦੇ ਹੋਏ ਖੇਡਾਂ ਨਾਲ਼ ਜੋੜ ਕੇ ਆਪਣੇ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਵਾਂਗੇ: ਤਰਸੇਮ ਲਾਲ**

**ਨਵਾਂ ਸ਼ਹਿਰ 07 ਜੂਨ ( ਚਰਨਜੀਤ ਸੱਲ੍ਹਾ )** ਅੱਜ ਸਰਬਜੀਤ ਮੰਗੂਵਾਲ ਫੁੱਟਬਾਲ ਕੋਚ ਦੀ ਅਗਵਾਈ ਵਿੱਚ ਸੰਤ ਬਾਬਾ ਸੇਵਾ ਸਿੰਘ ਖੇਡ ਸਟੇਡੀਅਮ ਨੌਰਾ ਵਿਖੇ ਸਰਪੰਚ ਦਿਲਬਾਗ ਸਿੰਘ,ਫੁੱਟਬਾਲ ਕੋਚ ਜਸਵੀਰ ਲਾਲ ਅਤੇ ਫੁੱਟਬਾਲ ਕੋਚ ਭੌਰਾ ਪ੍ਰਵੀਨ ਕੁਮਾਰ ਏ ਐਸ ਆਈ ਦੇ ਸਹਿਯੋਗ ਨਾਲ ਸ਼ਹੀਦ ਭਗਤ ਸਿੰਘ ਲੀਜੈਡਸ ਬੰਗਾ ਬਲਾਕ ਫੁੱਟਬਾਲ ਕਲੱਬ ਵੱਲੋਂ ਦੋ ਰੋਮਾਂਚਕ ਫੁੱਟਬਾਲ ਮੈਚ ਕਰਵਾ ਕੇ ਨਵੀ ਪੀੜੀ ਨੂੰ ਖੇਡਾ ਵੱਲ ਪ੍ਰੇਰਿਤ ਕੀਤਾ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਨੇਸ਼ਨਲ ਫੁੱਟਬਾਲਰ ਗਿਆਨ ਚੰਦ ਪਾਠਕ ਅਤੇ ਤਰਸੇਮ ਲਾਲ ਜ਼ਿਲਾ ਮਾਸ ਮੀਡੀਆ ਅਫ਼ਸਰ ਨੇ ਦੱਸਿਆ ਕਿ ਅੰਡਰ 14 ਵਿੱਚ ਨੌਰਾ ਅਤੇ ਭੌਰਾ ਦਾ ਬਹੁਤ ਹੀ ਰੋਮਾਚਿਕ ਫੱਸਵਾ ਫੁੱਟਬਾਲ ਮੈਚ ਹੋਇਆ।ਜਿਸ ਦੇ ਪਹਿਲੇ ਹਾਫ ਵਿੱਚ ਹਰਜੋਤ ਸਿੰਘ ਵਲੋਂ ਡਿਫੈਸ ਨੂੰ ਬੀਟ ਕਰਦਿਆਂ ਬਹੁਤ ਹੀ ਵਧੀਆਂ ਗੋਲ ਕੀਤਾ ਗਿਆ ਅਤੇ ਦੂਜੇ ਹਾਫ ਵਿੱਚ ਰੋਹਨ ਕੁਮਾਰ ਵਲੋਂ ਟੀਮ ਦੇ ਸਹਿਯੋਗ ਨਾਲ ਬਹੁਤ ਹੀ ਵਧੀਆਂ ਗੋਲ ਕੀਤਾ ਗਿਆ। ਇਸ ਤਰ੍ਹਾਂ ਅੰਡਰ 14 ਨੌਰਾ ਫੁੱਟਬਾਲ ਕਲੱਬ ਨੇ 2-0 ਤੇ ਮੈਚ ਜਿੱਤ ਲਿਆ। ਦੁਸਰਾ ਮੈਚ ਸ਼ਹੀਦ ਭਗਤ ਸਿੰਘ ਲੀਜੈਡਸ ਬੰਗਾ ਬਲਾਕ ਫੁੱਟਬਾਲ ਕਲੱਬ ਅਤੇ ਅੰਡਰ 17 ਨੌਰਾ ਫੁੱਟਬਾਲ ਕਲੱਬ ਵਿਚਕਾਰ ਕਰਵਾਇਆ ਗਿਆ। ਜਿਸ ਵਿੱਚ ਬੰਗਾ ਬਲਾਕ ਫੁੱਟਬਾਲ ਕਲੱਬ ਦੇ ਸਰਬਜੀਤ ਸਿੰਘ, ਭਿੰਦਾ ਜੀਂਦੋਵਾਲ,ਗੁਰਦੀਪ ਭੱਟੀ, ਤਰਸੇਮ ਲਾਲ, ਜਸਵੀਰ ਲਾਲ ਨੌਰਾ ਫੁੱਟਬਾਲ ਕੋਚ , ਗੁਰਨਾਮ ਸਿੰਘ ਫੁੱਟਬਾਲ ਕੋਚ,ਲਾਡੀ ਮਾਹਲ ਗਹਿਲਾਂ ਨੇ ਬਾਲ ਬਣਾਉਂਦਿਆਂ ਬਹੁਤ ਹੀ

ਵਧੀਆਂ ਪਾਸਿੰਗ ਕੀਤੀ ਜਿਸ ਦੀ ਬਦੌਲਤ ਪਹਿਲਾਂ ਗੋਲ ਤਰਸੇਮ ਲਾਲ ਤੇ ਜਸਵੀਰ ਲਾਲ ਦੇ ਦੋ ਟੱਚ ਤੋਂ ਬਾਅਦ ਤੀਜੇ ਟੱਚ ਤੇ ਅਵਤਾਰ ਸਿੰਘ ਫੌਜੀ ਸਾਹਿਬ ਵਲੋਂ ਡਿਫੈਂਸ ਨੂੰ ਬੀਟ ਕਰਦਿਆਂ ਬਹੁਤ ਹੀ ਵਧੀਆਂ ਗੋਲ ਕੀਤਾ ਗਿਆ। ਉਸ ਤੋਂ ਬਾਅਦ ਫਿਰ ਅਟੈਕ ਕਰਦਿਆਂ ਇੱਕ ਬਾਲ ਜਸਵੀਰ ਲਾਲ ਨੌਰਾ ਕੋਚ ਵਲੋਂ ਅਤੇ ਇੱਕ ਬਾਲ ਲਾਡੀ ਮਾਹਲ ਗਹਿਲਾਂ ਵਲੋਂ ਮਿਣ ਕੇ ਕਰੌਸ ਕੀਤਾ ਗਿਆ ਜਿਸ ਤੇ ਤਰਸੇਮ ਲਾਲ ਵਲੋਂ ਬਹੁਤ ਹੀ ਵਧੀਆਂ ਹੈਡਿੰਗ ਕਰਦਿਆਂ 2 ਗੋਲ ਕੀਤੇ ਗਏ। ਇਸੇ ਤਰ੍ਹਾਂ ਇੱਕ ਗੋਲ ਸਰਬਜੀਤ ਮੰਗੂਵਾਲ ਫੁੱਟਬਾਲ ਕੋਚ ਵਲੋਂ ਗੋਲ ਕੀਪਰ ਨੂੰ ਭਲੇਖਾ ਪਾਉਂਦਿਆਂ ਐਗਲ ਵਿਚ ਕੀਤਾਂ ਗਿਆ ਅਤੇ ਇੱਕ ਗੋਲ ਲਾਡੀ ਅਤੇ ਇੱਕ ਗੋਲ ਜਸਵੀਰ ਲਾਲ ਫੁੱਟਬਾਲ ਕੋਚ ਵਲੋਂ ਕੀਤਾਂ ਗਿਆ।

ਦੂਸਰੇ ਹਾਫ ਵਿਚ ਅੰਡਰ 17 ਨੌਰਾ ਫੁੱਟਬਾਲ ਟੀਮ ਵਲੋਂ ਅਣਥ ਖਾਂਦਿਆਂ ਅਤੇ ਬਾਲ ਬਣਾਉਂਦਿਆਂ ਅਰਜਨ , ਅਰਮਾਨ, ਹਰਜੋਤ, ਅਮਿਤ,ਜੋਤਾ, ਹਰਨੂਰ,ਜਿਗਰ, ਸ਼ਰਨਪ੍ਰੀਤ,ਬਿਲੇ ਵਲੋਂ ਬਹੁਤ ਹੀ ਵਧੀਆਂ ਪਾਸਿੰਗ ਕੀਤੀ ਜਿਸ ਦੀ ਬਦੌਲਤ 1 ਗੋਲ ਹਰਜੋਤ ਸਿੰਘ ਮਿਲਖਾ,1 ਗੋਲ ਅਰਜਨ,1 ਗੋਲ ਪ੍ਰਭਜੋਤ ਨੇ ਬਹੁਤ ਹੀ ਵਧੀਆਂ ਸ਼ੂਟਿੰਗ ਕਰਦਿਆਂ ਕੀਤੇ ।

ਇਸ ਤਰ੍ਹਾਂ ਇਹ ਮੈਚ 6-3 ਤੇ 40+ ਸ਼ਹੀਦ ਭਗਤ ਸਿੰਘ ਨਗਰ ਲੀਜੈਡਸ ਬੰਗਾ ਬਲਾਕ ਵਲੋਂ ਜਿੱਤ ਲਿਆ ਗਿਆ। ਜਿਸ ਨੂੰ ਦੇਖ ਕੇ ਨਵੇਂ ਖਿਡਾਰੀਆਂ ਵਿੱਚ ਫੁੱਟਬਾਲ ਖੇਡਣ ਦੀ ਚਾਹਤ ਪੈਦਾ ਹੋਈ।

ਇਸ ਮੌਕੇ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਵਿੱਚ ਖਾਸਾ ਉਤਸ਼ਾਹ ਵੇਖਣ ਨੂੰ ਮਿਲਿਆ।

ਸਰਬਜੀਤ ਸਿੰਘ ਨੇ ਦੱਸਿਆ ਕਿ ਮੈਚ ਵਿੱਚ ਕਲੱਬ ਦੇ ਖਿਡਾਰੀਆਂ ਨੇ ਖੇਡ ਭਾਵਨਾ ਨਾਲ ਸ਼ਾਨਦਾਰ ਪ੍ਰਦਰਸ਼ਨ ਕੀਤਾ। ਖਿਡਾਰੀਆਂ ਨੇ ਆਪਣੀ ਕਾਬਲੀਅਤ, ਟੀਮ ਵਰਕ ਅਤੇ ਅਨੁਸ਼ਾਸਨ ਦਾ ਵਧੀਆ ਨਮੂਨਾ ਪੇਸ਼ ਕੀਤਾ। ਮੈਚ ਦੌਰਾਨ ਦਰਸ਼ਕਾਂ ਨੇ ਵੀ ਖੂਬ ਰੁਚੀ ਦਿਖਾਈ ਅਤੇ ਖਿਡਾਰੀਆਂ ਦਾ ਹੌਸਲਾ ਵਧਾਇਆ।

ਇਸ ਮੌਕੇ ਜਸਵੀਰ ਲਾਲ ਫੁੱਟਬਾਲ ਕੋਚ ਨੇ ਕਿਹਾ ਕਿ ਖੇਡਾਂ ਰਾਹੀਂ ਅਸੀਂ ਨੌਜਵਾਨਾਂ ਨੂੰ ਸਿਹਤਮੰਦ ਜੀਵਨਸ਼ੈਲੀ ਵੱਲ ਪ੍ਰੇਰਿਤ ਕਰ ਸਕਦੇ ਹਾਂ। ਜਿਸ ਲਈ ਸਾਡੀ ਲਗਾਤਾਰ ਕੋਸ਼ੀਸ਼ ਜਾਰੀ ਹੈ।

ਤਰਸੇਮ ਲਾਲ ਨੇ ਕਿਹਾ ਕਿ ਅੱਜ ਵੱਖ ਵੱਖ ਪਿੰਡਾਂ ਵਿੱਚ ਫੁੱਟਬਾਲ ਖੇਡਣ ਲਈ ਪ੍ਰੇਰਿਤ ਕਰਨ ਦੀ ਲੜੀ ਤਹਿਤ ਨੌਰਾ ਪਿੰਡ ਸਲੈਕਟ ਕੀਤਾ ਗਿਆ। ਉਹਨਾਂ ਨੇ ਕਿਹਾ ਕਿ ਨਵੀਂ ਪੀੜ੍ਹੀ ਮੋਬਾਈਲ ਫੋਨ ਤੇ ਗੇਮਾਂ ਨਾ ਖੇਡਦੇ ਹੋਏ ਗਰਾਉਡਾ ਨਾਲ ਜੁੜੇ ਇਹੋ ਸਾਡੀ ਕਲੱਬ ਦੀ ਕੋਸ਼ੀਸ਼ ਹੈ। ਇਸ ਨਾਲ਼ ਅਸੀ ਸ਼ਹੀਦਾਂ ਦੇ ਲਏ ਹੋਏ ਸੁਪਨਿਆਂ ਨੂੰ ਸਾਕਾਰ ਕਰਦਿਆਂ ਆਪਣੇ ਦੇਸ਼ ਦੀ ਤਰੱਕੀ ਵਿੱਚ ਹਿੱਸਾ ਪਾ ਸਕਦੇ ਹਾਂ।

**ਜਾਰੀ ਕਰਤਾ:**
**ਸ਼ਹੀਦ ਭਗਤ ਸਿੰਘ ਲੀਜੈਡਸ ਬੰਗਾ ਬਲਾਕ ਫੁੱਟਬਾਲ ਕਲੱਬ।**

# ਚੰਡੀਗੜ੍ਹ ਤੋਂ ਸਸਤੀ ਸ਼ਰਾਬ ਲਿਆ ਕੇ ਵੇਚਣ ਵਾਲਾ ਕਾਬੂ

**ਨਵਾਂਸ਼ਹਿਰ /ਕਾਠਗੜ੍ਹ, 7 ਜੂਨ (ਜਤਿੰਦਰਪਾਲ ਸਿੰਘ ਕਲੇਰ)** : ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸੀਨੀਅਰ ਕਪਤਾਨ ਪੁਲਿਸ (ਐੱਸ.ਐੱਸ.ਪੀ.) ਤੁਸ਼ਾਰ ਗੁਪਤਾ ਵੱਲੋਂ ਨਸ਼ਾ ਤਸਕਰਾਂ ਅਤੇ ਗ਼ੈਰ-ਕਾਨੂੰਨੀ ਧੰਦੇ ਕਰਨ ਵਾਲਿਆਂ ਖ਼ਿਲਾਫ਼ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਥਾਣਾ ਕਾਠਗੜ੍ਹ ਪੁਲਿਸ ਨੂੰ ਉਸ ਵੇਲੇ ਇੱਕ ਵੱਡੀ ਸਫ਼ਲਤਾ ਮਿਲੀ ਜਦੋਂ ਪੁਲਿਸ ਨੇ ਮੁਖ਼ਬਰ ਖ਼ਾਸ ਦੀ ਇਤਲਾਹ 'ਤੇ ਚੰਡੀਗੜ੍ਹ ਤੋਂ ਸਸਤੀ ਸ਼ਰਾਬ ਲਿਆ ਕੇ ਇਲਾਕੇ ਵਿੱਚ ਸਪਲਾਈ ਕਰਨ ਵਾਲੇ ਇੱਕ ਵਿਅਕਤੀ ਨੂੰ ਸ਼ਰਾਬ ਸਮੇਤ ਕਾਬੂ ਕਰ ਲਿਆ।

ਮਿਲੀ ਜਾਣਕਾਰੀ ਅਨੁਸਾਰ ਹੈੱਡ ਕਾਂਸਟੇਬਲ ਗੌਰਵ ਸਿੰਘ ਸਮੇਤ ਪੁਲਿਸ ਪਾਰਟੀ ਇਲਾਕਾ ਥਾਣਾ ਕਾਠਗੜ੍ਹ ਵਿਖੇ ਗਸ਼ਤ ਦੇ ਸਬੰਧ ਵਿੱਚ ਰਵਾਨਾ ਸਨ। ਜਦੋਂ ਪੁਲਿਸ ਪਾਰਟੀ ਗਸ਼ਤ ਕਰ ਰਹੀ ਸੀ ਤਾਂ ਮੁਖ਼ਬਰ ਖ਼ਾਸ ਨੇ ਹੈੱਡ ਕਾਂਸਟੇਬਲ ਗੌਰਵ ਸਿੰਘ ਨੂੰ ਸੂਚਨਾ ਦਿੱਤੀ ਕਿ

ਮਹਿੰਦਰ ਪੁੱਤਰ ਪੂਰਨ, ਵਾਸੀ ਰਾਮਗੜ੍ਹ ਪਨਿਆਲੀ, ਥਾਣਾ ਕਾਠਗੜ੍ਹ, ਜੋ ਕਿ ਬਾਹਰੋਂ ਯੂ.ਟੀ. ਚੰਡੀਗੜ੍ਹ ਤੋਂ ਸਸਤੇ ਭਾਅ ਦੀ ਸ਼ਰਾਬ ਲਿਆ ਕੇ ਇੱਥੇ ਮਹਿੰਗੇ ਮੁੱਲ 'ਤੇ ਵੇਚਣ ਦਾ ਨਾਜਾਇਜ਼ ਧੰਦਾ ਕਰਦਾ ਹੈ। ਮੁਖ਼ਬਰ ਨੇ ਪੁਲਿਸ ਨੂੰ ਪੱਕੀ ਇਤਲਾਹ ਦਿੱਤੀ ਕਿ ਉਕਤ ਮੁਲਜ਼ਮ ਅੱਜ ਵੀ ਚੰਡੀਗੜ੍ਹ ਮਾਰਕਾ ਨਾਜਾਇਜ਼ ਸ਼ਰਾਬ ਲੈ ਕੇ ਪਨਿਆਲੀ ਮੰਡ ਨੂੰ ਜਾਣ ਵਾਲੀ ਸੜਕ 'ਤੇ ਖੜ੍ਹਾ ਹੈ ਅਤੇ ਉੱਥੇ ਗਾਹਕਾਂ ਦੀ ਉਡੀਕ ਕਰ ਰਿਹਾ ਹੈ।

ਪੁਲਿਸ ਪਾਰਟੀ ਨੇ ਮੌਕੇ 'ਤੇ ਛਾਪੇਮਾਰੀ ਕਰਕੇ ਮਹਿੰਦਰ ਪੁੱਤਰ ਪੂਰਨ ਵਾਸੀ ਰਾਮਗੜ੍ਹ ਪਨਿਆਲੀ ਨੂੰ 24 ਨਾਜਾਇਜ਼ ਸ਼ਰਾਬ ਸਣੇ ਕਾਬੂ ਕਰ ਲਿਆ। ਮੁਲਜ਼ਮ ਦੇ ਖ਼ਿਲਾਫ਼ ਥਾਣਾ ਕਾਠਗੜ੍ਹ ਵਿਖੇ ਐਕਸਾਈਜ਼ ਐਕਟ ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ ਹੈ।

# ਐਲ.ਡੀ.ਏ. ਕੰਪਨੀਆਂ ਦੀਆਂ ਦਮਨਕਾਰੀ ਨੀਤੀਆਂ ਦਾ ਢੁਕਵਾਂ ਜਵਾਬ ਦੇਵਾਂਗਾ – ਗੌਰਵ ਖਰਬੰਦਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਕੱਲ੍ਹ, ਹੋਟਲ ਪਾਮ ਕੋਰਟ ਵਿਖੇ ਲੁਧਿਆਣਾ ਡਿਸਟ੍ਰੀਬਿਊਟਰ ਐਸੋਸੀਏਸ਼ਨ ਅਤੇ ਪੰਜਾਬ ਡਿਸਟ੍ਰੀਬਿਊਟਰ ਐਸੋਸੀਏਸ਼ਨ ਵਿਚਕਾਰ ਇੱਕ ਇਤਿਹਾਸਕ ਗਠਜੋੜ ਬਣਾਇਆ ਗਿਆ। ਫਿਰੋਜ਼ਪੁਰ ਦੇ ਪੰਜਾਬ ਡਿਸਟ੍ਰੀਬਿਊਟਰ ਐਸੋਸੀਏਸ਼ਨ ਦੇ ਪ੍ਰਧਾਨ ਐਨ.ਆਰ.ਅਗਰਵਾਲ, ਆਪਣੇ ਸਾਥੀਆਂ ਚਰਨਜੀਤ ਸਿੰਘ ਲਾਲੀ, ਵਿਵੇਕ ਛਿੱਬਰ, ਰੋਹਿਤ ਪ੍ਰਭਾਕਰ ਅਤੇ ਦਿਨੇਸ਼ ਗੋਇਲ ਦੇ ਨਾਲ, ਮੀਟਿੰਗ ਵਿੱਚ ਸ਼ਾਮਲ ਹੋਏ, ਜਿਸਦੀ ਪ੍ਰਧਾਨਗੀ ਲੁਧਿਆਣਾ ਡਿਸਟ੍ਰੀਬਿਊਟਰ ਐਸੋਸੀਏਸ਼ਨ ਦੇ ਪ੍ਰਧਾਨ ਅਸ਼ੋਕ ਧੀਰ ਅਤੇ ਪ੍ਰਧਾਨ ਗੌਰਵ ਖਰਬੰਦਾ ਨੇ ਕੀਤੀ। ਮੀਟਿੰਗ ਦੀ ਸ਼ੁਰੂਆਤ ਰਾਸ਼ਟਰੀ ਗੀਤ ਨਾਲ ਹੋਈ। ਦੋਵਾਂ ਸੰਗਠਨਾਂ ਦੇ ਅਧਿਕਾਰੀਆਂ ਦੁਆਰਾ ਲਿਖਤੀ ਫੈਸਲੇ ਤੋਂ ਬਾਅਦ, ਗਠਜੋੜ ਦਾ ਐਲਾਨ ਕੀਤਾ ਗਿਆ। ਪੰਜਾਬ ਡਿਸਟ੍ਰੀਬਿਊਟਰ ਐਸੋਸੀਏਸ਼ਨ ਦੇ ਪ੍ਰਧਾਨ ਐਨ.ਆਰ.ਅਗਰਵਾਲ ਅਤੇ ਲੁਧਿਆਣਾ ਡਿਸਟ੍ਰੀਬਿਊਟਰ ਐਸੋਸੀਏਸ਼ਨ ਦੇ ਪ੍ਰਧਾਨ ਗੌਰਵ ਖਰਬੰਦਾ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਡਿਸਟ੍ਰੀਬਿਊਟਰਾਂ ਦੇ ਲੰਬਿਤ ਮੁੱਦਿਆਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਜਲੰਧਰ ਦੇ ਸ਼੍ਰੀ ਵਿਵੇਕ ਛਿੱਬਰ ਨੇ ਮੈਂਬਰਾਂ ਨੂੰ ਚੇਤਾਵਨੀ ਦਿੱਤੀ ਕਿ ਆਉਣ

ਵਾਲੇ ਸਮੇਂ ਵਿੱਚ ਔਨਲਾਈਨ ਵਪਾਰ, ਈ-ਕਾਮਰਸ ਅਤੇ ਘਰ-ਘਰ ਡਿਲੀਵਰੀ ਵਿੱਚ ਸ਼ਾਮਲ ਕੰਪਨੀਆਂ ਵਧੇਰੇ ਸਰਗਰਮ ਹੋ ਜਾਣਗੀਆਂ, ਜੋ ਸਥਾਨਕ ਵਿਤਰਕਾਂ ਲਈ ਬਹੁਤ ਨੁਕਸਾਨਦੇਹ ਸਾਬਤ ਹੋ ਰਹੀਆਂ ਹਨ। ਵਿਵੇਕ ਛਿੱਬਰ ਨੇ ਵਿਤਰਕਾਂ ਨੂੰ ਕੰਪਨੀਆਂ ਦੀਆਂ ਸ਼ੋਸ਼ਣਕਾਰੀ ਨੀਤੀਆਂ ਅੱਗੇ ਨਾ ਝੁਕਣ ਲਈ ਉਤਸ਼ਾਹਿਤ ਕੀਤਾ ਅਤੇ ਉਨ੍ਹਾਂ ਨੂੰ ਇਹ ਯਕੀਨੀ ਬਣਾਉਣ ਲਈ ਆਪਣੀ ਆਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ ਕਿ ਉਨ੍ਹਾਂ ਦੇ ਵੰਡ ਮੁਨਾਫ਼ੇ ਵਿੱਚ ਕਮੀ ਨਾ ਆਵੇ। ਜਲੰਧਰ ਦੇ ਚਰਨਜੀਤ ਸਿੰਘ ਲਾਲੀ ਨੇ ਦੋਵਾਂ ਸੰਗਠਨਾਂ ਵਿਚਕਾਰ ਗੱਠਜੋੜ ਨੂੰ ਇਤਿਹਾਸਕ ਦੱਸਿਆ ਅਤੇ ਕਿਹਾ ਕਿ ਇਹ ਫੈਸਲਾ ਦੋਵਾਂ ਸੰਗਠਨਾਂ ਨੂੰ ਮਜ਼ਬੂਤ ਕਰੇਗਾ। ਲੁਧਿਆਣਾ ਡਿਸਟ੍ਰੀਬਿਊਟਰਜ਼ ਐਸੋਸੀਏਸ਼ਨ ਦੇ ਪ੍ਰਧਾਨ ਅਸ਼ੋਕ ਧੀਰ ਨੇ ਕਿਹਾ ਕਿ ਵੰਡ ਨੈੱਟਵਰਕ ਨੂੰ ਸੰਗਠਿਤ ਕਰਨਾ ਜ਼ਰੂਰੀ ਹੈ, ਕਿਉਂਕਿ ਭਵਿੱਖ ਵਿੱਚ ਵਿਤਰਕਾਂ ਨੂੰ ਹੋਰ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਲੁਧਿਆਣਾ ਡਿਸਟ੍ਰੀਬਿਊਟਰਜ਼ ਐਸੋਸੀਏਸ਼ਨ ਦੇ ਜਨਰਲ ਸਕੱਤਰ ਜਸਪਾਲ ਸਿੰਘ ਖਾਲਸਾ ਨੇ ਸੈਸ਼ਨ ਦਾ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਲਨ ਕੀਤਾ। ਮੀਟਿੰਗ ਦੇ ਅੰਤ ਵਿੱਚ, ਪ੍ਰਸਿੱਧ ਗਾਇਕ ਵਿਜੇ ਮਿੱਤਰਾ ਅਤੇ ਗੌਰਵ ਨਈਅਰ ਨੇ ਸੁੰਦਰ ਗੀਤਾਂ ਨਾਲ ਮੈਂਬਰਾਂ ਨੂੰ ਮੰਤਰਮੁਗਧ ਕੀਤਾ। ਸ਼ਿਵ ਗਰਗ, ਅਮਰਜੀਤ ਸਿੰਘ, ਗਗਨ ਪਾਹਵਾ, ਨਵੀਨ ਭਨੋਟ, ਨਿਤਿਨ ਬਾਂਸਲ, ਅੰਕੁਰ ਚੋਪੜਾ, ਵਿਪਨ ਮਲਹੋਤਰਾ, ਨਲਿਨ ਸਲੂਜਾ, ਸਮਰਦੀਪ ਸਿੰਘ ਅਤੇ ਸਤਬੀਰ ਸਿੰਘ ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਅੰਤ ਵਿੱਚ, ਅਸ਼ੋਕ ਧੀਰ ਅਤੇ ਗੌਰਵ ਖਰਬੰਦਾ ਨੇ ਮੈਂਬਰਾਂ ਨੂੰ ਦੱਸਿਆ ਕਿ ਲੁਧਿਆਣਾ ਡਿਸਟ੍ਰੀਬਿਊਟਰ ਐਸੋਸੀਏਸ਼ਨ ਦੀ ਅਗਲੀ ਮੀਟਿੰਗ ਹਿਮਾਚਲ ਪ੍ਰਦੇਸ਼ ਵਿੱਚ ਹੋਵੇਗੀ।

# ਵਿਸ਼ਵ ਵਾਤਾਵਰਣ ਦਿਵਸ ਮੌਕੇ ਸ਼੍ਰੀ ਕ੍ਰਿਸ਼ਨਾ ਯੂਥ ਕਲੱਬ ਨੇ ਘਾਹ ਮੰਡੀ ਵਿਖੇ ਚਲਾਇਆ ਜਾਗਰੂਕਤਾ ਅਭਿਆਨ

**ਨਵਾਂਸ਼ਹਿਰ, 5 ਜੂਨ(ਜਤਿੰਦਰ ਪਾਲ ਸਿੰਘ ਕਲੇਰ )** ਵਿਸ਼ਵ ਵਾਤਾਵਰਣ ਦਿਵਸ ਦੇ ਮੌਕੇ 'ਤੇ ਸ਼੍ਰੀ ਕ੍ਰਿਸ਼ਨਾ ਯੂਥ ਕਲੱਬ, ਨਵਾਂਸ਼ਹਿਰ (ਰਜਿ.) ਵੱਲੋਂ ਘਾਹ ਮੰਡੀ ਖੇਤਰ ਵਿੱਚ ਵਾਤਾਵਰਣ ਸੰਭਾਲ, ਸਫ਼ਾਈ ਅਤੇ ਜਲਵਾਯੂ ਪਰਿਵਰਤਨ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਦੇ ਉਦੇਸ਼ ਨਾਲ ਇੱਕ ਵਿਸ਼ੇਸ਼ ਜਨ-ਜਾਗਰੂਕਤਾ ਅਭਿਆਨ ਆਯੋਜਿਤ ਕੀਤਾ ਗਿਆ। ਇਹ ਅਭਿਆਨ ਭਾਰਤ ਸਰਕਾਰ ਦੇ ਯੁਵਾ ਕਾਰਜਕ੍ਰਮ ਅਤੇ ਖੇਡ ਮੰਤਰਾਲੇ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਮੇਰਾ ਯੁਵਾ ਭਾਰਤ, ਐੱਸ.ਬੀ.ਐੱਸ. ਨਗਰ ਦੇ ਸਹਿਯੋਗ ਨਾਲ ਕਲੱਬ ਮੈਂਬਰ ਕੁਲਵਿੰਦਰ ਸਿੰਘ ਦੀ ਅਗਵਾਈ ਹੇਠ ਸੰਪੰਨ ਹੋਇਆ, ਜਿਸ ਵਿੱਚ ਕਲੱਬ ਮੈਂਬਰਾਂ, ਸਮਾਜ ਸੇਵਕਾਂ ਅਤੇ ਸਥਾਨਕ ਨਾਗਰਿਕਾਂ ਨੇ ਭਾਗ ਲੈ ਕੇ ਵਾਤਾਵਰਣ ਸੰਭਾਲ ਦਾ ਸੰਦੇਸ਼ ਲੋਕਾਂ ਤੱਕ ਪਹੁੰਚਾਇਆ। ਅਭਿਆਨ ਦੌਰਾਨ ਲੋਕਾਂ ਨੂੰ ਵਿਸ਼ਵ ਵਾਤਾਵਰਣ ਦਿਵਸ ਦੇ ਮਹੱਤਵ, ਵਾਤਾਵਰਣ ਨਾਲ ਜੁੜੀਆਂ ਚੁਣੌਤੀਆਂ ਅਤੇ ਉਨ੍ਹਾਂ ਦੇ ਹੱਲਾਂ ਬਾਰੇ ਜਾਣਕਾਰੀ ਦਿੱਤੀ ਗਈ। ਕਲੱਬ ਮੈਂਬਰਾਂ ਨੇ ਵਾਤਾਵਰਣ ਸੰਬੰਧੀ ਸੰਦੇਸ਼ਾਂ ਵਾਲੇ ਪੋਸਟਰਾਂ ਰਾਹੀਂ ਲੋਕਾਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ, ਪਲਾਸਟਿਕ ਦੀ ਵਰਤੋਂ ਘਟਾਉਣ, ਪਾਣੀ ਦੀ ਸੰਭਾਲ ਕਰਨ ਅਤੇ ਸਫ਼ਾਈ ਬਣਾਈ ਰੱਖਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਵਿਸ਼ਵ ਵਾਤਾਵਰਣ ਦਿਵਸ ਦੀ ਥੀਮ "ਕੁਦਰਤ ਤੋਂ ਪ੍ਰੇਰਿਤ। ਜਲਵਾਯੂ ਲਈ। ਸਾਡੇ ਭਵਿੱਖ ਲਈ" ਨੂੰ ਕੇਂਦਰ ਵਿੱਚ ਰੱਖਦਿਆਂ ਲੋਕਾਂ ਨੂੰ ਦੱਸਿਆ ਗਿਆ ਕਿ ਕੁਦਰਤ ਦੀ ਰੱਖਿਆ ਸਿਰਫ਼ ਵਾਤਾਵਰਣ ਦੀ ਸੁਰੱਖਿਆ ਤੱਕ ਸੀਮਿਤ

ਨਹੀਂ ਹੈ, ਸਗੋਂ ਇਹ ਆਉਣ ਵਾਲੀਆਂ ਪੀੜ੍ਹੀਆਂ ਦੇ ਸੁਰੱਖਿਅਤ ਭਵਿੱਖ ਅਤੇ ਦੇਸ਼ ਦੇ ਟਿਕਾਊ ਵਿਕਾਸ ਨਾਲ ਵੀ ਜੁੜੀ ਹੋਈ ਹੈ। ਜਲਵਾਯੂ ਪਰਿਵਰਤਨ, ਪ੍ਰਦੂਸ਼ਣ ਅਤੇ ਕੁਦਰਤੀ ਸਰੋਤਾਂ ਦੇ ਅੰਧਾਧੁੰਦ ਦੋਹਣ ਨਾਲ ਨਜਿੱਠਣ ਲਈ ਸਮਾਜ ਦੇ ਹਰ ਵਰਗ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਹੋਵੇਗੀ। ਕੁਲਵਿੰਦਰ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪਰਿਕਲਪਿਤ "ਵਿਕਸਿਤ ਭਾਰਤ 2047" ਦਾ ਸੁਪਨਾ ਤਦ ਹੀ ਸਾਕਾਰ ਹੋ ਸਕਦਾ ਹੈ ਜਦੋਂ ਵਿਕਾਸ ਅਤੇ ਵਾਤਾਵਰਣ ਸੰਭਾਲ ਇਕੱਠੇ ਅੱਗੇ ਵਧਣ। ਇੱਕ ਸਾਫ਼-ਸੁਥਰਾ, ਹਰਿਆ-ਭਰਿਆ ਅਤੇ ਸਿਹਤਮੰਦ ਵਾਤਾਵਰਣ ਹੀ ਵਿਕਸਿਤ ਭਾਰਤ ਦੀ ਮਜ਼ਬੂਤ ਨੀਂਹ ਬਣ ਸਕਦਾ ਹੈ। ਉਨ੍ਹਾਂ ਕਿਹਾ ਕਿ ਵਾਤਾਵਰਣ ਦੀ ਰੱਖਿਆ ਸਿਰਫ਼ ਸਰਕਾਰ ਜਾਂ ਕਿਸੇ ਸੰਸਥਾ ਦੀ ਜ਼ਿੰਮੇਵਾਰੀ ਨਹੀਂ, ਸਗੋਂ ਹਰ ਨਾਗਰਿਕ ਦਾ ਫ਼ਰਜ਼ ਹੈ। ਜੇਕਰ ਹਰ ਵਿਅਕਤੀ ਆਪਣੇ ਜੀਵਨ ਵਿੱਚ ਛੋਟੇ-ਛੋਟੇ ਸਕਾਰਾਤਮਕ ਬਦਲਾਅ ਲਿਆਵੇ ਤਾਂ ਦੇਸ਼ ਨੂੰ ਹਰਿਆ-ਭਰਿਆ, ਸਾਫ਼ ਅਤੇ ਟਿਕਾਊ ਵਿਕਾਸ ਵੱਲ ਲੈ ਜਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਵਿਕਸਿਤ ਭਾਰਤ ਦਾ ਨਿਰਮਾਣ ਸਿਰਫ਼ ਆਧੁਨਿਕ ਬੁਨਿਆਦੀ ਢਾਂਚੇ, ਤਕਨੀਕੀ ਤਰੱਕੀ ਅਤੇ ਆਰਥਿਕ ਵਿਕਾਸ ਨਾਲ ਨਹੀਂ ਹੋਵੇਗਾ, ਸਗੋਂ ਕੁਦਰਤੀ ਸਰੋਤਾਂ ਦੀ ਸੰਭਾਲ, ਸਾਫ਼ ਵਾਤਾਵਰਣ ਅਤੇ ਵਾਤਾਵਰਣਕ ਸੰਤੁਲਨ ਬਣਾਈ ਰੱਖਣ ਨਾਲ ਵੀ ਹੋਵੇਗਾ। ਇਸ ਲਈ ਨੌਜਵਾਨਾਂ ਨੂੰ ਵਾਤਾਵਰਣ ਸੰਭਾਲ ਦੇ ਅਭਿਆਨਾਂ ਨਾਲ ਜੁੜ ਕੇ ਰਾਸ਼ਟਰ ਨਿਰਮਾਣ ਵਿੱਚ ਆਪਣੀ ਸਰਗਰਮ ਭੂਮਿਕਾ ਨਿਭਾਉਣੀ ਚਾਹੀਦੀ ਹੈ। ਸ਼੍ਰੀ ਕ੍ਰਿਸ਼ਨਾ ਯੂਥ ਕਲੱਬ ਪਿਛਲੇ ਕਈ ਸਾਲਾਂ ਤੋਂ ਵਾਤਾਵਰਣ ਸੰਭਾਲ ਦੇ ਖੇਤਰ ਵਿੱਚ ਮਹੱਤਵਪੂਰਨ ਕੰਮ ਕਰ ਰਿਹਾ ਹੈ। ਕਲੱਬ ਵੱਲੋਂ ਰੁੱਖ ਲਗਾਉਣ ਮੁਹਿੰਮਾਂ, ਵਾਤਾਵਰਣ ਜਾਗਰੂਕਤਾ ਅਭਿਆਨਾਂ, ਸਫ਼ਾਈ ਮੁਹਿੰਮਾਂ ਅਤੇ ਪਲਾਸਟਿਕ ਮੁਕਤ ਸਮਾਜ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਕਲੱਬ ਦਾ ਉਦੇਸ਼ ਵੱਧ ਤੋਂ ਵੱਧ ਲੋਕਾਂ ਨੂੰ ਵਾਤਾਵਰਣ ਸੰਭਾਲ ਨਾਲ ਜੋੜ ਕੇ ਇਸਨੂੰ ਜਨ ਅੰਦੋਲਨ ਦਾ ਰੂਪ ਦੇਣਾ ਹੈ। ਅਭਿਆਨ ਦੇ ਅੰਤ ਵਿੱਚ ਹਾਜ਼ਰ ਲੋਕਾਂ ਨੇ ਵਾਤਾਵਰਣ ਸੰਭਾਲ, ਰੁੱਖ ਲਗਾਉਣ ਅਤੇ ਸਫ਼ਾਈ ਨੂੰ ਉਤਸ਼ਾਹਿਤ ਕਰਨ ਦਾ ਸੰਕਲਪ ਲੈਂਦਿਆਂ ਕਿਹਾ ਕਿ ਉਹ ਆਪਣੇ ਰੋਜ਼ਾਨਾ ਜੀਵਨ ਵਿੱਚ ਵਾਤਾਵਰਣ ਅਨੁਕੂਲ ਆਦਤਾਂ ਅਪਣਾ ਕੇ ਵਿਕਸਿਤ ਭਾਰਤ, ਹਰਿਤ ਭਾਰਤ ਅਤੇ ਸਵੱਛ ਭਾਰਤ ਦੇ ਨਿਰਮਾਣ ਵਿੱਚ ਆਪਣਾ ਯੋਗਦਾਨ ਪਾਉਣਗੇ।

ਇਸ ਮੌਕੇ ਵੈਦ ਨਮਰਤਾ ਖੰਨਾ, ਦਿਨੇਸ਼ ਖੰਨਾ, ਨਿਰਮਲ ਰਾਜਪੂਤ, ਬਹਾਦੁਰ ਚੰਦ ਅਰੋੜਾ, ਮਨੀਸ਼ ਅਗਨਿਹੋਤਰੀ, ਬਬੀਤਾ ਕਾਲੀਆ, ਸਪਨਾ ਭੱਟੀ, ਨੀਲਮ ਅਰੋੜਾ ਅਤੇ ਜਤਿੰਦਰ ਰਾਜੂ ਹਾਜ਼ਰ ਸਨ।

# ਬਰਮਿੰਘਮ ਵਿੱਚ ਚਾਕੂ ਮਾਰ ਕੇ ਵਿਅਕਤੀ ਦਾ ਕਤਲ, ਚਾਰ ਵਿਅਕਤੀ ਗ੍ਰਿਫ਼ਤਾਰ

**ਲੈਸਟਰ (ਇੰਗਲੈਂਡ), 7 ਜੂਨ (ਸੁਖਜਿੰਦਰ ਸਿੰਘ ਢੱਡੇ)-** ਬਰਮਿੰਘਮ ਦੇ ਸਪਾਰਕਬਰੁੱਕ ਇਲਾਕੇ ਵਿੱਚ ਇੱਕ 40 ਸਾਲਾਂ ਦੇ ਕਰੀਬ ਉਮਰ ਦੇ ਵਿਅਕਤੀ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਸ ਮਾਮਲੇ ਵਿੱਚ ਪੁਲਿਸ ਨੇ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਵੈਸਟ ਮਿਡਲੈਂਡਜ਼ ਪੁਲਿਸ ਅਨੁਸਾਰ ਘਟਨਾ ਵੀਰਵਾਰ ਸ਼ਾਮ ਕਰੀਬ 6.20 ਵਜੇ ਵਾਲਫੋਰਡ ਰੋਡ 'ਤੇ ਵਾਪਰੀ। ਪੁਲਿਸ ਅਤੇ ਐਂਬੂਲੈਂਸ ਸੇਵਾਵਾਂ ਮੌਕੇ 'ਤੇ ਪੁੱਜੀਆਂ ਅਤੇ ਜ਼ਖ਼ਮੀ ਵਿਅਕਤੀ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਗਈ, ਪਰ ਉਸ ਦੀ ਹਾਲਤ ਗੰਭੀਰ ਹੋਣ ਕਾਰਨ ਸ਼ਾਮ ਕਰੀਬ 7 ਵਜੇ ਮੌਤ ਹੋ ਗਈ। ਪੁਲਿਸ ਨੇ ਦੱਸਿਆ ਕਿ ਮ੍ਰਿਤਕ ਦੇ ਪਰਿਵਾਰ ਨੂੰ ਇਸ ਦੁੱਖ ਦੀ ਘੜੀ ਵਿੱਚ ਹਰ ਸੰਭਵ ਸਹਾਇਤਾ ਦਿੱਤੀ ਜਾ ਰਹੀ ਹੈ। ਹਾਲਾਂਕਿ ਮ੍ਰਿਤਕ ਦੀ ਪਛਾਣ ਅਜੇ ਜਨਤਕ ਨਹੀਂ ਕੀਤੀ ਗਈ। ਜਾਂਚ ਦੌਰਾਨ ਬ੍ਰਿਸਟਲ ਇਲਾਕੇ ਤੋਂ 29 ਸਾਲਾ ਇੱਕ ਵਿਅਕਤੀ ਨੂੰ ਕਤਲ ਦੇ ਸ਼ੱਕ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਤਿੰਨ ਹੋਰ ਵਿਅਕਤੀਆਂ ਨੂੰ ਅਪਰਾਧੀ ਦੀ ਮਦਦ ਕਰਨ ਦੇ ਸ਼ੱਕ ਹੇਠ ਹਿਰਾਸਤ ਵਿੱਚ ਲਿਆ ਗਿਆ ਹੈ। ਪੁਲਿਸ ਮੁਤਾਬਕ ਚਾਰਾਂ ਨੂੰ ਪੁੱਛਗਿੱਛ ਲਈ ਵੈਸਟ ਮਿਡਲੈਂਡਜ਼ ਲਿਆਂਦਾ ਜਾ ਰਿਹਾ ਹੈ।

ਪੁਲਿਸ ਦਾ ਮੰਨਣਾ ਹੈ ਕਿ ਇਹ ਕੋਈ ਅਚਾਨਕ ਵਾਪਰੀ ਘਟਨਾ ਨਹੀਂ ਸੀ, ਸਗੋਂ ਨਿਸ਼ਾਨਾ ਬਣਾ ਕੇ ਕੀਤਾ ਗਿਆ ਹਮਲਾ ਸੀ ਅਤੇ ਇਸ ਵਿੱਚ ਸ਼ਾਮਲ ਲੋਕ ਇੱਕ-ਦੂਜੇ ਨੂੰ ਜਾਣਦੇ ਸਨ। ਇਸ ਕਾਰਨ ਜਾਂਚ ਟੀਮ ਇਸ ਮਾਮਲੇ ਨੂੰ ਕਤਲ ਦੀ ਯੋਜਨਾਬੱਧ ਘਟਨਾ ਮੰਨ ਕੇ ਜਾਂਚ ਕਰ ਰਹੀ ਹੈ। ਘਟਨਾ ਤੋਂ ਬਾਅਦ ਇਲਾਕੇ ਵਿੱਚ ਪੁਲਿਸ ਦੀ ਮੌਜੂਦਗੀ ਵਧਾ ਦਿੱਤੀ ਗਈ ਹੈ ਅਤੇ ਮੌਕੇ ਤੋਂ ਸਬੂਤ ਇਕੱਠੇ ਕੀਤੇ ਜਾ ਰਹੇ ਹਨ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਇਸ ਘਟਨਾ ਨਾਲ ਸਬੰਧਤ ਕੋਈ ਜਾਣਕਾਰੀ ਜਾਂ ਸੀਸੀਟੀਵੀ/ਡੈਸ਼ਕੈਮ ਫੁਟੇਜ ਹੋਵੇ ਤਾਂ ਉਹ ਜਾਂਚ ਟੀਮ ਨਾਲ ਸੰਪਰਕ ਕਰਨ।

# ਸ਼ਾਂਤੀ ਪੂਰਨ ਸੰਘਰਸ਼ਾਂ ਤੇ ਅੰਨਾ ਪੁਲੀਸ ਜਬਰ ਮਾਨ ਸਰਕਾਰ ਨੂੰ ਮਹਿੰਗਾ ਪਵੇਗਾ: ਕਰਨ ਸਿੰਘ ਰਾਣਾ

**ਨਵਾਂਸ਼ਹਿਰ /ਕਾਠਗੜ੍ਹ 7ਜੂਨ (ਜਤਿੰਦਰ ਪਾਲ ਸਿੰਘ ਕਲੇਰ )** ਪਿਛਲੇ ਦਿਨੀ ਸ਼ਾਂਤੀ ਪੂਰਵਕ ਸੰਘਰਸ਼ ਕਰ ਰਹੇ ਬੇਰੁਜਗਾਰ ਲਾਈਨਮੈਨਾਂ ਤੇ ਅੰਨਾ ਪੁਲਿਸ ਤਸ਼ੱਦਦ ਅੱਤਵਾਦ ਦਾ ਦੌਰ ਨੂੰ ਯਾਦ ਕਰਵਾਉਂਦਾ ਹੈ। ਪੁਲਿਸ ਵਲੋਂ ਕੀਤੇ ਜਬਰ ਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ ਉਹਨੀ ਹੀ ਥੋੜੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਾਥੀ ਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਨੇ ਅੱਜ ਇੱਥੇ ਟੌਂਸਾ ਵਿਖੇ ਜਥੇਬੰਦੀ ਦੇ ਆਗੂਆਂ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕੀਤਾ। ਉਹਨਾਂ ਕਿਹਾ ਕਿ ਮਾਨ ਸਰਕਾਰ ਨੇ ਸ਼ੰਭੂ ਬਾਰਡਰ ਤੇ ਜਿਉਂਦ ਪਿੰਡ ਵਿੱਚ ਕਿਸਾਨਾਂ ਤੇ ਬੇਤਹਾਸ਼ਾ ਲਾਠੀ ਚਾਰਜ ਕੀਤਾ ਸੀ, ਲੁਧਿਆਣਾ ਵਿਖੇ ਮਨਰੇਗਾ ਅਧਿਕਾਰ ਅੰਦੋਲਨ ਦੇਸ਼ ਸ਼ਾਂਤੀ ਪੂਰਵਕ ਸੰਘਰਸ਼ ਤੇ ਵੀ ਪੁਲਿਸ ਨੇ ਡਾਂਗਾਂ ਵਰ੍ਹਾਈਆਂ ਸਨ।ਜਿਸ ਨੂੰ ਦੁਬਾਰਾ ਦੁਹਰਾ ਦਿੱਤਾ ਹੈ ਉਹਨਾਂ ਕਿਹਾ ਕਿ ਸ਼ਾਂਤੀ ਪੂਰਵਕ ਸੰਘਰਸ਼ਾਂ ਤੇ ਪੁਲਿਸ ਤਸ਼ੱਦਦ ਦਾ ਇਤਿਹਾਸ 1948 ਵਿਚ ਹੀ ਸ਼ੁਰੂ ਹੋ ਗਿਆ ਸੀ ਜੋ ਅੱਜ ਵੀ ਜਾਰੀ ਹੈ। ਪੁਲਿਸ ਸੰਘਰਸ ਸ਼ੀਲ ਲੋਕਾਂ ਦੇ ਨਫਰਤ ਦਾ ਪਾਤਰ ਬਣ ਚੁੱਕੀ ਹੈ। ਪਰ ਅਸਲ ਦੋਸ਼ੀ ਤਾ ਭਾਰਤ ਅਤੇ ਪੰਜਾਬ ਅੰਦਰ ਕਾਰਪੋਰੇਟ ਪੂੰਜੀਪਤੀਆਂ, ਜਗੀਰਦਾਰਾਂ ਅਤੇ ਸਾਮਰਾਜਵਾਦੀ ਨੀਤੀਆਂ ਹਨ ਜਿਸ ਰਾਹੀਂ ਲੋਕਾਂ ਦੀ ਅੰਨੀ ਲੁੱਟ ਕੀਤੀ ਜਾਂਦੀ ਹੈ ਤੇ ਜੇ ਲੋਕ ਇਸ ਲੁੱਟ ਦਾ ਵਿਰੋਧ ਕਰਦੇ ਹਨ ਤਾਂ ਉਹਨਾਂ ਤੇ ਪੁਲਿਸ ਤਸ਼ੱਦਦ ਕੀਤਾ ਜਾਂਦਾ ਹੈ। ਇਸ ਲੁੱਟ ਅਤੇ ਤਸ਼ੱਦਦ ਨੂੰ ਰੋਕਣ ਲਈ ਪੰਜਾਬ ਦੇ ਲੋਕਾਂ ਨੇ ਪ੍ਰਤਾਪ ਸਿੰਘ ਕੈਰੋਂ, ਪ੍ਰਕਾਸ਼ ਸਿੰਘ ਬਾਦਲ, ਦਰਬਾਰਾ ਸਿੰਘ, ਸੁਰਜੀਤ ਸਿੰਘ ਬਰਨਾਲਾ, ਬੇਅੰਤ ਸਿੰਘ, ਕੈਪਟਨ ਅਮਰਿੰਦਰ ਸਿੰਘ ਅਤੇ ਭਗਵੰਤ ਮਾਨ ਨੂੰ ਰਾਜਭਾਗ ਸੰਭਾਲ ਕੇ ਦੇਖ ਲਿਆ ਪਰ ਲੁੱਟ ਅਤੇ ਤਸ਼ਦਦ ਬਾਦਸਤੂਰ ਜਾਰੀ ਹਨ। ਸੋ ਬੰਦੇ ਬਦਲ ਕੇ ਤਾਂ ਕੁਝ ਨਹੀਂ ਹੋਣਾ, ਪੂੰਜੀਪਤੀ ਕਾਰਪੋਰੇਟ ਅਤੇ ਜਗੀਰਦਾਰੀ ਪ੍ਰਬੰਧ ਨੂੰ ਵੀ ਸੱਟ ਮਾਰਨ ਦੀ ਅਹਿਮ ਲੋੜ ਹੈ। ਸਾਥੀ ਰਾਣਾ ਨੇ ਕਿਰਤੀ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੋਟਾਂ ਵਾਲੇ ਲੋਕਾਂ ਦੇ ਝਾਂਸੇ ਵਿੱਚ ਨਾ ਆਉਣ ਆਪਣੇ ਆਪਣੇ ਪਿੰਡ ਤੋਂ ਪਿੰਡਾਂ ਨੂੰ ਬਚਾਉਣ ਦਾ ਕੰਮ ਸ਼ੁਰੂ ਕੀਤਾ ਜਾਵੇ। ਆਪਸੀ ਝਗੜਿਆਂ ਨੂੰ ਪਿੰਡਾਂ ਦੀਆਂ ਸੱਥਾਂ ਵਿੱਚ ਬਹਿ ਕੇ ਨਿਬੇੜਿਆ ਜਾਵੇ, ਰੋਜ਼ਗਾਰ ਲਈ ਲੜਿਆ ਜਾਵੇ, ਭ੍ਰਿਸ਼ਟਾਚਾਰ , ਜਬਰ, ਨਸ਼ਿਆਂ ਵਿਰੁੱਧ ਅਤੇ ਆਪਸੀ ਭਾਈਚਾਰੇ ਨੂੰ ਪਿੰਡਾਂ ਵਿੱਚ ਮਜਬੂਤ ਕੀਤਾ ਜਾਵੇ ਤਾਂ ਹੀ ਪੰਜਾਬ ਦਾ ਭਲਾ ਹੋਣਾ ਹੈ। ਇਸ ਮੌਕੇ ਉਹਨਾਂ ਨਾਲ ਕਰਨੈਲ ਸਿੰਘ ਭੱਲਾ, ਸੱਤਪਾਲ ਸਾਰੋਵਾਲ, ਮਨੋਹਰ ਲਾਲ, ਬੀਬੀ ਸ਼ਸ਼ੀ ਰਾਣਾ ਅਤੇ ਹੋਰ ਵੱਡੀ ਗਿਣਤੀ ਵਿੱਚ ਆਗੂ ਮੀਟਿੰਗ ਵਿਚ ਹਾਜ਼ਰ ਸਨ।

# ਇੱਕ ਇਕੱਲਾ ਦੋ ਗਿਆਰਾਂ

ਵੱਡੇ ਵੱਡੇ ਸ਼ਹਿਰਾਂ ਵਿੱਚ ਵੱਡੇ ਵੱਡੇ ਪਿੰਡਾਂ ਵਿੱਚ ,
ਕਿਹੋ ਜਿਹੇ ਲੋਕ ਰਹਿੰਦੇ ਹੋਣਗੇ ?
ਛੋਟੇ ਛੋਟੇ ਪਿੰਡਾਂ ਦਿਆਂ ਛੋਟੇ ਛੋਟੇ ਬੰਦਿਆਂ ਨੂੰ ,
ਪਤਾ 'ਨੀਂ ਉਹ ਕੀ ਕੀ ਕਹਿੰਦੇ ਹੋਣਗੇ ?
ਕੁੱਝ ਕਹਿੰਦੇ ਪ੍ਰਜੀਵੀ ਕੁੱਝ ਕਹਿੰਦੇ ਕਾਕਰੋਚ ,
ਰੁਲ਼ਦੂ ਨੂੰ ਬੁੱਢੇ ਬਾਰੇ ਆ ਕੇ ਪਤਾ ਲੱਗਿਐ ;
ਜਦੋਂ ਛੋਟੇ ਲੋਕ ਇੱਕ ਮਿੱਕ ਹੋ ਕੇ ਤੁਰ ਪਏ ,
ਵੇਖ ਲਿਓ ਢੇਰੀ ਵਾਂਗੂੰ ਢਹਿੰਦੇ ਹੋਣਗੇ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ**
**ਸੰਗਰੂਰ -9914836037**

# ਸੂਰਜ ਹੁਸੈਨਪੁਰੀ - ਸਥਾਪਤ ਗੀਤਕਾਰ

ਨਹੀਂ ਨਵਿਆਂ ਨੂੰ ਪਤਾ, ਤੇ ਤਾਹਨੇ ਰਹਿੰਦੇ ਕੱਸਦੇ,
ਓਲਡ ਇਜ਼ ਗੋਲਡ, ਸਿਆਣੇ ਬੰਦੇ ਦੱਸਦੇ।
ਅੱਖਰਾਂ ਦਾ ਜਾਦੂਗਰ, ਹਰਫ਼ਾਂ ਦੀ ਡਾਰ ਆ,
ਸੂਰਜ ਹੁਸੈਨਪੁਰੀ, ਸਥਾਪਤ ਗੀਤਕਾਰ ਆ।

ਲਹਿੰਬਰ ਤੋਂ ਲੈ ਕੇ ਵੱਡੇ ਸਿੰਗਰਾਂ ਨੇ ਗਾਇਆ,
ਫ਼ਰਸ਼ ਤੋਂ ਅਰਸ਼ ਤੱਕ ਕਈਆਂ ਨੂੰ ਚੜ੍ਹਾਇਆ।
ਏ.ਕੇ. ਸੰਤਾਲੀ ਨਾਲੋਂ ਤੇਜ਼ ਰਫ਼ਤਾਰ ਆ,
ਸੂਰਜ ਹੁਸੈਨਪੁਰੀ, ਸਥਾਪਤ ਗੀਤਕਾਰ ਆ।

ਦਰਦ ਤੇ ਮੁਹੱਬਤ ਦੀ ਰੂਹ ਨੂੰ ਟੋਹਦਾ,
ਕਲਮ ਦੀ ਨੋਕ ਨਾਲ਼ ਜਜ਼ਬੇ ਪਰੋਂਦਾ।
ਇੱਕ-ਇੱਕ ਲਫ਼ਜ਼ ਵਿਚ ਪੰਜਾਬ ਦੀ ਪੁਕਾਰ ਆ,
ਸੂਰਜ ਹੁਸੈਨਪੁਰੀ, ਸਥਾਪਤ ਗੀਤਕਾਰ ਆ।

ਗੁਰਮੀਤ ਡੁਮਾਣਾ ਗੱਲ ਉਨ੍ਹਾਂ ਬਾਰੇ ਦੱਸਦਾ,
ਛੋਟਿਆਂ ਤੇ ਵੱਡਿਆਂ ਨਾਲ ਪਿਆਰ ਪਾਈ ਰੱਖਦਾ।
ਦਿਲੋਂ ਦਿਲਦਾਰ ਤੇ ਯਾਰਾਂ ਦਾ ਉਹ ਯਾਰ ਆ,
ਸੂਰਜ ਹੁਸੈਨਪੁਰੀ, ਸਥਾਪਤ ਗੀਤਕਾਰ ਆ।

**ਗੁਰਮੀਤ ਡੁਮਾਣਾ**
**ਲੋਹੀਆਂ ਖ਼ਾਸ, ਜਲੰਧਰ**

# ਨਸ਼ਾ ਮੁਕਤ ਪੰਜਾਬ

ਆਓ ਨਵਾਂ ਪੰਜਾਬ ਬਣਾਈਏ,
ਨਸ਼ਿਆਂ ਨੂੰ ਹੁਣ ਦੂਰ ਭਜਾਈਏ।

ਕਰ ਦੇਂਦੇ ਨੇ ਵੱਡੀ ਤਬਾਹੀ,
ਇਨ੍ਹਾਂ ਦੇ ਨੇੜੇ ਨਾ ਜਾਈਏ।

ਮੁਫ਼ਤ ਜੇ ਦੇਵੇ ਕੋਈ ਤੈਨੂੰ,
ਕਦੇ ਨਾ ਇਸ ਨੂੰ ਮੂੰਹ ਲਾਈਏ।

ਤੂੰ ਹੈਂ ਬਾਂਕਾ ਛੈਲ ਛਬੀਲਾ,
ਇਸ ਪੱਗ ਨੂੰ ਨਾ ਦਾਗ ਲਗਾਈਏ।

ਪੁੱਤ ਹੁੰਦੇ ਨੇ ਰੁੱਖਾਂ ਵਰਗੇ,
ਠੰਢੀ ਛਾਂ ਸਭ 'ਤੇ ਵਰਸਾਈਏ।

ਕਿੰਨੀ ਸੋਹਣੀ ਸ਼ਾਨ ਹੈ ਤੇਰੀ,
ਮੂੰਹੋਂ ਮੋਤੀ ਜਿਉਂ ਲੁਟਾਈਏ।

ਕੰਮ ਕੋਈ ਵਧੀਆ ਜਿਹਾ ਕਰਕੇ,
ਆਪਣੀ ਕੌਮ ਦਾ ਨਾਂ ਚਮਕਾਈਏ।

ਸ਼ੇਰਾਂ ਵਰਗੀ ਕੌਮ ਹੈ ਤੇਰੀ,
ਚੱਲ ਆਪਣਾ ਇਤਿਹਾਸ ਦੁਹਰਾਈਏ।

ਗੁਰੂਆਂ ਦੀ ਬਾਣੀ ਕੀ ਦੱਸਦੀ,
ਆਪਣਾ ਸੱਚਾ ਧਰਮ ਨਿਭਾਈਏ।

ਦੁੱਧ ਮਲਾਈ ਘਿਓ ਤੇ ਮੱਖਣ,
ਚੰਗੀ ਆਪਣੀ ਸਿਹਤ ਬਣਾਈਏ।

ਆਪਣੇ ਹੱਥੀਂ ਮਿਹਨਤ ਕਰਕੇ,
ਧਰਤੀ ਨੂੰ ਹੁਣ ਸਵਰਗ ਬਣਾਈਏ।

ਪੀਰ ਫ਼ਕੀਰਾਂ ਦੀ ਧਰਤੀ ਨੂੰ,
ਸੁੱਤੇ ਉੱਠ ਕੇ ਸੀਸ ਝੁਕਾਈਏ।

ਇਕ ਵਾਰੀ ਤੂੰ ਸੋਚ ਓਏ ਸੱਜਣਾ,
ਜ਼ਿੰਦ ਨੂੰ ਚੰਗੇ ਪਾਸੇ ਲਾਈਏ।

ਕਮਲ ਤੇਰੇ ਹਾੜੇ ਪਿਆ ਕੱਢਦਾ,
ਤੁਰ ਪੈ ਯਾਰਾ ਚੰਗੀ ਰਾਹੇ ਪਈਏ।

**ਕਮਲ ਭਾਸਕਰ**
**ਜਲੰਧਰ 9463252911**

# ਸੱਚ 'ਕੱਲਾ ਰਹਿ ਗਿਆ...

ਝੂਠਿਆਂ ਦਾ ਝੂਠ, ਵੇਖਕੇ ਅਵੱਲਾ ਰਹਿ ਗਿਆ
ਝੂਠਿਆਂ ਦੇ ਝੁੰਡ ਵਿੱਚ ਸੱਚ 'ਕੱਲਾ ਰਹਿ ਗਿਆ

ਕਲ਼ਯੁਗ ਵਿੱਚ ਝੂਠ ਹੋਇਆ ਪ੍ਰਧਾਨ ਏ
ਝੂਠੇ ਦਾ ਹੀ ਬੋਲਬਾਲਾ ਝੂਠਾ ਹੀ ਮਹਾਨ ਏ
ਸੱਚ ਲਈ ਮੈਂ ਯਾਰੋ ਅੱਡਦਾ ਈ ਪੱਲਾ ਰਹਿ ਗਿਆ
ਝੂਠਿਆਂ ਦੇ ਝੁੰਡ ਵਿੱਚ ਸੱਚ 'ਕੱਲਾ ਰਹਿ ਗਿਆ

ਕਰਦਾ ਸੀ ਮਾਣ ਬੜਾ ਆਪਣੇ ਮੈਂ ਸੱਚ 'ਤੇ
ਇੰਝ ਲੱਗੇ ਧਰ ਦਿੱਤਾ ਪੈਰ ਟੁੱਟੇ ਕੱਚ 'ਤੇ
ਸੱਚ ਸਮਝਾਉਂਦਾ ਮਾਰਦਾ ਹੀ ਹੱਲਾ ਰਹਿ ਗਿਆ
ਝੂਠਿਆਂ ਦੇ ਝੁੰਡ ਵਿੱਚ ਸੱਚ 'ਕੱਲਾ ਰਹਿ ਗਿਆ

ਸੱਚੀਆਂ ਸੁਣਾ ਕੇ ਵੈਰ ਝੂਠਿਆਂ ਨਾ' ਪਾ ਲਿਆ
ਝੂਠਿਆਂ ਨੇ ਸੱਚ ਨੂੰ ਹੀ, ਝੂਠ ਮੰਨਵਾ ਲਿਆ
ਸੁਣੇ ਨਾ ਕੋਈ ਸੱਚ ਬਣਕੇ ਮੈਂ ਝੱਲਾ ਰਹਿ ਗਿਆ
ਝੂਠਿਆਂ ਦੇ ਝੁੰਡ ਵਿੱਚ ਸੱਚ 'ਕੱਲਾ ਰਹਿ ਗਿਆ

ਕੌੜਾ ਹੁੰਦਾ ਸੱਚ ਨਾਲੇ, ਚੁੱਭੇ ਵਾਂਗ ਕੱਚ ਦੇ
ਤਾਹੀਓਂ ਚੰਗੇ ਲੱਗਦੇ ਨਹੀਂ ਬੋਲ "ਖੁਸ਼ੀ" ਸੱਚ ਦੇ
ਸੱਚ ਤਾਂ ਜੀ ਅੱਲ੍ਹਾ ਅੱਲ੍ਹਾ, ਖ਼ੈਰ ਸੱਲਾ ਰਹਿ ਗਿਆ
ਝੂਠਿਆਂ ਦੇ ਝੁੰਡ ਵਿੱਚ ਸੱਚ 'ਕੱਲਾ ਰਹਿ ਗਿਆ

**..ਖੁਸ਼ੀ ਮੁਹੰਮਦ "ਚੱਠਾ"**



# ਵੋਟਰ ਮੈਪਿੰਗ ਲਈ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ 615 ਪੋਲਿੰਗ ਬੂਥਾਂ 'ਤੇ ਲਗਾਏ ਗਏ ਵਿਸ਼ੇਸ਼ ਕੈਂਪ

## ਬੀਐਲਓ ਨੇ ਵੋਟਰਾਂ ਦੀ 2003 ਦੀ ਵੋਟਰ ਸੂਚੀ ਨਾਲ ਮੈਪਿੰਗ ਦਾ ਕੰਮਕਾਜ ਸੰਭਾਲਿਆ

**ਐਸ.ਬੀ.ਐਸ. ਨਗਰ, 7 ਜੂਨ (ਜਤਿੰਦਰ ਪਾਲ ਸਿੰਘ ਕਲੇਰ )** ਪ੍ਰੀ-ਐਸ.ਆਈ.ਆਰ. ਮੁਹਿੰਮ ਤਹਿਤ ਮੌਜੂਦਾ ਵੋਟਰਾਂ ਦੀ 2003 ਦੀ ਵੋਟਰ ਸੂਚੀ ਨਾਲ ਮੈਪਿੰਗ ਯਕੀਨੀ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਐਸ.ਬੀ.ਐਸ. ਨਗਰ ਵੱਲੋਂ ਅੱਜ ਜ਼ਿਲ੍ਹੇ ਭਰ ਦੇ ਸਾਰੇ 615 ਪੋਲਿੰਗ ਬੂਥਾਂ 'ਤੇ ਵਿਸ਼ੇਸ਼ ਕੈਂਪ ਲਗਾਏ ਗਏ। ਇਨ੍ਹਾਂ ਕੈਂਪਾਂ ਦੌਰਾਨ ਬੂਥ ਲੈਵਲ ਅਫ਼ਸਰਾਂ (ਬੀ.ਐਲ.ਓ.) ਨੇ ਆਪੋ-ਆਪਣੇ ਬੂਥਾਂ 'ਤੇ ਮੌਜੂਦ ਰਹਿ ਕੇ ਵੋਟਰਾਂ ਨੂੰ ਮੈਪਿੰਗ ਪ੍ਰਕਿਰਿਆ ਸਬੰਧੀ ਲੋੜੀਂਦੀ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕੀਤੀ।

ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਸਪੈਸ਼ਲ ਇਨਟੈਂਸਿਵ ਰਵੀਜ਼ਨ ਨੂੰ ਮੁੱਖ ਰੱਖਦਿਆਂ, ਜਿਨ੍ਹਾਂ ਵੋਟਰਾਂ ਦਾ ਸਾਲ 2003 ਦਾ ਵੇਰਵਾ ਪ੍ਰਾਪਤ ਨਹੀਂ ਹੋਇਆ, ਨੂੰ ਮੁੱਖ ਚੋਣ ਦਫ਼ਤਰ, ਪੰਜਾਬ ਵੱਲੋਂ ਮੈਪਿੰਗ ਦੀ ਸਹੂਲਤ ਦੇਣ ਲਈ ਅੱਜ ਪੰਜਾਬ ਭਰ ਵਿੱਚ ਬੂਥ ਪੱਧਰ 'ਤੇ ਵਿਸ਼ੇਸ਼ ਕੈਂਪ ਲਗਾਏ ਗਏ ਹਨ ਤਾਂ ਜੋ ਕੋਈ ਵੀ ਯੋਗ ਵੋਟਰ ਮੈਪਿੰਗ ਪ੍ਰਕਿਰਿਆ ਤੋਂ ਵਾਂਝਾ ਨਾ ਰਹੇ। ਉਨ੍ਹਾਂ ਕਿਹਾ ਕਿ ਐਸ.ਆਈ.ਆਰ. ਦਾ ਉਦੇਸ਼ ਤੁਰੱਟੀ ਰਹਿਤ ਤੇ ਪਾਰਦਰਸ਼ੀ ਵੋਟਰ ਸੂਚੀ ਤਿਆਰ ਕਰਨਾ ਹੈ। ਉਨ੍ਹਾਂ ਪੰਜਾਬ ਵਿੱਚ ਐਸ.ਆਈ.ਆਰ. ਸਬੰਧੀ ਸ਼ਡਿਊਲ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ 25 ਜੂਨ ਤੋਂ 24 ਜੁਲਾਈ 2026 ਤੱਕ ਬੂਥ ਲੈਵਲ ਅਫ਼ਸਰਾਂ (ਬੀ.ਐਲ.ਓ.) ਵੱਲੋਂ ਘਰ-ਘਰ ਜਾ ਕੇ ਵੋਟਰਾਂ ਪਾਸੋਂ ਫਾਰਮ ਭਰਵਾਏ ਜਾਣਗੇ। ਡ੍ਰਾਫਟ ਵੋਟਰ ਸੂਚੀ ਦੀ ਪ੍ਰਕਾਸ਼ਨਾ 3 ਅਗਸਤ 2026 ਨੂੰ ਹੋਵੇਗੀ ਅਤੇ ਦਾਅਵੇ ਤੇ ਇਤਰਾਜ਼ 3 ਅਗਸਤ ਤੋਂ 2 ਸਤੰਬਰ 2026 ਤੱਕ ਪ੍ਰਾਪਤ ਕੀਤੇ ਜਾਣਗੇ। ਉਨ੍ਹਾਂ ਅੱਗੇ ਦੱਸਿਆ ਕਿ ਨੋਟਿਸ ਪੜਾਅ/ਦਾਅਵਿਆਂ ਤੇ ਇਤਰਾਜ਼ਾਂ ਦਾ ਨਿਪਟਾਰਾ 3 ਅਗਸਤ ਤੋਂ 28 ਸਤੰਬਰ 2026 ਤੱਕ ਕੀਤਾ ਜਾਵੇਗਾ। ਅੰਤਿਮ ਵੋਟਰ ਸੂਚੀ ਦੀ ਪ੍ਰਕਾਸ਼ਨਾ 1 ਅਕਤੂਬਰ 2026 ਨੂੰ ਹੋਵੇਗੀ। ਉਨ੍ਹਾਂ ਵੋਟਰਾਂ ਨੂੰ ਐਸ.ਆਈ.ਆਰ. ਪ੍ਰਕਿਰਿਆ ਦੌਰਾਨ ਸਰਗਰਮ ਭਾਗੀਦਾਰੀ ਨਿਭਾਉਂਦਿਆਂ ਆਪਣੇ ਵੇਰਵਿਆਂ ਦੀ ਪੁਸ਼ਟੀ ਕਰਵਾਉਣ ਦੀ ਅਪੀਲ ਵੀ ਕੀਤੀ। ਇਸ ਦੌਰਾਨ ਵੱਖ-ਵੱਖ ਐਸ.ਡੀ.ਐਮ. ਵਲੋਂ ਵੀ ਆਪਣੇ ਇਲਾਕਿਆਂ ਵਿਚ ਚੱਲ ਰਹੇ ਐਸਆਈਆਰ ਦੇ ਕੰਮ ਦੀ ਚੈਕਿੰਗ ਕੀਤੀ।




# ਰੋਮੀ ਘੜਾਮਾਂ ਨੇ ਹਿਮਾਚਲ ਵਿਖੇ ਨੈਸ਼ਨਲ ਖੇਡਾਂ ਵਿੱਚ ਜਿੱਤੇ 03 ਗੋਲਡ ਮੈਡਲ

**ਧਰਮਸ਼ਾਲਾ, 07 ਜੂਨ (ਪੱਤਰ ਪ੍ਰੇਰਕ):** ਹਿਮਾਚਲ ਦੀਆਂ ਖੂਬਸੂਰਤ ਵਾਦੀਆਂ ਵਿੱਚ ਵਸੇ ਸ਼ਹਿਰ ਧਰਮਸ਼ਾਲਾ ਵਿਚਲੇ ਸਪੋਰਟਸ ਕੰਪਲੈਕਸ ਵਿਖੇ ਐੱਸ.ਬੀ.ਕੇ.ਐੱਫ਼. (ਸੰਯੁਕਤ ਭਾਰਤ ਖੇਲ ਫਾਊਂਡੇਸ਼ਨ) ਵੱਲੋ 14ਵੀਆਂ ਨੈਸ਼ਨਲ ਖੇਡਾਂ ਕਰਵਾਈਆਂ ਗਈਆਂ। ਜਿੱਥੇ ਰੋਪੜ ਦੇ ਵਸਨੀਕ ਗੁਰਬਿੰਦਰ ਸਿੰਘ (ਰੋਮੀ ਘੜਾਮਾਂ) ਨੇ ਪੰਜਾਬ ਵੱਲੋਂ 40+ ਉਮਰ ਵਰਗ ਲਈ ਖੇਡਦਿਆਂ 03 ਗੋਲਡ ਮੈਡਲ ਆਪਣੇ ਨਾਮ ਕੀਤੇ। ਉਨ੍ਹਾਂ 1.5 ਤੇ 10 ਕਿਲੋਮੀਟਰ ਦੌੜਾਂ ਅਤੇ ਯੋਗ (ਫੈਲੋਸ਼ਿਪ) ਵਿੱਚ ਪਹਿਲੇ ਸਥਾਨ ਮੱਲੇ। ਇਸ ਮੌਕੇ ਡਾ. ਰਾਜੀਵ ਭਾਰਦਵਾਜ ਮੈਂਬਰ ਪਾਰਲੀਮੈਂਟ ਕਾਂਗੜਾ, ਪੰਕਜ ਤਾਵੜੇ ਡਾਇਰੈਕਟਰ ਐੱਸ.ਬੀ.ਕੇ.ਐੱਫ਼. ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਲੈਸਟਰ ਸਮੇਤ ਵੱਖ-ਵੱਖ ਸ਼ਹਿਰਾਂ ਤੋਂ ਸੰਗਤਾਂ ਨੇ ਲੰਡਨ ਰੋਸ ਮਾਰਚ ਵਿੱਚ ਭਰੀ ਹਾਜ਼ਰੀ

**ਲੈਸਟਰ (ਇੰਗਲੈਂਡ), 7 ਜੂਨ (ਸੁਖਜਿੰਦਰ ਸਿੰਘ ਢੱਡੇ)-** ਜੂਨ 1984 ਦੇ ਘੱਲੂਘਾਰੇ ਦੀ ਯਾਦ ਵਿੱਚ ਲੰਡਨ ਵਿਖੇ ਕਰਵਾਏ ਗਏ ਯਾਦਗਾਰੀ ਰੋਸ ਮਾਰਚ ਅਤੇ ਆਜ਼ਾਦੀ ਰੈਲੀ ਵਿੱਚ ਲੈਸਟਰ ਸਮੇਤ ਬਰਤਾਨੀਆ ਦੇ ਵੱਖ-ਵੱਖ ਸ਼ਹਿਰਾਂ ਤੋਂ ਹਜ਼ਾਰਾਂ ਸੰਗਤਾਂ ਨੇ ਸ਼ਮੂਲੀਅਤ ਕੀਤੀ। ਸਵੇਰ ਤੋਂ ਹੀ ਸੰਗਤਾਂ ਵਿਸ਼ੇਸ਼ ਬੱਸਾਂ ਅਤੇ ਹੋਰ ਵਾਹਨਾਂ ਰਾਹੀਂ ਲੰਡਨ ਲਈ ਰਵਾਨਾ ਹੋਈਆਂ ਅਤੇ ਵੱਡੀ ਗਿਣਤੀ ਵਿੱਚ ਰੋਸ ਮਾਰਚ ਦਾ ਹਿੱਸਾ ਬਣੀਆਂ।

ਲੈਸਟਰ ਦੀਆਂ ਪ੍ਰਮੁੱਖ ਸਿੱਖ ਸੰਸਥਾਵਾਂ ਅਤੇ ਗੁਰਦੁਆਰਾ ਸਾਹਿਬਾਨ ਵੱਲੋਂ ਸੰਗਤਾਂ ਦੀ ਸਹੂਲਤ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ। ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਗੁਰਦੁਆਰਾ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਓਡਬੀ ਅਤੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਹੋਲੀਬੋਨ ਦੀਆਂ ਪ੍ਰਬੰਧਕ ਕਮੇਟੀਆਂ ਵੱਲੋਂ ਸੰਗਤਾਂ ਲਈ ਬੱਸਾਂ ਅਤੇ ਹੋਰ ਵਾਹਨਾਂ ਦਾ ਖ਼ਾਸ ਪ੍ਰਬੰਧ ਕੀਤਾ ਗਿਆ। ਇਸ ਤੋਂ ਇਲਾਵਾ ਸਫ਼ਰ ਦੌਰਾਨ ਸੰਗਤਾਂ ਲਈ ਚਾਹ, ਪਾਣੀ, ਫਲਾਂ ਅਤੇ ਲੰਗਰ ਦੀ ਵੀ ਵਿਸ ਸੇਵਾ ਕੀਤੀ ਗਈ।

**ਲੈਸਟਰ ਤੋ ਰੋਸ ਮੁਜਾਹਰੇ ਚ ਸਾਮਿਲ ਹੋਣ ਲਈ ਬੱਸਾ ਚ ਸਵਾਰ ਹੁਦੀਆ ਹੋਈਆਂ ਸੰਗਤਾ।**

ਇਸੇ ਤਰ੍ਹਾਂ ਬਰਮਿੰਘਮ, ਵੁਲਵਰਹੈਂਪਟਨ, ਕੋਵੈਂਟਰੀ, ਡਰਬੀ, ਨਾਟਿੰਘਮ, ਮੈਨਚੈਸਟਰ, ਲੀਡਜ਼, ਸਮੇਤ ਹੋਰਨਾਂ ਸ਼ਹਿਰਾਂ ਦੇ ਗੁਰਦੁਆਰਾ ਸਾਹਿਬਾਨ ਅਤੇ ਸਿੱਖ ਜਥੇਬੰਦੀਆਂ ਵੱਲੋਂ ਵੀ ਸੰਗਤਾਂ ਲਈ ਆਵਾਜਾਈ ਅਤੇ ਲੰਗਰ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ।

ਇਹ ਰੋਸ ਮਾਰਚ ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜ਼ੇਸ਼ਨਜ਼ (ਐੱਫ.ਐੱਸ.ਓ.) ਵੱਲੋਂ ਉਲੀਕਿਆ ਗਿਆ ਸੀ, ਜਿਸ ਨੂੰ ਬਰਤਾਨੀਆ ਭਰ ਦੀਆਂ ਕਈ ਸਿੱਖ ਧਾਰਮਿਕ, ਸਮਾਜਿਕ ਅਤੇ ਪੰਥਕ ਸੰਸਥਾਵਾਂ ਦਾ ਸਹਿਯੋਗ ਪ੍ਰਾਪਤ ਸੀ। ਮਾਰਚ ਵਿੱਚ ਸ਼ਾਮਲ ਸੰਗਤਾਂ ਨੇ ਜੂਨ 1984 ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸ਼ਾਂਤੀਪੂਰਨ ਢੰਗ ਨਾਲ ਆਪਣੀ ਹਾਜ਼ਰੀ ਦਰਜ ਕਰਵਾਈ।

ਪ੍ਰਬੰਧਕਾਂ ਨੇ ਵੱਖ-ਵੱਖ ਸ਼ਹਿਰਾਂ ਤੋਂ ਪੁੱਜੀਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਾਰੀ ਗਿਣਤੀ ਵਿੱਚ ਹੋਈ ਸ਼ਮੂਲੀਅਤ ਨੇ ਸਮਾਗਮ ਨੂੰ ਯਾਦਗਾਰੀ ਅਤੇ ਸਫ਼ਲ ਬਣਾਇਆ ਹੈ।

# ਪੰਜਾਬ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਡਰਾਮੇਬਾਜ਼ੀ ਬੰਦ ਕਰਨ, ਹਸਪਤਾਲ ਦੀ ਬਦਹਾਲੀ ਲਈ ਕਾਂਗਰਸ ਵੀ ਬਰਾਬਰ ਦੀ ਜ਼ਿੰਮੇਵਾਰ: ਦੁਰਗੇਸ਼ ਜੰਡੀ

**ਨਵਾਂਸ਼ਹਿਰ /ਕਾਠਗੜ੍ਹ 7 ਜੂਨ (ਜਤਿੰਦਰ ਪਾਲ ਸਿੰਘ ਕਲੇਰ):** ਸਰਬੱਤ ਦਾ ਭਲਾ ਚੈਰੀਟੇਬਲ ਟਰਸਟ ਦੇ ਜ਼ਿਲ੍ਹਾ ਪ੍ਰਧਾਨ ਅਤੇ ਉੱਘੇ ਸਮਾਜ ਸੇਵੀ ਚੌਧਰੀ ਦੁਰਗੇਸ਼ ਜੰਡੀ ਨੇ ਕਾਠਗੜ੍ਹ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਕਾਂਗਰਸ ਦੀ ਲੀਡਰਸ਼ਿਪ 'ਤੇ ਤਿੱਖੇ ਸਿਆਸੀ ਹਮਲੇ ਕੀਤੇ ਹਨ। ਦੁਰਗੇਸ਼ ਜੰਡੀ ਨੇ ਆਖਿਆ ਕਿ ਕੁਝ ਦਿਨ ਪਹਿਲਾਂ ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਉਨ੍ਹਾਂ ਦੇ ਨਾਲ ਜ਼ਿਲ੍ਹਾ ਕਾਂਗਰਸ ਪ੍ਰਧਾਨ ਅਜੇ ਮੰਗੂਪੁਰ ਵਲੋਂ ਸਰਕਾਰੀ ਹਸਪਤਾਲ ਕਾਠਗੜ੍ਹ ਦਾ ਦੌਰਾ ਕੀਤਾ ਗਿਆ ਸੀ। ਇਸ ਦੌਰੇ ਦੌਰਾਨ ਕਾਂਗਰਸੀ ਆਗੂਆਂ ਵਲੋਂ ਬਿਆਨਬਾਜ਼ੀ ਕੀਤੀ ਗਈ ਸੀ ਕਿ ਇਹ ਸਰਕਾਰੀ ਹਸਪਤਾਲ ਖੁਦ ਵੈਂਟੀਲੇਟਰ 'ਤੇ ਹੈ ਅਤੇ ਪੰਜਾਬ ਸਰਕਾਰ ਦਾ ਦਿੱਲੀ ਮਾਡਲ ਪੂਰੀ ਤਰ੍ਹਾਂ ਫੇਲ ਹੋ ਚੁੱਕਾ ਹੈ। ਕਾਂਗਰਸ ਦੀ ਇਸ ਬਿਆਨਬਾਜ਼ੀ ਦਾ ਕਰਾਰਾ ਜਵਾਬ ਦਿੰਦਿਆਂ ਦੁਰਗੇਸ਼ ਜੰਡੀ ਨੇ ਕਿਹਾ ਕਿ ਅੱਜ ਹਸਪਤਾਲ ਦੀ ਜੋ ਖਸਤਾ ਹਾਲਤ ਹੈ, ਉਸ ਲਈ ਮੌਜੂਦਾ ਸਰਕਾਰ ਦੇ ਨਾਲ-ਨਾਲ ਪਿਛਲੀ ਕਾਂਗਰਸ ਸਰਕਾਰ ਵੀ ਬਰਾਬਰ ਦੀ ਜ਼ਿੰਮੇਵਾਰ ਹੈ।

ਉਨ੍ਹਾਂ ਰਾਜਾ ਵੜਿੰਗ ਅਤੇ ਕਾਂਗਰਸੀ ਲੀਡਰਸ਼ਿਪ ਨੂੰ ਸਵਾਲ ਕਰਦਿਆਂ ਕਿਹਾ ਕਿ ਉਹ ਉਕਤ ਲੀਡਰਾਂ ਕੋਲੋਂ ਜਾਣਕਾਰੀ ਲੈਣਾ ਚਾਹੁੰਦੇ ਹਨ ਕਿ ਕਰੀਬ ਚਾਰ ਸਾਲ ਪਹਿਲਾਂ ਪੰਜਾਬ ਵਿੱਚ ਉਨ੍ਹਾਂ ਦੀ ਆਪਣੀ ਕਾਂਗਰਸ ਸਰਕਾਰ ਸੀ। ਉਸ ਸਮੇਂ ਕਾਂਗਰਸ ਦੇ ਤਤਕਾਲੀ ਵਿਧਾਇਕ ਚੌਧਰੀ ਦਰਸ਼ਨ ਲਾਲ ਨੂੰ ਕਈ ਵਾਰ ਬੇਨਤੀਆਂ ਕੀਤੀਆਂ ਗਈਆਂ ਸਨ ਕਿ ਸਰਕਾਰੀ ਹਸਪਤਾਲ ਕਾਠਗੜ੍ਹ ਦੀ ਬਿਲਡਿੰਗ 25 ਬੈੱਡਾਂ ਦੇ ਕਮਿਊਨਿਟੀ ਹੈਲਥ ਸੈਂਟਰ ਦੀ ਹੈ, ਪਰ ਇੱਥੇ ਡਾਕਟਰਾਂ ਦੀਆਂ ਸਿਰਫ਼ ਦੋ ਪੋਸਟਾਂ ਹੀ ਚੱਲ ਰਹੀਆਂ ਹਨ। ਚੌਧਰੀ ਦਰਸ਼ਨ ਲਾਲ ਨੂੰ ਵਾਰ-ਵਾਰ ਕਿਹਾ ਗਿਆ ਸੀ ਕਿ ਉਹ ਮੁੱਖ ਮੰਤਰੀ ਜਾਂ ਸਿਹਤ ਮੰਤਰੀ ਨੂੰ ਕਹਿ ਕੇ ਹਸਪਤਾਲ ਲਈ ਮਨਜ਼ੂਰਸ਼ੁਦਾ ਪੂਰਾ ਸਟਾਫ਼ ਲੈ ਕੇ ਆਉਣ, ਜਿਸ ਵਿੱਚ ਪੰਜ ਡਾਕਟਰ, ਪੰਜ ਸਟਾਫ਼ ਨਰਸਾਂ, ਇੱਕ ਫਾਰਮਾਸਿਸਟ, ਇੱਕ ਅੱਖਾਂ ਚੈੱਕ ਕਰਨ ਵਾਲਾ, ਇੱਕ ਕਲਰਕ, ਇੱਕ ਸਟੈਨੋ, ਇੱਕ ਡਰਾਈਵਰ, ਤਿੰਨ ਸਵੀਪਰ ਅਤੇ ਚਾਰ ਵਾਰਡ ਅਟੈਂਡੈਂਟ ਸ਼ਾਮਲ ਹੁੰਦੇ ਹਨ। ਪਰ ਅਫ਼ਸੋਸ ਕਿ ਕਾਂਗਰਸ ਸਰਕਾਰ ਦੇ ਸਮੇਂ ਇਨ੍ਹਾਂ ਵਿੱਚੋਂ ਕੋਈ ਵੀ ਪੋਸਟ ਨਹੀਂ ਭਰੀ ਗਈ ਅਤੇ ਹੁਣ ਉਹੀ ਕਾਂਗਰਸੀ ਆਗੂ ਹਸਪਤਾਲ ਵਿੱਚ ਫੋਟੋਆਂ ਖਿਚਵਾ ਕੇ ਮਹਿਜ਼ ਡਰਾਮੇਬਾਜ਼ੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਲਾਕੇ ਦੇ ਲੋਕ ਕਾਂਗਰਸੀਆਂ ਦੀ ਇਸ ਫੋਕੀ ਸ਼ੋਹਰਤ ਅਤੇ ਨਾਟਕਬਾਜ਼ੀ ਨੂੰ ਭਲੀ-ਭਾਂਤ ਜਾਣਦੇ ਹਨ।

ਦੁਰਗੇਸ਼ ਜੰਡੀ ਨੇ ਆਪਣੇ ਸੰਘਰਸ਼ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਉਹ ਇਸ ਹਸਪਤਾਲ ਨੂੰ ਬਣਵਾਉਣ ਲਈ ਸਾਲ 2007 ਤੋਂ ਲਗਾਤਾਰ ਮਿਹਨਤ ਕਰ ਰਹੇ ਹਨ। ਸਾਲ 2012 ਵਿੱਚ ਜਦੋਂ ਹਸਪਤਾਲ ਨਾ ਬਣਨ ਕਾਰਨ ਕੰਮ ਲਟਕ ਰਿਹਾ ਸੀ, ਤਾਂ ਉਨ੍ਹਾਂ ਨੇ ਉਸ ਸਮੇਂ ਦੇ ਵਿਧਾਇਕ ਚੌਧਰੀ ਚੌਧਰੀ ਨੰਦ ਲਾਲ ਦਾ ਡੱਟ ਕੇ ਵਿਰੋਧ ਕੀਤਾ ਸੀ। ਉਸ ਤੋਂ ਬਾਅਦ ਸਾਲ 2012 ਵਿੱਚ ਹੀ ਉਨ੍ਹਾਂ ਨੇ ਇਲਾਕੇ ਦੀਆਂ ਕਰੀਬ 20 ਪੰਚਾਇਤਾਂ ਤੋਂ ਦਸਤਖਤ ਕਰਵਾ ਕੇ ਤਤਕਾਲੀ ਵਿਧਾਇਕ ਚੌਧਰੀ ਨੰਦ ਲਾਲ ਨੂੰ ਇੱਕ ਮੈਮੋਰੰਡਮ ਸੌਂਪਿਆ ਸੀ। ਇਸ ਮੈਮੋਰੰਡਮ ਦੀ ਇੱਕ ਕਾਪੀ ਉਸ ਵੇਲੇ ਦੇ ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਅਤੇ ਪ੍ਰਿੰਸੀਪਲ ਸੈਕਟਰੀ ਹੈਲਥ ਵੀ. ਹੁਸਨ ਲਾਲ ਆਈਏਐਸ ਨੂੰ ਵੀ ਦਿੱਤੀ ਗਈ ਸੀ ਅਤੇ ਉਨ੍ਹਾਂ ਅੱਗੇ ਹਸਪਤਾਲ ਚਾਲੂ ਕਰਨ ਦੀ ਬੇਨਤੀ ਕੀਤੀ ਗਈ ਸੀ। ਇਨ੍ਹਾਂ ਪ੍ਰਯਤਨਾਂ ਸਦਕਾ ਹੀ ਇਸ ਹਸਪਤਾਲ ਦਾ ਉਦਘਾਟਨ 5 ਅਗਸਤ 2014 ਨੂੰ ਹੋ ਸਕਿਆ ਸੀ।

ਦੁਰਗੇਸ਼ ਜੰਡੀ ਨੇ ਕਾਂਗਰਸ ਦੀ ਇੱਕ ਹੋਰ ਨਾਕਾਮੀ ਉਜਾਗਰ ਕਰਦਿਆਂ ਦੱਸਿਆ ਕਿ ਜਦੋਂ 2014 ਵਿੱਚ ਹਸਪਤਾਲ ਸ਼ੁਰੂ ਹੋਇਆ, ਤਾਂ ਪੱਕੇ ਡਾਕਟਰਾਂ ਤੋਂ ਇਲਾਵਾ ਬਾਕੀ ਦਾ ਜੋ ਸਟਾਫ਼ ਸੀ, ਉਹ ਆਊਟਸੋਰਸ ਰਾਹੀਂ ਰੱਖਿਆ ਹੋਇਆ ਸੀ। ਪਰ ਜਿਉਂ ਹੀ 2017 ਵਿੱਚ ਪੰਜਾਬ ਅੰਦਰ ਕਾਂਗਰਸ ਦੀ ਸਰਕਾਰ ਆਈ, ਤਾਂ ਉਨ੍ਹਾਂ ਨੇ ਉਸ ਚੱਲ ਰਹੇ ਆਊਟਸੋਰਸ ਸਟਾਫ਼ ਨੂੰ ਵੀ ਨੌਕਰੀ ਤੋਂ ਹਟਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਇਹ ਸਰਕਾਰੀ ਹਸਪਤਾਲ ਇਲਾਕੇ ਦੇ ਕਰੀਬ 60-70 ਪਿੰਡਾਂ ਦੀ ਸਿਹਤ ਲੋੜਾਂ ਦਾ ਮੁੱਖ ਕੇਂਦਰ ਹੈ, ਇਸ ਲਈ ਉਹ ਮੌਜੂਦਾ ਪੰਜਾਬ ਸਰਕਾਰ ਨੂੰ ਬੇਨਤੀ ਕਰਦੇ ਹਨ ਕਿ ਇਲਾਕੇ ਦੇ ਲੋਕਾਂ ਦੀ ਇਸ ਬਹੁਤ ਹੀ ਲੰਬੇ ਸਮੇਂ ਦੀ ਮੰਗ ਨੂੰ ਮੁੱਖ ਰੱਖਦਿਆਂ, ਇਸ 25 ਬਿਸਤਰਿਆਂ ਦੇ ਕਮਿਊਨਿਟੀ ਸਿਹਤ ਕੇਂਦਰ ਦਾ ਸਾਰੇ ਮਨਜ਼ੂਰਸ਼ੁਦਾ ਸਟਾਫ਼ ਮੁੱਖ ਮੰਤਰੀ ਨੂੰ ਕਹਿ ਕੇ ਤੁਰੰਤ ਪੂਰਾ ਕਰਵਾਇਆ ਜਾਵੇ, ਤਾਂ ਜੋ ਆਮ ਲੋਕਾਂ ਨੂੰ ਸਿਹਤ ਸਹੂਲਤਾਂ ਵਧੀਆ ਢੰਗ ਨਾਲ ਮਿਲ ਸਕਣ।

# ਲੀਡਰਸ਼ਿਪ ਚੁਣੌਤੀ ਆਈ ਤਾਂ ਮੁਕਾਬਲਾ ਕਰਾਂਗਾ: ਸਟਾਰਮਰ

**ਲੈਸਟਰ (ਇੰਗਲੈਂਡ), 7 ਜੂਨ (ਸੁਖਜਿੰਦਰ ਸਿੰਘ ਢੱਡੇ)-** ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਨੇ ਆਪਣੇ ਸਮਰਥਕਾਂ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਜੇਕਰ ਲੇਬਰ ਪਾਰਟੀ ਵਿੱਚ ਲੀਡਰਸ਼ਿਪ ਚੋਣ ਹੁੰਦੀ ਹੈ ਤਾਂ ਉਹ ਪਾਰਟੀ ਆਗੂ ਦੇ ਅਹੁਦੇ ਲਈ ਮੈਦਾਨ ਵਿੱਚ ਡਟ ਕੇ ਮੁਕਾਬਲਾ ਕਰਨਗੇ। ਇਸ ਤੋਂ ਪਹਿਲਾਂ ਸਟਾਰਮਰ ਅਤੇ ਉਨ੍ਹਾਂ ਦੇ ਕਰੀਬੀ ਸਾਥੀ ਸਿਰਫ਼ ਇਹ ਕਹਿੰਦੇ ਰਹੇ ਸਨ ਕਿ ਉਹ ਅਹੁਦਾ ਨਹੀਂ ਛੱਡਣਗੇ, ਪਰ ਹੁਣ ਉਨ੍ਹਾਂ ਨੇ ਪਹਿਲੀ ਵਾਰ ਖੁੱਲ੍ਹ ਕੇ ਚੁਣੌਤੀ ਦਾ ਸਾਹਮਣਾ ਕਰਨ ਦਾ ਐਲਾਨ ਕੀਤਾ ਹੈ। ਸੂਤਰਾਂ ਮੁਤਾਬਕ ਇਹ ਰੁਖ ਉਸ ਸਮੇਂ ਹੋਰ ਸਖ਼ਤ ਹੋ ਗਿਆ ਜਦੋਂ ਗ੍ਰੇਟਰ ਮੈਨਚੈਸਟਰ ਦੇ ਮੇਅਰ ਐਂਡੀ ਬਰਨਹਮ ਨੇ ਸੰਕੇਤ ਦਿੱਤਾ ਕਿ ਜੇਕਰ ਲੀਡਰਸ਼ਿਪ ਮੁਕਾਬਲਾ ਹੁੰਦਾ ਹੈ ਤਾਂ ਉਹ ਵੀ ਇਸ ਵਿੱਚ ਹਿੱਸਾ ਲੈਣਗੇ। ਸਟਾਰਮਰ ਦਾ ਮੰਨਣਾ ਹੈ ਕਿ ਇਸ ਸਮੇਂ ਲੀਡਰਸ਼ਿਪ ਚੋਣ ਦੇਸ਼ ਅਤੇ ਪਾਰਟੀ ਨੂੰ ਅਸਥਿਰਤਾ ਵੱਲ ਧੱਕ ਸਕਦੀ ਹੈ। ਉਨ੍ਹਾਂ ਨੇ ਕਿਹਾ ਕਿ ਦੋ ਸਾਲ ਪਹਿਲਾਂ ਮਿਲੇ ਭਾਰੀ ਬਹੁਮਤ ਦੇ ਆਧਾਰ 'ਤੇ ਉਨ੍ਹਾਂ ਨੂੰ ਲੋਕਾਂ ਦਾ ਮਜ਼ਬੂਤ ਫਤਵਾ ਮਿਲਿਆ ਸੀ, ਜਿਸ ਨੂੰ ਪੂਰਾ ਕਰਨ ਲਈ ਉਹ ਵਚਨਬੱਧ ਹਨ। ਪਿਛਲੇ ਕੁਝ ਹਫ਼ਤਿਆਂ ਤੋਂ ਲੇਬਰ ਪਾਰਟੀ ਅੰਦਰ ਸਟਾਰਮਰ ਦੀ ਅਗਵਾਈ ਨੂੰ ਲੈ ਕੇ ਚਰਚਾ ਚੱਲ ਰਹੀ ਹੈ। ਸਾਬਕਾ ਸਿਹਤ ਮੰਤਰੀ ਵੇਸ ਸਟ੍ਰੀਟਿੰਗ ਅਤੇ ਐਂਡੀ ਬਰਨਹਮ ਦੇ ਨਾਮ ਸੰਭਾਵੀ ਦਾਅਵੇਦਾਰਾਂ ਵਜੋਂ ਸਾਹਮਣੇ ਆ ਰਹੇ ਹਨ, ਜਦਕਿ ਕਈ ਲੇਬਰ ਸੰਸਦ ਮੈਂਬਰਾਂ ਵੱਲੋਂ ਵੀ ਸਟਾਰਮਰ 'ਤੇ ਅਹੁਦਾ ਛੱਡਣ ਲਈ ਦਬਾਅ ਬਣਾਇਆ ਗਿਆ ਹੈ। ਮਾਮਲੇ ਦੀ ਅਗਲੀ ਦਿਸ਼ਾ 18 ਜੂਨ ਨੂੰ ਹੋਣ ਵਾਲੀ ਮੇਕਰਫੀਲਡ ਜ਼ਿਮਨੀ ਚੋਣ ਦੇ ਨਤੀਜੇ 'ਤੇ ਨਿਰਭਰ ਕਰੇਗੀ। ਬਰਨਹਮ ਲਈ ਇਹ ਸੀਟ ਜਿੱਤਣਾ ਜ਼ਰੂਰੀ ਹੈ ਤਾਂ ਜੋ ਉਹ ਸੰਭਾਵੀ ਲੀਡਰਸ਼ਿਪ ਚੋਣ ਵਿੱਚ ਹਿੱਸਾ ਲੈ ਸਕਣ।

# ਸਮਾਜ ਸੇਵਾ ਦੇ ਖੇਤਰ ਵਿੱਚ ਮਿਸਾਲੀ ਕਾਰਜ: ਮਹਾਂ ਰਿਸ਼ੀ ਬਾਲਮੀਕ ਸਭਾ ਵੱਲੋਂ ਪ੍ਰਧਾਨ ਸੁਰਿੰਦਰ ਛਿੰਦਾ ਰੈਲ ਮਾਜਰਾ ਦਾ ਵਿਸ਼ੇਸ਼ ਸਨਮਾਨ

**●ਆਪਣੇ ਹੱਕਾਂ ਲਈ ਸੰਘਰਸ਼ ਕਰ ਰਹੇ ਲੋਕਾਂ ਤੇ ਲਾਠੀਚਾਰਜ ਕਰਨਾ ਬਹੁਤ ਨਿੰਦਣਯੋਗ :ਸੰਦੀਪ ਭਾਟੀਆ (ਸੋਨੂੰ )ਆਦੋਆਣਾ ●ਕਿਹਾ; ਅਜਿਹੇ ਤਰਸਯੋਗ ਹਾਲਾਤ ਪਿਛਲੇ 75 ਸਾਲਾਂ ਤੋਂ ਕਦੇ ਵੀ ਦੇਖਣ ਨੂੰ ਨਹੀਂ ਮਿਲੇ**

**ਨਵਾਂਸ਼ਹਿਰ 7 ਜੂਨ (ਜਤਿੰਦਰ ਪਾਲ ਸਿੰਘ ਕਲੇਰ )** ਆਪਣੇ ਹੱਕਾਂ ਦੇ ਲਈ ਸੰਘਰਸ਼ ਕਰਨ ਵਾਲੇ ਇੰਪਲਾਈਜ਼, ਸੁਵਿਧਾ ਕੇਂਦਰ ਕਰਮਚਾਰੀਆਂ ਅਤੇ ਜਥੇਬੰਦੀਆਂ ਨੇ ਪੰਜਾਬ ਪੱਧਰ ਤੋਂ ਇਕੱਠੇ ਹੋ ਕੇ ਸੁਨਾਮ ਦੀ ਨਵੀਂ ਅਨਾਜ ਮੰਡੀ ਵਿੱਚ ਧਰਨਾ ਲਗਾਉਣਾ ਸੀ। ਪਰ ਆਪਣਾ ਜਾਇਜ਼ ਹੱਕਾਂ ਲਈ ਸੰਘਰਸ਼ ਕਰ ਰਹੇ ਲੋਕਾਂ ਤੇ ਲਾਠੀ ਚਾਰਜ ਕਰਵਾਉਣਾ ਇਸ ਪੰਜਾਬ ਸਰਕਾਰ ਦੀ ਤਾਨਾਸ਼ਾਹੀ ਦਾ ਮੂੰਹ ਬੋਲਦਾ ਸਬੂਤ ਹੋਇਆ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਭਾਜਪਾ ਦੇ ਸੀਨੀਅਰ ਆਗੂ ਸੰਦੀਪ ਭਾਟੀਆ (ਸੋਨੂੰ) ਆਦੋਆਣਾ ਨੇ ਕੀਤਾ। ਲੱਕੀ ਨੇ ਕਿਹਾ ਕਿ ਇਸ ਅਨਾਜ ਮੰਡੀ ਤੋਂ ਹੀ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਪ੍ਰਧਾਨ ਅਮਨ ਅਰੋੜਾ ਅਤੇ ਸੂਬੇ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਲੋਕਾਂ ਨੂੰ ਕਈ ਵਾਰ ਸੰਬੋਧਨ ਕੀਤਾ ਹੈ। ਪਰ ਅੱਜ ਇਸੇ ਜਗ੍ਹਾ ਤੇ ਆਪਣੀ ਆਵਾਜ਼ ਨੂੰ ਬੁਲੰਦ ਕਰਨ ਲਈ ਆਪਣੇ ਹੱਕਾਂ ਦੀ ਲੜਾਈ ਲੜਨ ਅਤੇ ਆਪਣੀਆਂ ਜਾਇਜ਼ ਮੰਗਾਂ ਨੂੰ ਸਰਕਾਰ ਦੇ ਕੰਨਾਂ ਤੱਕ ਪਹੁੰਚਾਉਣ ਲਈ ਇਕੱਠੇ ਹੋਏ ਲੋਕਾਂ ਤੇ ਲਾਠੀ ਚਾਰਜ ਕਰਨਾ ਅਤੇ ਉਹਨਾਂ ਨੂੰ ਇਕੱਠੇ ਨਾ ਹੋਣ ਦੇਣਾ ਤੇ ਉਹਨਾਂ ਨੂੰ ਥਾਣਿਆਂ-ਜੇਲਾਂ ਵਿੱਚ ਬੰਦ ਕਰਨਾ ਬਹੁਤ ਹੀ ਨਿੰਦਨਯੋਗ ਵਰਤਾਰਾ ਹੈ। ਸੋਨੂੰ ਭਾਟੀਆ ਕਿਹਾ ਕਿ ਮੈਂ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੂੰ ਕਹਿਣਾ ਚਾਹੁੰਦਾ ਹਾਂ ਕਿ ਕਿਰਪਾ ਕਰਕੇ ਇਹਨਾਂ ਲੋਕਾਂ ਨੂੰ ਬਿਠਾ ਕੇ ਮੀਟਿੰਗ ਕਰਕੇ ਇਹਨਾਂ ਦਾ ਹੱਲ ਕਰੋ। ਜਿੰਨੀ ਤਰਸਯੋਗ ਹਾਲਤ ਅੱਜ ਮੁਲਾਜ਼ਮਾਂ ਅਤੇ ਕਿਸਾਨਾਂ ਦੀ ਹੈ, ਅਜਿਹੇ ਹਾਲਾਤ ਪੰਜਾਬ ਵਿੱਚ ਪਿਛਲੇ 75 ਸਾਲਾਂ ਵਿੱਚ ਕਦੇ ਵੀ ਦੇਖਣ ਨੂੰ ਨਹੀਂ ਮਿਲੇ ਸਨ। ਉਹਨਾਂ ਸੰਘਰਸ਼ ਕਰ ਰਹੇ ਲੋਕਾਂ ਨੂੰ ਵੀ ਕਿਹਾ ਕਿ ਮੈਂ ਅਤੇ ਸਾਰੀ ਭਾਜਪਾ ਦੀ ਲੀਡਰਸ਼ਿਪ ਉਹਨਾਂ ਦੇ ਨਾਲ ਹੈ, ਜਿੱਥੇ ਵੀ ਸਾਨੂੰ ਆਵਾਜ਼ ਮਾਰੋਗੇ ਅਸੀਂ ਪਹਿਲਾਂ ਵੀ ਤੁਹਾਡੇ ਹੱਕਾਂ ਲਈ ਖੜ੍ਹਦੇ ਰਹੇ ਹਾਂ ਅਤੇ ਭਵਿੱਖ ਵਿੱਚ ਵੀ ਤੁਹਾਡੇ ਹੱਕਾਂ ਲਈ ਖੜ੍ਹਦੇ ਰਹਾਂਗੇ।

# ਗੁਰਬਾਣੀ ਸੰਥਿਆਂ ਗੁਰਮਤਿ ਪ੍ਰਚਾਰ ਤਹਿਤ ਸਹੂੰਗੜਾ ਵਿਖੇ ਬੱਚਿਆਂ ਦੇ ਮੁਕਾਬਲੇ ਕਰਵਾਏ

## ਐਨ ਆਰ ਆਈ, ਪੰਚਾਇਤ ਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਬੱਚਿਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ

**ਸੜੋਆ (ਸਤਨਾਮ ਸਿੰਘ ਸਹੂੰਗੜਾ)** ਗੁਰਦੁਆਰਾ ਸ੍ਰੀ ਸਿੰਘ ਸਭਾ ਸਹੂੰਗੜਾ ਵਿਖੇ ਸਾਹਿਬ ਏ ਕਮਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਰਚਿਤ ਬਾਣੀ ਦੀ ਗੁਰਬਾਣੀ ਸੰਥਿਆ ਗੁਰਮਤਿ ਪ੍ਰਚਾਰ ਲਹਿਰ ਨਵਾਂਸ਼ਹਿਰ ਵਾਲਿਆਂ ਵੱਲੋਂ ਪੰਜਵਾਂ ਬਾਲ ਸੰਭਾਲ ਗੁਰਮਤਿ ਸਮਾਗਮ ਅੱਜ ਸਮਾਪਤ ਹੋ ਗਿਆ। ਇਹ ਸਮਾਗਮ ਸਮੂਹ ਐਨ ਆਰ ਆਈ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਬਾਰੇ ਭਾਈ ਹਰਜਿੰਦਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਤਿੰਨ ਦਿਨਾਂ ਤੋਂ ਇਹ ਸਮਾਗਮ ਇੱਕ ਜੂਨ ਤੋਂ ਲੈ ਕੇ 6 ਜੂਨ ਤੱਕ 1984 ਦੇ ਘੱਲੂਘਾਰਾ ਦਿਵਸ ਦੇ ਸ਼ਹੀਦਾਂ ਸਿੰਘਾਂ ਦੀ ਯਾਦ 'ਚ ਕਰਵਾਇਆ ਗਿਆ ਸਮਾਗਮ ਯਾਦਗਾਰੀ ਹੋ ਨਿੱਬੜਿਆ। ਇਸ ਵਿੱਚ ਵੱਖ ਵੱਖ ਪਿੰਡਾਂ ਤੋਂ ਬੱਚੇ ਤੇ ਬੱਚੀਆਂ ਪੂਰੇ ਉਤਸ਼ਾਹ ਨਾਲ ਭਾਗ ਲੈਣ ਲਈ ਪਹੁੰਚੇ ਹੋਏ ਸਨ। ਜਿਨਾਂ ਨੇ ਦਸਤਾਰ ਮੁਕਾਬਲੇ, ਦੁਮਾਲਾ ਸਜਾਉਣਾ ਮੁਕਾਬਲੇ ਅਤੇ ਸਿੱਖ ਇਤਿਹਾਸ ਸੰਬੰਧੀ ਜਾਣਕਾਰੀ ਦੀ ਪੇਪਰ ਦੇ ਲਿਖਤੀ ਮੁਕਾਬਲੇ ਵਿੱਚ ਭਾਗ ਲਿਆ। ਇਹਨਾਂ ਦੇ ਵਿੱਚ ਦਸਤਾਰ ਮੁਕਾਬਲੇ ਵਿੱਚ ਕਰਨਵੀਰ ਸਿੰਘ ਟੋਰੋਵਾਲ ਪਹਿਲਾ ਸਥਾਨ, ਤਰਨਜੋਤ ਸਿੰਘ ਰਾਣੇਵਾਲ ਦੂਜਾ ਸਥਾਨ, ਸਾਹਿਬ ਸਿੰਘ ਰਾਣੇਵਾਲ ਤੀਜਾ ਸਥਾਨ, ਦੁਮਾਲਾ ਸਾਹਿਬ ਮੁਕਾਬਲੇ ਚ ਰਣ ਫਤਿਹ ਸਿੰਘ ਸਹੂੰਗੜਾ ਪਹਿਲਾ ਸਥਾਨ, ਮਨਸੀਰਤ ਕੌਰ ਰਾਣੇਵਾਲ ਦੂਜਾ ਸਥਾਨ, ਗੁਰਬਾਜ ਸਿੰਘ ਮੱਲਪੁਰ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਬਾਅਦ ਲਿਖਤੀ ਪੇਪਰ ਮੁਕਾਬਲਾ ਵਿੱਚ ਉਮਰ 5 ਤੋਂ 10 ਸਾਲ ਦੇ ਬੱਚਿਆਂ ਵਿੱਚ ਹੋਇਆ। ਜਿਹਨਾਂ ਵਿੱਚ ਜਸਲੀਨ ਕੌਰ

ਮਹਿੰਦਪੁਰ ਪਹਿਲਾ ਸਥਾਨ, ਫਤਿਹ ਸਿੰਘ ਭਾਰਾਪੁਰ ਦੂਜਾ ਸਥਾਨ, ਨਵਜੋਤ ਕੌਰ ਮੱਲਪੁਰ ਤੀਜਾ ਸਥਾਨ ਅਤੇ 11 ਤੋਂ 18 ਸਾਲ ਦੇ ਬੱਚੇ ਗੁਰਜੋਤ ਕੌਰ ਪੁੱਤਰੀ ਪਰਦੀਪ ਸਿੰਘ ਮੱਲਪੁਰ ਪਹਿਲਾ ਸਥਾਨ, ਮਨਕੀਰਤ ਸਿੰਘ ਪੁੱਤਰ ਇੰਦਰ ਸਿੰਘ ਸਿਕੰਦਰਪੁਰ ਦੂਜਾ ਸਥਾਨ, ਖੁਸ਼ਪ੍ਰੀਤ ਕੌਰ ਪੁੱਤਰੀ ਜਸਵਿੰਦਰ ਸਿੰਘ ਮੈਹਿੰਦਪੁਰ ਤੀਜਾ ਸਥਾਨ ਪ੍ਰਾਪਤ ਕੀਤਾ। ਇਹਨਾਂ ਸਾਰਿਆਂ ਬੱਚਿਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਅੱਜ ਦੇ ਸਮਾਗਮ ਨੂੰ ਸੰਬੋਧਨ ਕਰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਪਿਆਰਾ ਸਿੰਘ ਨੇ ਧੰਨਵਾਦ ਕਰਦੇ ਕਿਹਾ, ਕਿ ਸਾਨੂੰ ਆਪਣੇ ਬੱਚਿਆਂ ਨੂੰ ਗੁਰਬਾਣੀ ਦੇ ਨਾਲ ਜੋੜਨਾ ਚਾਹੀਦਾ ਹੈ ਤਾਂ ਜੋ ਇਹ ਬੱਚੇ ਕੱਲ੍ਹ ਨੂੰ ਵੱਡੇ ਹੋ ਕੇ ਨਸ਼ਿਆਂ ਤੋਂ ਰਹਿਤ ਜੀਵਨ ਜਿਉਂਦੇ ਹੋਏ ਉੱਚੇ ਸੁੱਚੇ ਵਿਚਾਰਾਂ ਦੇ ਮਾਲਕ ਬਣਨ। ਉਹਨਾਂ ਬੱਚਿਆਂ ਨੂੰ ਗੁਰੂ ਦੇ ਲੜ ਲੱਗਣ ਦੀ ਵੀ ਪ੍ਰੇਰਣਾ ਦਿੱਤੀ। ਇਸ ਤੋਂ ਬਾਅਦ ਪਿੰਡ ਸਹੂੰਗੜਾ ਦੇ ਮੌਜੂਦਾ ਸਰਪੰਚ ਡਾਕਟਰ ਹਰਭਜਨ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਦੱਸਿਆ ਕਿ ਇਸ ਸਾਰੇ ਉਪਰਾਲੇ ਦੀ ਜਿਆਦਾ ਦੇਣ ਸਾਡੇ ਵੀਰ ਕੈਨੇਡਾ ਨਿਵਾਸੀ ਲਖਵੀਰ ਸਿੰਘ ਖੇਲਾ ਦੀ ਹੈ। ਉਹਨਾਂ ਵਿਦੇਸ਼ ਬੈਠਿਆਂ ਸਾਡੀ ਪੰਚਾਇਤ ਨਾਲ ਤੇ ਪਿੰਡ ਦੇ ਸਿੱਖੀ ਨੂੰ ਪਿਆਰ ਕਰਨ ਵਾਲੇ ਬਹੁਤ ਹੀ ਸੂਝਵਾਨ ਵੀਰਾਂ, ਭੈਣਾਂ ਨਾਲ ਫੋਨ ਕਰਕੇ ਜਾਂ ਜਿਸ ਵੀ ਮਾਧਿਅਮ ਰਾਹੀਂ ਹੋ ਸਕਿਆ ਉਹਨਾਂ ਬੱਚਿਆਂ ਦੇ ਪਰਿਵਾਰਾਂ ਨਾਲ ਸੰਪਰਕ ਕਰਕੇ ਬੱਚਿਆਂ ਨੂੰ ਨਸ਼ਿਆਂ ਦੀ ਭੈੜੀ ਅਲਾਮਤ ਤੋਂ ਬਚਾਉਣ ਹਿੱਤ ਇਸ ਉਪਰਾਲੇ ਦਾ ਹਿੱਸਾ ਬਣਨ ਦੀਆਂ ਬੇਨਤੀਆਂ ਕੀਤੀਆਂ। ਜਿਸ ਨੂੰ ਸਾਡੇ ਪਿੰਡ ਦੇ ਸੂਝਵਾਨ ਲੋਕਾਂ ਨੇ ਪਿਆਰ ਭਰਿਆ ਹੁੰਗਾਰਾ ਦੇ ਕੇ ਆਪਣੇ ਬੱਚਿਆਂ ਦੇ ਭਵਿੱਖ ਨੂੰ ਉੱਜਵਲ ਬਣਾਉਣ ਲਈ ਤੇ ਗੁਰੂ ਦੇ ਲੜ ਲੱਗਣ ਲਈ ਆਪਣਾ ਸਹਿਯੋਗ ਦਿੱਤਾ। ਅੱਜ ਅਸੀਂ ਵੀਰ ਲਖਵੀਰ ਸਿੰਘ ਖੇਲਾ ਕੈਨੇਡਾ ਨਿਵਾਸੀ ਦਾ ਤੇ ਪਿੰਡ ਦੇ ਹੋਰ ਸਾਰੇ ਸੂਝਵਾਨ ਵੀਰਾਂ, ਭੈਣਾਂ ਦਾ ਇਸ ਉੱਦਮ ਨੂੰ ਸਫਲ ਬਣਾਉਣ ਲਈ ਧੰਨਵਾਦ ਕਰਦੇ ਹਾਂ। ਇਸ ਮੌਕੇ ਜਥੇਦਾਰ ਸਤਨਾਮ ਸਿੰਘ ਸਹੂੰਗੜਾ, ਮੋਹਣ ਸਿੰਘ, ਗਿਆਨੀ ਗੁਰਬਚਨ ਸਿੰਘ, ਗ੍ਰੰਥੀ ਬਲਬੀਰ ਸਿੰਘ, ਜੁਝਾਰ ਸਿੰਘ ਖੇਲਾ, ਜਥੇਦਾਰ ਸਤਨਾਮ ਸਿੰਘ ਗੁੱਲਪੁਰ, ਤਲਵਿੰਦਰ ਸਿੰਘ ਐਮਾਂ, ਮਨਿੰਦਰ ਸਿੰਘ, ਕਮਲਦੀਪ ਸਿੰਘ ਰਕਾਸਣ, ਸੰਤ ਬਾਬਾ ਸਰਬਜੀਤ ਸਿੰਘ ਮੋਇਲਾ ਵਾਹਿਦ ਪੁਰ ਵਾਲੇ, ਬਿੱਕਰ ਸਿੰਘ, ਸਤਨਾਮ ਸਿੰਘ ਖੇਲਾ, ਜੁਝਾਰ ਸਿੰਘ ਸੋਹਲ, ਨਿਰਮਲ ਸਿੰਘ, ਬਾਬਾ ਰਣਜੀਤ ਸਿੰਘ, ਸੁਖਜਿੰਦਰ ਸਿੰਘ ਕਾਕਾ, ਗੁਰਦੇਵ ਸਿੰਘ ਬਿੰਦਰਾ ਸਮੇਤ ਬੱਚਿਆਂ ਦੇ ਮਾਤਾ, ਪਿਤਾ ਤੇ ਪਿੰਡ ਦੀ ਸੰਗਤ ਵੱਡੇ ਪੱਧਰ ਤੇ ਇਸ ਸਮਾਗਮ ਵਿੱਚ ਸ਼ਾਮਲ ਹੋਈ।

## ਹਰ ਸਵਾਲ ਦਾ ਹੱਲ

ਸਵਾਲੇ-ਜ਼ਿੰਦਗੀ ਦਾ ਇੱਕ, ਅਸੀਂ ਹੱਲ ਬਣ ਕੇ ਨਿੱਕਲੇ ਹਾਂ,
ਸੂਲਾਂ ਵਾਲੇ ਰਾਹਾਂ ਦਾ, ਅਸੀਂ ਵੱਲ ਬਣ ਕੇ ਨਿੱਕਲੇ ਹਾਂ।
ਤੁਹਾਨੂੰ ਲੱਗਦੈ ਕਿ ਕੱਲ੍ਹ ਦੀ ਹੀ, ਕੋਈ ਇਹ ਗੱਲ ਹੈ ਸੱਜਣੋ,
ਅਸੀਂ ਜੁੱਗਾਂ ਦੇ ਪਲ-ਪਲ ਦਾ, ਕੋਈ ਫਲ ਬਣ ਕੇ ਨਿੱਕਲੇ ਹਾਂ।
ਉਖਾੜੇ ਡਿਲਿਆਂ ਵਾਂਗੂੰ, ਹੀ ਸਾਨੂੰ ਸੁੱਟਿਆ ਸੀ ਉਸ,
ਮਗਰ ਅਸੀਂ ਤਾਂ ਧਰਤੀ ਦੀ, ਹੀ ਮੱਲ ਬਣ ਕੇ ਨਿੱਕਲੇ ਹਾਂ।
ਫਿਰੇ ਦੁਨੀਆ ਇਹ ਝੂਠੇ ਕੱਚ, ਦੇ ਬਾਜ਼ਾਰ ਦੇ ਅੰਦਰ,
ਅਸੀਂ ਤਾਂ ਸੱਚੀ ਹਿੱਕ ਦਾ ਹੀ, ਇੱਕ ਬਲ ਬਣ ਕੇ ਨਿੱਕਲੇ ਹਾਂ।
ਉਹ ਰਾਂਝਾ ਵੰਝਲੀ ਲੈ ਕੇ, ਤਾਂ ਝੰਗ ਦੇ ਵੱਲ ਹੀ ਤੁਰਿਆ ਸੀ,
ਅਸੀਂ ਤਖ਼ਤੇ-ਹਜ਼ਾਰੇ ਦੀ, ਹੀ ਚੱਲ ਬਣ ਕੇ ਨਿੱਕਲੇ ਹਾਂ।
ਮਿਟੇਗੀ ਨਫ਼ਰਤ ਹੁਣ ਸਾਡੀ, ਕਲਮ ਦੀ ਨੋਕ ਦੇ ਉੱਤੋਂ,
ਮੁਹੱਬਤ ਦੀ ਅਸੀਂ ਮਿੱਠੀ, ਜਿਹੀ ਗੱਲ ਬਣ ਕੇ ਨਿੱਕਲੇ ਹਾਂ।
ਹਨ੍ਹੇਰੇ ਪੁੱਛਦੇ ਨੇ: "ਕਿੰਝ, ਬਾਹਰ ਆ ਗਏ ਹੋ ਤੁਸੀਂ?"
ਕਿਹਾ ਕਿ: "ਥੱਲ-ਪਥੱਲ ਦਾ ਹੀ, ਅਸੀਂ ਹੱਲ ਬਣ ਕੇ ਨਿੱਕਲੇ ਹਾਂ।"
ਸਮਝਿਆ ਸੀ ਉਨ੍ਹਾਂ 'ਖਿੱਚੀ' ਨੂੰ, ਕਾਹੀ ਫੁੱਲ ਦੇ ਵਾਂਗੂੰ,
ਅਸੀਂ ਤੂਫ਼ਾਨਾਂ ਦੇ ਰਾਹਾਂ, ਦੀ ਠੱਲ੍ਹ ਬਣ ਕੇ ਨਿੱਕਲੇ ਹਾਂ।

**ਪ੍ਰੋ. ਪਵਨ ਖਿੱਚੀ, ਮਾਨਸਾ**
**ਮੋਬਾ. 9478160786**

## ਸਿੱਖ ਨੈਸ਼ਨਲ ਕਾਲਜ ਬੰਗਾ ਦੀ ਵਿਦਿਆਰਥਣ ਲਵਜੋਤ ਕਾਹਮਾ ਨੇ ਨਵਾਂ ਰਿਕਾਰਡ ਕਾਇਮ ਕੀਤਾ

**ਬੰਗਾ (ਚਰਨਜੀਤ ਸੱਲ੍ਹਾ)** ਪਿਛਲੇ ਦਿਨੀ ਗੁਰੂ ਨਾਨਕ ਸਟੇਡੀਅਮ ਲੁਧਿਆਣਾ ਵਿਖੇ ਪੰਜਾਬ ਸਟੇਟ ਸੀਨੀਅਰ ਚੈਂਪੀਅਨ ਸ਼ਿਪ ਪੋਡਾਂ ਦਾ ਅਯੋਜਿਨ ਕੀਤਾ ਗਿਆ । ਇਨਾ ਖੇਡਾਂ ਵਿੱਚ ਸਿੱਖ ਨੈਸ਼ਨਲ ਕਾਲਜ ਬੰਗਾ ਦੀ ਵਿਦਿਆਰਥਣ ਲਵਜੋਤ ਕੌਰ ਕਾਹਮਾ ਨੇ ਪਹਿਲੀ ਵਾਰ ਹਿੱਸਾ ਲੈ ਕੇ ਪੰਜਾਬ ਭਰ ਚੋਂ 100 ਮੀਟਰ ਦੀ ਰੇਸ 11.99 ਸੈਕਿੰਡ ਵਿੱਚ ਪੂਰੀ ਕਰਕੇ ਪਹਿਲਾ ਸਥਾਨ ਹਾਸਿਲ ਕਰਕੇ ਰਿਕਾਰਡ ਬਣਾਇਆ ਅਤੇ ਨੈਸ਼ਨਲ ਲਈ ਕੁਆਲੀਫਾਈਡ ਕੀਤਾ ਹੈ। ਇਸ ਖੁਸ਼ੀ ਵਿੱਚ . ਡਾ. ਬੀ. ਆਰ. ਅੰਬੇਡਕਰ ਪਿਉਪਲ ਐਜੂਕੇਸ਼ਨ ਐਂਡ ਵੇਲਫੇਅਰ ਏਡ ਸੋਸਾਇਟੀ ਪੰਜਾਬ (ਹਜਿ.) ਵਲੋ ਲਵਜੋਤ ਕੌਰ ਕਾਹਮਾ ਨੂੰ 2100/- ਰੁ. ਦੇ ਕੇ ਸਨਮਾਨਿਤ ਕੀਤਾ ਗਿਆ। ਡਾ ਬੀ. ਆਰ ਅੰਬੇਡਕਰ ਸੋਸਾਇਟੀ ਦੇ ਸਲਾਹਕਾਰ ਅਤੇ ਸਿੱਖ ਨੈਸ਼ਨਲ ਕਾਲਜ ਦੇ ਸਾਬਕਾ ਵਿਦਿਆਰਥੀ ਕਿਰਪਾਲ ਸਿੰਘ ਝੱਲੀ ਸੇਵਾਮੁਕਤ ਜਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਜਲੰਧਰ ਅਤੇ ਸਮੂਹ ਝੱਲੀ ਪਰਿਵਾਰ ਵਲੋਂ ਜੇਤੂ ਖਿਡਾਰਨ ਨੂੰ ਪੀ.ਟੀ. ਮਹਿੰਗਾ ਸਿੰਘ ਪਵੀਲੀਅਨ ਸਟੇਡੀਅਮ ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਤਹਿ ਦਿਲੋਂ ਵਧਾਈਆਂ ਦਿੱਤੀਆਂ ਅਤੇ ਜੋਰ ਸ਼ੋਰ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ੍ਰੀ ਝੱਲੀ ਵਲੋਂ ਕਿਹਾ ਕਿ ਜੇਤੂ ਖਿਡਾਰਨ ਦਾ ਸਿਹਰਾ ਕਾਲਜ ਦੇ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਅਤੇ ਕੋਚ ਰਣਧੀਰ ਸਿੰਘ ਭੁੱਲਰ ਦੀ ਅਣਥੱਕ ਮਿਹਨਤ ਦਾ ਸਦਕਾ ਹੈ। ਲੜਕੀਆਂ ਨੂੰ ਖੇਡਾਂ ਦੇ ਹਰੇਕ ਖੇਤਰ ਵਿੱਚ ਸ਼ਾਮਿਲ ਕਰਕੇ ਉਪਰ ਉਠਣ ਦਾ ਮੌਕਾ ਦੇਣਾ ਚਾਹੀਦਾ ਹੈ । ਖਿਡਾਰਨ ਨੇ ਸਾਡੇ ਜਿਲ੍ਹੇ ਸ਼ਹੀਦ ਭਗਤ ਸਿੰਘ ਨਗਰ ਦਾ ਨਾਮ ਰੌਸ਼ਨ ਕੀਤਾ ਹੈ ਅਤੇ ਸਾਨੂੰ ਪੂਰੀ ਆਸ ਹੈ ਕਿ ਨੈਸ਼ਨਲ ਪੱਧਰ 'ਤੇ ਹੋਣ ਵਾਲੀਆਂ ਖੇਡਾਂ ਵਿੱਚ ਵੀ ਪੂਰੇ ਲਗਨ ਨਾਲ ਮਿਹਨਤ ਕਰਕੇ ਸੋਨੇ ਦੇ ਤਗਮੇ ਜਿੱਤ ਕੇ ਆਵੇਗੀ ਅਤੇ ਪੰਜਾਬ ਦਾ ਨਾਮ ਰੌਸਨ ਕਰੇਗੀ । ਇਸ ਮੌਕੇ ਸਮੂਹ ਖਿਡਾਰੀਆਂ ਨੂੰ ਫਰੂਟ ਵੀ ਤਕਸੀਮ ਕੀਤਾ ਗਿਆ । ਸ. ਭੁੱਲਰ ਕੋਚ ਵਲੋਂ ਡਾ. ਬੀ. ਆਰ ਅੰਬੇਡਕਰ ਸੋਸਾਇਟੀ ਅਤੇ ਝੱਲੀ ਪਰਿਵਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਕਾਲਜ ਦੇ ਸਾਬਕਾ ਵਿਦਿਆਰਥੀ ਸੋਹਣ ਸਿੰਘ ਝੱਲੀ ਸਾਬਕਾ ਸੈਕਟਰੀ , ਸੱਤਿਆ ਝੱਲੀ ਸਾਬਕਾ ਸਰਪੰਚ ਪਿੰਡ ਹੀਉਂ ਮੌਜੂਦਾ ਨੰਬਰਦਾਰ , ਲਵਪ੍ਰੀਤ ਕੌਰ ਸਮਰਾਲਾ, ਕੇਹਰ ਸਿੰਘ ਕਾਹਮਾ, ਸਤਵੀਰ ਸਿੰਘ ਸੱਤੀ ਕੋਚ ਜੀਦੋਵਾਲ ਅਤੇ ਖਿਡਾਰੀ ਹਾਜਰ ਸਨ।

# ਸ਼ਾਸਕ ਜਮਾਤ ਦਾ ਚਰਿਤਰ ਨਿਰਮਾਣ ਕਰਕੇ ਹੀ ਡਾਕਟਰ ਅੰਬੇਡਕਰ ਜੀ ਦੀ ਸੋਚ ਦਾ ਭਾਰਤ ਬਣਾਇਆ ਜਾ ਸਕਦਾ ਹੈ: ਡਾਕਟਰ ਕਰੀਮਪੁਰੀ

**ਫਿਲੌਰ ( ਚਰਨਜੀਤ ਸੱਲ੍ਹਾ )** ਪਿੰਡ ਮਠੱਡਾ ਖੁਰਦ ਵਿਧਾਨ ਸਭਾ ਹਲਕਾ ਫਿਲੌਰ ਵਿੱਚ ਵਿਚ ਬਹੁਜਨ ਸਮਾਜ ਪਾਰਟੀ ਵੱਲੋਂ ਪੰਜਾਬ ਸੰਭਾਲੋ ਮਹਿਮ ਦੇ ਤਹਿਤ ਡਾਕਟਰ ਅੰਬੇਡਕਰ ਸਾਹਿਬ ਜੀ ਦੇ ਜਨਮ ਦਿਨ ਨੂੰ ਸਮਰਪਿਤ ਕੀਤਾ ਗਿਆ। ਇਸ ਮੌਕੇ ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਸਪਾ ਪੰਜਾਬ ਨੇ ਵਧਾਈਆਂ ਦਿੱਤੀਆਂ ਅਤੇ ਡਾ ਅੰਬੇਦਕਰ ਸਾਹਿਬ ਜੀ ਨੇ ਸਾਡੇ ਸਮਾਜ ਨੂੰ ਰਾਜ ਕਰਤਾ ਸਮਾਜ ਦਾ ਚਰਿੱਤਰ ਨਿਰਮਾਣ ਕਰਨ ਲਈ ਸੰਘਰਸ਼ ਕੀਤਾ ਸੀ ਆਓ ਆਪਾਂ ਨੇ ਅਧਿਕਾਰੀ ਬਣਨਾ ਹੈ ਭਿਖਾਰੀ ਨਹੀਂ ਇਸ ਮੌਕੇ ਵਿਧਾਨ ਸਭਾ ਫਲੌਰ ਹਲਕੇ ਦੇ ਪ੍ਰਧਾਨ ਸੁਖਵਿੰਦਰ ਬਿੱਟੂ, ਡਾਕਟਰ ਲਖਵੀਰ ਮੁਠੱਡਾ, ਜਿਲਾ ਪਰਿਸ਼ਦ ਮੈਂਬਰ ਮਨਜੀਤ ਜੇਤੀ ਅਪਰੇ ਤੋਂ ਸਰਪੰਚ ਵਿਨੇ ਚੇਅਰਪਰਸਨ ਸੰਦੀਪ ਕੌਰ, ਬਲਾਕ ਸੰਮਤੀ ਮੈਂਬਰ ਕਮਲ ਮਹਿਮੀ,ਬਲਾਕ ਸੰਮਤੀ ਮੈਂਬਰ ਅਨੀਤਾ, ਸਰਪੰਚ ਮਠੱਡਾ ਜਸਪਾਲ ਚੰਦ, ਇੰਸਪੈਕਟਰ ਰਿਟਾਇਰਡ ਰਾਮ ਲਾਲ,ਸੁਰਿੰਦਰ ਗਿੰਦਾ,ਡਾਕਟਰ ਪਵਨ ਕੁਮਾਰ,ਪੰਚ ਜਗੀਰ ਲਾਲ, ਪੰਚ ਹਰਮੇਸ਼ ਲਾਲ, ਪੰਚ ਬੇਬੀ,ਪ੍ਰਧਾਨ ਰੂਪ ਲਾਲ,ਬਿਮਲਾ ਦੇਵੀ ਸਾਬਕਾ ਬਲਾਕ ਸੰਮਤੀ ਮੈਂਬਰ,ਰਿਟਾਇਰਡ ਐਕਸੀਨ ਸਤਪਾਲ ਭੌਂਸਲੇ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਹੋਰ ਬਸਪਾ ਲੀਡਰਸ਼ਿਪ ਅਤੇ ਵਰਕਰ ਸਮਰਥਕ ਹਾਜ਼ਰ ਸਨ।

# ਬਲਾਚੌਰ ਦੇ ਵਿਕਾਸ ਲਈ ਸੀਨੀਅਰ ਆਗੂਆਂ ਦੀ ਮੀਟਿੰਗ, ‘ਬਲਾਚੌਰ ਲੋਕ ਭਲਾਈ ਵਿਕਾਸ ਮੰਚ’ ਬਣਾਉਣ ’ਤੇ ਸਹਿਮਤੀ

**ਨਵਾਂਸ਼ਹਿਰ 7 ਮਈ (ਜਤਿੰਦਰ ਪਾਲ ਸਿੰਘ ਕਲੇਰ )** ਹਲਕਾ ਬਲਾਚੌਰ ਨੂੰ ਤਰੱਕੀ ਦੇ ਰਾਹ ’ਤੇ ਲਿਆਉਣ ਅਤੇ ਪਛੜੇਪਣ ਨੂੰ ਦੂਰ ਕਰਨ ਲਈ ਅੱਜ ਸਥਾਨਕ ਇੱਕ ਹੋਟਲ ਵਿੱਚ ਬਲਾਚੌਰ ਦੇ ਸੀਨੀਅਰ ਆਗੂਆਂ ਦੀ ਅਹਿਮ ਮੀਟਿੰਗ ਹੋਈ। ਮੀਟਿੰਗ ਵਿੱਚ ਸਿਆਸੀ ਪਾਰਟੀਆਂ ਨਾਲ ਸਬੰਧਤ ਆਗੂਆਂ, ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਅਤੇ ਪਤਵੰਤੇ ਸੱਜਣਾਂ ਨੇ ਹਿੱਸਾ ਲਿਆ। ਮੀਟਿੰਗ ਦੇ ਵੇਰਵੇ ਸਾਂਝੇ ਕਰਦੇ ਹੋਏ ਉੱਘੇ ਸਮਾਜ ਸੇਵੀ ਅਸ਼ੋਕ ਕੁਮਾਰ ਨਾਨੋਵਾਲ ਨੇ ਆਪਣੇ ਸਾਥੀਆਂ ਸਮੇਤ ਗੱਲ ਕਰਦਿਆਂ ਕਿਹਾ ਕਿ ਬਲਾਚੌਰ ਦੇ ਵਿਕਾਸ ਨੂੰ ਲੈ ਕੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਆਗੂਆਂ ਨੇ ਹਲਕੇ ਦੀਆਂ ਦਰਪੇਸ਼ ਸਮੱਸਿਆਵਾਂ ’ਤੇ ਗੰਭੀਰਤਾ ਨਾਲ ਚਰਚਾ ਕੀਤੀ। ਸੜਕਾਂ ਦੀ ਮਾੜੀ ਹਾਲਤ, ਸਿਹਤ ਸਹੂਲਤਾਂ ਦੀ ਘਾਟ, ਬੇਰੁਜ਼ਗਾਰੀ, ਪੀਣ ਵਾਲੇ ਪਾਣੀ ਦੀ ਸਮੱਸਿਆ ਅਤੇ ਉਦਯੋਗਿਕ ਪਛੜੇਪਣ ਵਰਗੇ ਮੁੱਦੇ ਉਠਾਏ ਗਏ। ਆਗੂਆਂ ਨੇ ਸਹਿਮਤੀ ਪ੍ਰਗਟਾਈ ਕਿ ਹਲਕੇ ਦੀਆਂ ਮੁਸ਼ਕਲਾਂ ਹੱਲ ਕਰਨ ਲਈ ਇੱਕ ਸਾਂਝੇ ਮੰਚ ਦਾ ਗਠਨ ਕੀਤਾ ਜਾਣਾ ਚਾਹੀਦਾ ਹੈ। ਇਸੇ ਮਕਸਦ ਤਹਿਤ ‘ਬਲਾਚੌਰ ਲੋਕ ਭਲਾਈ ਵਿਕਾਸ ਮੰਚ’ ਬਣਾਉਣ ਦਾ ਫੈਸਲਾ ਲਿਆ ਗਿਆ। ਇਸ ਮੰਚ ’ਤੇ ਸਾਰੀਆਂ ਪਾਰਟੀਆਂ ਦੇ ਆਗੂ ਬਿਨਾਂ ਕਿਸੇ ਰਾਜਨੀਤਕ ਵਿਰੋਧ ਤੋਂ ਇਕੱਠੇ ਹੋ ਕੇ ਸਿਰਫ਼ ਬਲਾਚੌਰ ਦੇ ਭਲੇ ਲਈ ਕੰਮ ਕਰਨਗੇ। ਮੰਚ ਦਾ ਮੁੱਖ ਮਕਸਦ ਹਲਕੇ ਦੇ ਵਿਕਾਸ ਸਬੰਧੀ ਮੰਗਾਂ ਨੂੰ ਸਰਕਾਰ ਅੱਗੇ ਰੱਖਣਾ, ਵਿਕਾਸ ਕਾਰਜਾਂ ਦੀ ਨਿਗਰਾਨੀ ਕਰਨਾ ਅਤੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਦਾ ਹੱਲ ਕੱਢਣਾ ਹੋਵੇਗਾ। ਸਰਦਾਰ ਜੋਗਿੰਦਰ ਸਿੰਘ ਅਟਵਾਲ ਅਤੇ ਅਜਮੇਰ ਸਿੰਘ ਭਾਰਾਪੁਰ ਵੱਲੋਂ ਕਿਹਾ ਗਿਆ ਕਿ ਮੰਚ ਵੱਲੋਂ ਬਲਾਚੌਰ ਵਿੱਚ ਇੱਕ ਦਫ਼ਤਰ ਖੋਲ੍ਹਣ ਦਾ ਵੀ ਫੈਸਲਾ ਲਿਆ ਗਿਆ। ਮੰਚ ਦੀ ਅਗਲੀ ਮੀਟਿੰਗ ਉਕਤ ਦਫ਼ਤਰ ਵਿੱਚ ਹੋਵੇਗੀ,ਜਿਸ ਵਿੱਚ ਮੰਚ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਜਾਵੇਗੀ ਅਤੇ ਆਉਣ ਵਾਲੇ ਸੰਘਰਸ਼ ਦੀ ਰੂਪ-ਰੇਖਾ ਤਿਆਰ ਕੀਤੀ ਜਾਵੇਗੀ। ਅੱਜ ਦੀ ਮੀਟਿੰਗ ਵਿੱਚ ਬਹਾਦਰ ਸਿੰਘ ਬਿਰਲ ਪੈਲੀ, ਸਤਨਾਮ ਸਿੰਘ ਸਹੂੰਗੜਾ, ਜਥੇਦਾਰ ਹਜ਼ੂਰਾ ਸਿੰਘ ਪੈਲੀ, ਨਿਰਮੈਲ ਸਿੰਘ ਥਾਂਦੀ, ਸਾਬਕਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਜੁਝਾਰ ਸਿੰਘ ਸੇਠੀ, ਠੇਕੇਦਾਰ ਗੁਰਨਾਮ ਸਿੰਘ ਜੋਗੇਵਾਲ, ਹਰਨੇਕ ਸਿੰਘ ਥਿਆੜਾ ਛਦੌੜੀ, ਪੰਮੀ ਖ਼ਟਾਣਾ, ਸਤਿੰਦਰ ਸਿੰਘ ਸਜਾਵਲਪੁਰ, ਬਲਾਕ ਸੰਮਤੀ ਮੈਂਬਰ ਗੁਰਵਿੰਦਰ ਸਿੰਘ ਗਿਫਟੀ ਭਾਰਾਪੁਰ,ਨਰੇਸ਼ ਕੁਮਾਰ ਕਰੀਮਪੁਰ ਚਾਹਵਾਲਾ,ਠੇਕੇਦਾਰ ਸੁਰੇਸ਼ ਕੁਮਾਰ ਕਰੀਮਪੁਰ ਚਾਹਵਾਲਾ ਹਾਜ਼ਿਰ ਸਨ।

# ਪਛੜੀਆਂ ਸ਼੍ਰੇਣੀਆਂ ਬਸਪਾ ਨਾਲ ਜੁੜ ਕੇ ਆਪਣੇ ਹੱਕ ਅਧਿਕਾਰ ਹਾਸਲ ਕਰਨ: ਬਿਪਲ ਕੁਮਾਰ

## ਬਸਪਾ ਦੇਵੇਗੀ ਪਛੜੇ ਸਮਾਜ ਨੂੰ ਵੱਡੀ ਰਾਜਨੀਤਿਕ ਅਤੇ ਪ੍ਰਸ਼ਾਸਨਿਕ ਹਿੱਸੇਦਾਰੀ–ਡਾਕਟਰ ਕਰੀਮਪੁਰੀ

**ਘਨੌਰ (ਚਰਨਜੀਤ ਸੱਲ੍ਹਾਂ)** ਬਹੁਜਨ ਸਮਾਜ ਪਾਰਟੀ (ਬਸਪਾ) ਵੱਲੋਂ ਹਲਕਾ ਘਨੌਰ ਵਿਖੇ ਇੱਕ ਵਿਸ਼ਾਲ 'ਪਛੜਾ ਸਮਾਜ ਕੇਡਰ ਕੈਂਪ' ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪਛੜੇ ਵਰਗਾਂ ਦੇ ਹੱਕਾਂ-ਹਕੂਕਾਂ ਅਤੇ ਸਿਆਸੀ ਹਿੱਸੇਦਾਰੀ ਨੂੰ ਲੈ ਕੇ ਗੰਭੀਰ ਮੰਥਨ ਕੀਤਾ ਗਿਆ। ਇਸ ਸਮਾਗਮ ਵਿੱਚ ਬਸਪਾ ਦੀ ਚੱਲ ਰਹੀ 'ਪੰਜਾਬ ਸੰਭਾਲੋ ਮੁਹਿੰਮ' ਤਹਿਤ ਪਛੜੇ ਸਮਾਜ ਨੂੰ ਲਾਮਬੰਦ ਹੋਣ ਦਾ ਸੱਦਾ ਦਿੱਤਾ ਗਿਆ। ਕੈਂਪ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਬਸਪਾ ਪੰਜਾਬ ਦੇ ਕੇਂਦਰੀ ਇਨਚਾਰਜ ਸ੍ਰੀ ਬਿਪਲ ਕੁਮਾਰ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਪਛੜੇ ਸਮਾਜ ਨੂੰ ਰਾਜਨੀਤਿਕ ਅਤੇ ਪ੍ਰਸ਼ਾਸਨਿਕ ਖੇਤਰ ਵਿੱਚ ਵੱਡੀ ਹਿੱਸੇਦਾਰੀ ਦਿਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਦੇਸ਼7ਅਤੇ ਸੂਬੇ ਦੀ ਤਰੱਕੀ ਉਦੋਂ ਤੱਕ ਅਧੂਰੀ ਹੈ ਜਦੋਂ ਤੱਕ ਪਛੜੇ ਵਰਗਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਨਹੀਂ ਮਿਲਦੇ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਬਸਪਾ ਪੰਜਾਬ ਦੇ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਆਪਣੇ ਸੰਬੋਧਨ ਵਿੱਚ ਕਿਹਾ: "ਮੰਡਲ ਕਮਿਸ਼ਨ ਦੀ ਰਿਪੋਰਟ ਦੀਆਂ ਸਿਫ਼ਾਰਸ਼ਾਂ ਨੂੰ ਪੂਰੀ ਤਰ੍ਹਾਂ ਲਾਗੂ ਕਰਵਾਉਣਾ ਬਸਪਾ ਦਾ ਮੁੱਖ ਨਿਸ਼ਾਨਾ ਹੈ। ਪਛੜੇ ਵਰਗਾਂ ਨਾਲ ਹੁਣ ਤੱਕ ਦੀਆਂ ਸਰਕਾਰਾਂ ਨੇ ਸਿਰਫ਼ ਵੋਟ ਬੈਂਕ ਵਜੋਂ ਵਰਤੋਂ ਕੀਤੀ ਹੈ, ਪਰ ਬਸਪਾ ਉਨ੍ਹਾਂ ਨੂੰ ਸ਼ਾਸਨ-ਪ੍ਰਸ਼ਾਸਨ ਵਿੱਚ ਬਰਾਬਰ ਦਾ ਹਿੱਸੇਦਾਰ ਬਣਾਏਗੀ।"

ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ ਸਟੇਟ ਇਨਚਾਰਜ ਬਸਪਾ ਪੰਜਾਬ ਪਰਜਾਪਤੀ ਅਜੀਤ ਸਿੰਘ ਭੈਣੇ ਜੀ ਨੇ ਵੀ ਪਛੜੇ ਸਮਾਜ ਨੂੰ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋਣ ਦਾ ਸੁਨੇਹਾ ਦਿੱਤਾ।

**ਸਮਾਗਮ ਵਿੱਚ ਪਹੁੰਚੀ ਪ੍ਰਮੁੱਖ ਲੀਡਰਸ਼ਿਪ:** ਕੇਡਰ ਕੈਂਪ ਦੌਰਾਨ ਬਸਪਾ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਨੇ ਇੱਕਜੁੱਟਤਾ ਦਾ ਪ੍ਰਦਰਸ਼ਨ ਕੀਤਾ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਸ਼ਾਮਲ ਸਨ:

ਸਰਦਾਰ ਬਲਦੇਵ ਸਿੰਘ ਮਹਿਰਾ (ਉਪ ਪ੍ਰਧਾਨ, ਬਸਪਾ ਪੰਜਾਬ)
ਸਰਦਾਰ ਜੋਗਾ ਸਿੰਘ ਪਨੌਦੀਆ
ਮਾਸਟਰ ਅਮਰਜੀਤ ਸਿੰਘ ਜਲੂਰ
ਠੇਕੇਦਾਰ ਹਰਭਜਨ ਸਿੰਘ ਬਜਹੇੜੀ
ਕੁਲਵੰਤ ਸਿੰਘ ਮਹਿਤੋ
ਮੇਜਰ ਸਿੰਘ ਟਿੱਬੀ
'ਪੰਜਾਬ ਸੰਭਾਲੋ ਮੁਹਿੰਮ' ਨਾਲ ਜੁੜਨ ਦੀ ਅਪੀਲ

ਕੈਂਪ ਦੇ ਅਖੀਰ ਵਿੱਚ ਡਾਕਟਰ ਕਰੀਮਪੁਰੀ ਨੇ ਸਮੂਹ ਪੰਜਾਬੀਆਂ ਪਛੜੇ, ਦਲਿਤ ਅਤੇ ਮਜ਼ਲੂਮ ਸਮਾਜ ਸਮੇਤ ਸਭ ਵਰਗਾਂ ਨੂੰ ਇੱਕ ਮੰਚ 'ਤੇ ਇਕੱਠੇ ਹੋ ਕੇ ਇੱਕ 'ਖੁਸ਼ਹਾਲ ਪੰਜਾਬ' ਦੇ ਨਿਰਮਾਣ ਲਈ 'ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ' ਦਾ ਹਿੱਸਾ ਬਣਨ ਦਾ ਪੁਰਜ਼ੋਰ ਸੱਦਾ ਦਿੱਤਾ। ਆਗੂਆਂ ਨੇ ਕਿਹਾ ਕਿ ਜੇਕਰ ਪੰਜਾਬ ਦੀ ਜਵਾਨੀ, ਕਿਸਾਨੀ ਅਤੇ ਪਛੜੇ ਸਮਾਜ ਨੂੰ ਬਚਾਉਣਾ ਹੈ, ਤਾਂ ਬਸਪਾ ਦੀ ਮਜ਼ਬੂਤ ਸਰਕਾਰ ਬਣਾਉਣਾ ਸਮੇਂ ਦੀ ਮੁੱਖ ਲੋੜ ਹੈ। ਇਸ ਮੌਕੇ ਤੇ ਪਛੜੇ ਵਰਗਾਂ ਦੇ ਲੋਕ ਅਤੇ ਕਿਸਾਨ ਵੀ ਹਾਜ਼ਰ ਸਨ।

# ਪਿੰਡ ਲਧਾਣਾ ਝਿੱਕਾ ਵਿੱਚ ਡਿਸਪੈਂਸਰੀ ਦੀ ਨਵੀਂ ਬਿਲਡਿੰਗ ਦਾ ਸ਼ਾਨਦਾਰ ਉਦਘਾਟਨ

## ਸਿਹਤ ਸੇਵਾਵਾਂ ਨੂੰ ਮਿਲੀ ਨਵੀਂ ਦਿਸ਼ਾ– ਹਰਦੇਵ ਕਾਹਮਾ

**ਬੰਗਾ( ਚਰਨਜੀਤ ਸੱਲ੍ਹਾ )** ਗ੍ਰਾਮ ਪੰਚਾਇਤ ਪਿੰਡ ਲਧਾਣਾ ਝਿੱਕਾ ਵੱਲੋਂ ਮੈਡਮ ਸਤਵੰਤ ਕੌਰ ਸਰਪੰਚ ਦੀ ਅਗਵਾਈ ਹੇਠ ਪਿੰਡ ਵਾਸੀਆਂ ਦੀ ਲੰਬੇ ਸਮੇਂ ਦੀ ਮੰਗ ਨੂੰ ਪੂਰਾ ਕਰਦਿਆਂ ਡਿਸਪੈਂਸਰੀ ਦੀ ਨਵੀਂ ਬਿਲਡਿੰਗ ਦਾ ਨਿਰਮਾਣ ਮੁਕੰਮਲ ਹੋਣ ਉਪਰੰਤ ਇਸ ਦਾ ਸ਼ੁਭ ਉਦਘਾਟਨ ਉੱਘੇ ਸਮਾਜ ਸੇਵੀ ਸਰਦਾਰ ਹਰਦੇਵ ਸਿੰਘ ਕਾਹਮਾ ਵੱਲੋਂ ਰਿਬਨ ਕੱਟ ਕੇ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪੈਣ ਉਪਰੰਤ ਅਰਦਾਸ ਨਾਲ ਹੋਈ। ਇਸ ਮੌਕੇ ਸਰਦਾਰ ਹਰਦੇਵ ਸਿੰਘ ਕਾਹਮਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕਿਸੇ ਵੀ ਪਿੰਡ ਦੀ ਅਸਲ ਤਰੱਕੀ ਉਸ ਦੀਆਂ ਸਿਹਤ, ਸਿੱਖਿਆ ਅਤੇ ਸਮਾਜਿਕ ਸਹੂਲਤਾਂ ਨਾਲ ਮਾਪੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਲਧਾਣਾ ਝਿੱਕਾ ਦੇ ਲੋਕਾਂ ਦੀ ਏਕਤਾ ਅਤੇ ਵਿਕਾਸ ਪ੍ਰਤੀ ਸਮਰਪਣ ਦੇਖ ਕੇ ਉਨ੍ਹਾਂ ਨੂੰ ਬੇਹੱਦ ਖੁਸ਼ੀ ਹੋਈ ਹੈ। ਉਨ੍ਹਾਂ ਕਿਹਾ ਕਿ ਇਹ ਡਿਸਪੈਂਸਰੀ ਸਿਰਫ਼ ਇੱਕ ਇਮਾਰਤ ਨਹੀਂ, ਸਗੋਂ ਲੋਕਾਂ ਦੀਆਂ ਉਮੀਦਾਂ, ਵਿਸ਼ਵਾਸ ਅਤੇ ਸਿਹਤਮੰਦ ਭਵਿੱਖ ਦਾ ਪ੍ਰਤੀਕ ਹੈ। ਉਨ੍ਹਾਂ ਦੱਸਿਆ ਕਿ ਇਸ ਲੋਕ ਭਲਾਈ ਦੇ ਕਾਰਜ ਲਈ ਉਨ੍ਹਾਂ ਵੱਲੋਂ ਦੋ ਲੱਖ ਰੁਪਏ ਦਾ ਯੋਗਦਾਨ ਦਿੱਤਾ ਗਿਆ ਹੈ ਅਤੇ ਸਮਾਜ ਦੇ ਹਰ ਸਮਰੱਥ ਵਿਅਕਤੀ ਨੂੰ ਅਜਿਹੇ ਕਾਰਜਾਂ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੌਕੇ ਰੋਟਰੀ ਕਲੱਬ ਬੰਗਾ ਗ੍ਰੀਨ ਦੇ ਪ੍ਰਧਾਨ ਰੋਟੇਰੀਅਨ ਦਿਲਬਾਗ ਸਿੰਘ ਬਾਗੀ ਨੇ ਕਿਹਾ ਕਿ ਲਧਾਣਾ ਝਿੱਕਾ ਉਨ੍ਹਾਂ ਦੀ ਜਨਮ ਭੂਮੀ ਹੈ ਅਤੇ ਇਸ ਪਿੰਡ ਦੀ ਮਿੱਟੀ ਨਾਲ ਉਨ੍ਹਾਂ ਦਾ ਰੂਹਾਨੀ ਰਿਸ਼ਤਾ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਜਿਸ ਧਰਤੀ ਨੇ ਉਨ੍ਹਾਂ ਨੂੰ ਜਨਮ ਦਿੱਤਾ, ਉਸ ਦੀ

**ਉੱਘੇ ਸਮਾਜ ਸੇਵੀ ਸ. ਹਰਦੇਵ ਸਿੰਘ ਕਾਹਮਾ ਡਿਸਪੈਂਸਰੀ ਦੀ ਨਵੀਂ ਬਣੀ ਇਮਾਰਤ ਦਾ ਰਿਬਨ ਕੱਟਕੇ ਉਦਘਾਟਨ ਕਰਦੇ ਹੋਏ ਨਾਲ ਹਨ ਦਿਲਬਾਗ ਸਿੰਘ ਬਾਗੀ ਪ੍ਰਧਾਨ, ਸਤਵੰਤ ਕੌਰ ਸਰਪੰਚ ਅਤੇ ਹੋਰ।**

ਸੇਵਾ ਕਰਨਾ ਉਹ ਆਪਣਾ ਫ਼ਰਜ਼ ਸਮਝਦੇ ਹਨ। ਉਨ੍ਹਾਂ ਕਿਹਾ ਕਿ ਅੱਜ ਡਿਸਪੈਂਸਰੀ ਦੇ ਉਦਘਾਟਨ ਦਾ ਦ੍ਰਿਸ਼ ਦੇਖ ਕੇ ਉਨ੍ਹਾਂ ਦਾ ਮਨ ਮਾਣ ਅਤੇ ਸੰਤੁਸ਼ਟੀ ਨਾਲ ਭਰ ਗਿਆ ਹੈ ਕਿਉਂਕਿ ਇਹ ਸਿਰਫ਼ ਇੱਕ ਪ੍ਰੋਜੈਕਟ ਨਹੀਂ ਸਗੋਂ ਪਿੰਡ ਵਾਸੀਆਂ ਦੇ ਸੁਪਨਿਆਂ ਅਤੇ ਉਮੀਦਾਂ ਨੂੰ ਸਾਕਾਰ ਕਰਨ ਵਾਲਾ ਇੱਕ ਇਤਿਹਾਸਕ ਉਪਰਾਲਾ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਰੋਟਰੀ ਕਲੱਬ ਬੰਗਾ ਗ੍ਰੀਨ ਭਵਿੱਖ ਵਿੱਚ ਵੀ ਸਿਹਤ, ਸਿੱਖਿਆ, ਸਫ਼ਾਈ ਅਤੇ ਸਮਾਜ ਭਲਾਈ ਦੇ ਖੇਤਰ ਵਿੱਚ ਆਪਣੀਆਂ ਸੇਵਾਵਾਂ ਜਾਰੀ ਰੱਖੇਗਾ। ਐਸ.ਐਮ.ਓ. ਡਾ. ਚਰਨਜੀਤ ਨੇ ਕਿਹਾ ਕਿ ਇਸ ਡਿਸਪੈਂਸਰੀ ਦੇ ਚਾਲੂ ਹੋਣ ਨਾਲ ਪਿੰਡ ਅਤੇ ਆਲੇ-ਦੁਆਲੇ ਦੇ ਇਲਾਕਿਆਂ ਦੇ ਲੋਕਾਂ ਨੂੰ ਮੁੱਢਲੀਆਂ ਸਿਹਤ ਸੇਵਾਵਾਂ ਆਪਣੇ ਨੇੜੇ ਹੀ ਪ੍ਰਾਪਤ ਹੋਣਗੀਆਂ। ਇਸ ਮੌਕੇ ਗ੍ਰਾਮ ਪੰਚਾਇਤ ਵੱਲੋਂ ਡਿਸਪੈਂਸਰੀ ਦੇ ਨਿਰਮਾਣ ਅਤੇ ਵਿਕਾਸ ਕਾਰਜਾਂ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੀਆਂ ਸ਼ਖਸੀਅਤਾਂ ਨੂੰ ਸਰੋਪਾ ਅਤੇ ਸਨਮਾਨ ਚਿੰਨ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਗੁਰਦੀਪ ਸਿੰਘ ਪੰਚ ਨੇ ਬਾਖੂਬੀ ਨਿਭਾਈ। ਇਸ ਮੌਕੇ ਸਾਬਕਾ ਸਰਪੰਚ ਨਰਿੰਦਰ ਸਿੰਘ ਨਿੰਦੀ, ਸਾਬਕਾ ਬਲਾਕ ਸੰਮਤੀ ਮੈਂਬਰ ਨਿਰਮਲਜੀਤ ਸਿੰਘ ਸੋਨੂ, ਡਾਕਟਰ ਹਰਦੀਪ ਕੁਮਾਰ ਮੈਡੀਕਲ ਅਫਸਰ, ਜਸਵੀਰ ਸਿੰਘ ਪੰਚ, ਸਤਨਾਮ ਸਿੰਘ ਪੰਚ, ਕੁਲਦੀਪ ਕੌਰ ਪੰਚ, ਪਰਮ ਪੰਮਾ ਪੰਚ, ਰਵਿੰਦਰ ਕੌਰ ਪੰਚ, ਅਮਰਜੀਤ ਕੌਰ ਪੰਚ, ਮਨਜੀਤ ਸਿੰਘ ਨਾਮਧਾਰੀ ਪੰਚ, ਗੁਰਮੁਖ ਸਿੰਘ, ਸਤਪਾਲ ਸਿੰਘ ਲੰਬੜਦਾਰ, ਹਰਚਰਨ ਸਿੰਘ ਲੰਬੜਦਾਰ, ਓਂਕਾਰ ਕਾਰੀ ਸਰਪੰਚ, ਸੰਤੋਖ ਸਿੰਘ, ਅਮਰਜੀਤ ਸਿੰਘ ਪੰਜਾਬ ਪੁਲਿਸ, ਸੁੱਖਵਿੰਦਰ ਸਿੰਘ ਧਾਮੀ, ਮਨਜੀਤ ਸਿੰਘ ਸਾਬਕਾ ਪੰਚ, ਨੀਤੂ ਬਾਲਾ ਸੈਣੀ ਪੰਚ, ਗਿਆਨੀ ਤਰਸੇਮ ਸਿੰਘ, ਜਸਵੀਰ ਸਿੰਘ ਟਾਕ, ਗੁਰਦੀਪ ਸਿੰਘ ਸੈਕਟਰੀ, ਅਵਤਾਰ ਸਿੰਘ ਰਾਜੂ, ਕੁਲਦੀਪ ਕੌਰ ਟਾਕ, ਪਰਮਜੀਤ ਸਿੰਘ ਪੰਮੀ ਜਲੰਧਰ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ, ਪਤਵੰਤੇ ਸੱਜਣ ਅਤੇ ਸਮਾਜ ਸੇਵੀ ਹਾਜ਼ਰ ਸਨ। ਸਮਾਗਮ ਦੌਰਾਨ ਪਿੰਡ ਵਾਸੀਆਂ ਵਿੱਚ ਖੁਸ਼ੀ ਅਤੇ ਉਤਸ਼ਾਹ ਦਾ ਮਾਹੌਲ ਦੇਖਣ ਨੂੰ ਮਿਲਿਆ ਅਤੇ ਸਭ ਨੇ ਇਸ ਲੋਕ ਭਲਾਈ ਦੇ ਉਪਰਾਲੇ ਨੂੰ ਪਿੰਡ ਦੀ ਤਰੱਕੀ, ਬਿਹਤਰ ਸਿਹਤ ਸਹੂਲਤਾਂ ਅਤੇ ਸਮਾਜਿਕ ਏਕਤਾ ਵੱਲ ਇੱਕ ਇਤਿਹਾਸਕ ਕਦਮ ਕਰਾਰ ਦਿੰਦਿਆਂ ਗ੍ਰਾਮ ਪੰਚਾਇਤ, ਦਾਨੀ ਸੱਜਣਾਂ ਅਤੇ ਸਹਿਯੋਗੀਆਂ ਦਾ ਦਿਲੋਂ ਧੰਨਵਾਦ ਕੀਤਾ।

# ਡੀ ਐਸ ਪੀ ਸਿੰਗਲਾ ਅਤੇ ਬਾਕੀ ਪੁਲਿਸ ਮੁਲਾਜਮਾ ਖ਼ਿਲਾਫ਼ ਤੁਰੰਤ ਪਰਚਾ ਦਰਜ ਕਰਕੇ ਇਹਨਾਂ ਨੂੰ ਬਰਖਾਸਤ ਕੀਤਾ ਜਾਵੇ : ਬੇਗਮਪੁਰਾ ਟਾਈਗਰ ਫੋਰਸ

## ਧਰਨਾਕਾਰੀਆਂ ਦੀਆਂ ਮੰਗਾਂ ਨੂੰ ਦਬਾ ਕੇ ਸਰਕਾਰ ਉਨ੍ਹਾਂ ਨੂੰ ਨਸ਼ਿਆਂ,ਅਤੇ ਅਪਰਾਧ ਕਰਨ ਵੱਲ ਧੱਕ ਰਹੀ ਹੈ : ਧਰਮਪਾਲ, ਕ੍ਰਿਸ਼ਨ ਲਾਲ,ਗੁਰਪ੍ਰਸ਼ਾਦ

**ਹੁਸ਼ਿਆਰਪੁਰ /ਮਾਛੀਵਾੜਾ ਸਾਹਿਬ 7 ਜੂਨ (ਤਰਸੇਮ ਦੀਵਾਨਾ )** - ਪਟਿਆਲਾ ਵਿਖੇ ਆਪਣੀਆਂ ਜਾਇਜ਼ ਮੰਗਾਂ ਨੂੰ ਲੈ ਕੇ ਸ਼ਾਂਤਮਈ ਢੰਗ ਨਾਲ ਧਰਨਾ ਦੇ ਰਹੇ ਅਸਥਾਈ ਲਾਈਨਮੈਨਾਂ ਉੱਤੇ ਪੰਜਾਬ ਪੁਲਿਸ ਵੱਲੋਂ ਕੀਤੇ ਗਏ ਲਾਠੀਚਾਰਜ, ਕੁੱਟਮਾਰ ਅਤੇ ਧਰਨਾਕਾਰੀਆਂ ਨਾਲ ਬੇਰਹਿਮੀ ਨਾਲ ਕੀਤੇ ਗਏ ਵਤੀਰੇ ਦੀ ਬੇਗਮਪੁਰਾ ਟਾਈਗਰ ਫੋਰਸ ਨੇ ਸਖ਼ਤ ਘੋਰ ਨਿੰਦਾ ਕਰਦੀ ਹੈ। ਬੇਗਮਪੁਰਾ ਟਾਈਗਰ ਫੋਰਸ ਦੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ, ਉੱਪ ਚੇਅਰਮੈਨ ਕ੍ਰਿਸ਼ਨ ਲਾਲ ਬਲੀਏਵਾਲ, ਅਤੇ ਗੁਰਪ੍ਰਸ਼ਾਦ ਸਿੰਘ ਖਾਮ ਬਲਾਕ ਪ੍ਰਧਾਨ ਮਾਛੀਵਾੜਾ ਸਾਹਿਬ ਨੇ ਸਾਂਝੇ ਰੂਪ ਵਿੱਚ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਭਾਰਤ ਦਾ ਸੰਵਿਧਾਨ ਹਰ ਨਾਗਰਿਕ ਨੂੰ ਸ਼ਾਂਤਮਈ ਢੰਗ ਨਾਲ ਇਕੱਠੇ ਹੋਣ, ਆਪਣੀ ਗੱਲ ਰੱਖਣ ਅਤੇ ਆਪਣੇ ਹੱਕਾਂ ਲਈ ਸੰਘਰਸ਼ ਕਰਨ ਦਾ ਅਧਿਕਾਰ ਦਿੰਦਾ ਹੈ। ਉਨ੍ਹਾਂ ਕਿਹਾ ਕਿ ਪਟਿਆਲਾ ਵਿੱਚ ਵਾਪਰੀ ਘਟਨਾ ਸੰਵਿਧਾਨ ਦੇ ਆਰਟੀਕਲ 14, 19, 21 ਅਤੇ 25 ਦੀ ਭਾਵਨਾ ਦੇ ਉਲਟ ਹੈ। ਸਰਕਾਰ ਅਤੇ ਪ੍ਰਸ਼ਾਸਨ ਦਾ ਕੰਮ ਲੋਕਾਂ ਦੀਆਂ ਜਾਇਜ਼ ਮੰਗਾਂ ਨੂੰ ਸੁਣਨਾ ਅਤੇ ਉਨ੍ਹਾਂ ਦਾ ਹੱਲ ਕਰਨਾ ਹੁੰਦਾ ਹੈ, ਨਾ ਕਿ ਡੰਡੇ ਦੇ ਜ਼ੋਰ ਨਾਲ ਉਨ੍ਹਾਂ ਦੀ ਆਵਾਜ਼ ਨੂੰ ਦਬਾਉਣਾ। ਆਗੂਆ ਨੇ ਮੰਗ ਕੀਤੀ ਕਿ ਧਰਨਾਕਾਰੀਆਂ ਉੱਤੇ ਡੀ ਐਸ ਪੀ ਸੰਜੀਵ ਸਿੰਗਲਾ ਅਤੇ ਉਸ ਦੇ ਨਾਲ ਵਾਲੇ ਪੁਲਿਸ ਮੁਲਾਜ਼ਮਾ ਵਲੋ ਵਹਿਸ਼ੀਆਨਾ ਢੰਗ ਨਾਲ ਕੀਤੇ ਗਏ ਲਾਠੀਚਾਰਜ ਦੀ ਤੁਰੰਤ ਉੱਚ ਪੱਧਰੀ ਨਿਰਪੱਖ ਜਾਂਚ ਕਰਵਾਕੇ ਡੀ ਐਸ ਪੀ ਸਿੰਗਲਾ ਅਤੇ ਉਹਨਾਂ ਦੇ ਨਾਲ ਵਾਲੇ ਸਾਰੇ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਬਣਦੀਆ ਧਰਾਵਾ ਤਹਿਤ ਐਫ ਆਈ ਆਰ ਦਰਜ ਕਰਕੇ ਡੀਐਸਪੀ ਸਮੇਤ ਸਾਰੇ ਦਰਿੰਦਿਆਂ ਨੂੰ ਸਲਾਖਾਂ ਦੇ ਪਿੱਛੇ ਸੁੱਟਿਆ ਜਾਵੇ ! ਉਹਨਾਂ ਕਿਹਾ ਕਿ ਧਰਨਾਕਾਰੀਆਂ ਦੀਆਂ

ਪੱਗਾਂ ਲਾਹੁਣ ਅਤੇ ਕੇਸਾਂ ਦੀ ਬੇਅਦਬੀ ਕਰਨ ਦੇ ਦੋਸ਼ ਬਹੁਤ ਹੀ ਗੰਭੀਰ ਦੋਸ਼ ਹੁੰਦੇ ਹਨ। ਉਨ੍ਹਾਂ ਕਿਹਾ ਕਿ ਸਿੱਖ ਧਰਮ ਵਿੱਚ ਪੱਗ ਅਤੇ ਕੇਸਾਂ ਦਾ ਵਿਸ਼ੇਸ਼ ਸਤਿਕਾਰ ਹੈ ਅਤੇ ਜੇਕਰ ਕਿਸੇ ਪੁਲਿਸ ਅਧਿਕਾਰੀ ਜਾਂ ਕਰਮਚਾਰੀ ਨੇ ਅਜਿਹਾ ਕੀਤਾ ਹੈ ਤਾਂ ਉਸ ਖ਼ਿਲਾਫ਼ ਤੁਰੰਤ ਪਰਚਾ ਦਰਜ ਹੋਣਾ ਚਾਹੀਦਾ ਹੈ। ਉਨ੍ਹਾਂ ਮੰਗ ਕੀਤੀ ਕਿ ਡੀਐਸਪੀ ਸਮੇਤ ਇਸ ਕਾਰਵਾਈ ਵਿੱਚ ਸ਼ਾਮਲ ਸਾਰੇ ਪੁਲਿਸ ਮੁਲਾਜ਼ਮਾਂ ਨੂੰ ਤੁਰੰਤ ਬਰਖਾਸਤ ਕੀਤਾ ਜਾਵੇ ਅਤੇ ਪੀੜਤ ਧਰਨਾਕਾਰੀਆਂ ਨੂੰ ਇਨਸਾਫ਼ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਕਾਨੂੰਨ ਦੇ ਰਖਵਾਲਿਆਂ ਵੱਲੋਂ ਹੀ ਕਾਨੂੰਨ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨਾ ਬਹੁਤ ਦੁਖਦਾਈ ਅਤੇ ਚਿੰਤਾਜਨਕ ਹੈ। ਉਨ੍ਹਾਂ ਇਹ ਵੀ ਕਿਹਾ ਕਿ ਕਿਸੇ ਵੀ ਲੋਕਤੰਤਰੀ ਸਰਕਾਰ ਨੂੰ ਆਪਣੇ ਹੀ ਨਾਗਰਿਕਾਂ ਅਤੇ ਮੁਲਾਜ਼ਮਾਂ ਨਾਲ ਦੁਸ਼ਮਣਾਂ ਤੋਂ ਵੀ ਭੈੜਾ ਸਲੂਕ ਨਹੀਂ ਕਰਨਾ ਚਾਹੀਦਾ, ਸਗੋਂ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸੁਣ ਕੇ ਉਨ੍ਹਾਂ ਦਾ ਹੱਲ ਕਰਨਾ ਚਾਹੀਦਾ ਹੈ। ਉਹਨਾ ਕਿਹਾ ਕਿ ਕਿਸੇ ਵੀ ਸਮੱਸਿਆ ਦਾ ਹੱਲ ਲਾਠੀਆਂ ਜਾਂ ਜਬਰ ਨਾਲ ਨਹੀਂ ਨਿਕਲਦਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹਰ ਵਿਭਾਗ ਨੂੰ ਦੂਸਰੇ ਵਿਭਾਗ ਦੇ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਦਾ ਸਾਥ ਦੇਣਾ ਚਾਹੀਦਾ ਹੈ। ਅੱਜ ਜੇਕਰ ਬਿਜਲੀ ਵਿਭਾਗ ਦੇ ਲਾਈਨਮੈਨ ਆਪਣੇ ਹੱਕਾਂ ਲਈ ਸੰਘਰਸ਼ ਕਰ ਰਹੇ ਹਨ ਤਾਂ ਕੱਲ੍ਹ ਇਹੀ ਹਾਲਾਤ ਕਿਸੇ ਹੋਰ ਵਿਭਾਗ ਦੇ ਕਰਮਚਾਰੀਆਂ ਸਾਹਮਣੇ ਵੀ ਆ ਸਕਦੇ ਹਨ। ਉਨ੍ਹਾਂ ਕਿਹਾ ਕਿ ਪੁਲਿਸ ਮੁਲਾਜ਼ਮਾਂ ਦੇ ਬੱਚੇ ਵੀ ਪੜ੍ਹ-ਲਿਖ ਕੇ ਅੱਗੇ ਨੌਕਰੀਆਂ ਅਤੇ ਰੁਜ਼ਗਾਰ ਦੀ ਮੰਗ ਕਰਨਗੇ, ਇਸ ਲਈ ਲਾਠੀਚਾਰਜ ਕਿਸੇ ਸਮੱਸਿਆ ਦਾ ਹੱਲ ਨਹੀਂ ਹੈ। ਪੁਲਿਸ ਅਤੇ ਪ੍ਰਸ਼ਾਸਨ ਦਾ ਫ਼ਰਜ਼ ਬਣਦਾ ਹੈ ਕਿ ਉਹ ਸੰਘਰਸ਼ ਕਰ ਰਹੇ ਨੌਜਵਾਨਾਂ ਅਤੇ ਮੁਲਾਜ਼ਮਾਂ ਦੀਆਂ ਮੰਗਾਂ ਮੁੱਖ ਮੰਤਰੀ ਅਤੇ ਸਰਕਾਰ ਤੱਕ ਪਹੁੰਚਾਉਣ ਅਤੇ ਉਨ੍ਹਾਂ ਦੇ ਹੱਲ ਲਈ ਸਕਾਰਾਤਮਕ ਭੂਮਿਕਾ ਨਿਭਾਉਣ।

# ਪੰਜਾਬ ਦਾ ਬੋਧੀ ਇਤਿਹਾਸ: ਸਾਰ ਅਤੇ ਸਮੀਖਿਆ (ਭਾਗ–14)

## ਗੁਪਤ ਸਾਮਰਾਜ ( ਅਧਿਆਇ 11)

ਗੁਪਤ ਰਾਜਿਆਂ ਦੇ ਰਾਜ ਕਾਲ ਦਾ ਭਾਰਤ ਦੇ ਇਤਿਹਾਸ ਵਿਚ ਬਹੁਤ ਮਹੱਤਵ ਹੈ, ਜੋ ਅਨੇਕਾਂ ਪੀੜ੍ਹੀਆਂ ਤੱਕ ਚਲਦਾ ਰਿਹਾ। ਇਨ੍ਹਾਂ ਰਾਜਿਆਂ ਨੇ ਭਾਰਤ ਉਤੇ ਲਗਭਗ ਦੋ ਸਦੀਆਂ ਰਾਜ ਕੀਤਾ ਅਤੇ ਇਕ ਬੜ੍ਹਾ ਵੱਡਾ ਸਾਮਰਾਜ ਸਥਾਪਤ ਕੀਤਾ।

ਇਨ੍ਹਾਂ ਦੇ ਵੰਸ਼ ਬਾਰੇ ਕਈ ਤਰ੍ਹਾਂ ਦੇ ਵਿਚਾਰ ਪੇਸ਼ ਕੀਤੇ ਜਾਂਦੇ ਹਨ, ਉਨ੍ਹਾਂ ਵਿਚੋਂ ਇਕ ਵਿਚਾਰ ਇਹ ਹੈ ਕਿ ਗੁਪਤ ਰਾਜੇ ਵੈਸ਼ ਜਾਤੀ ਨਾਲ ਸਬੰਧਤ ਸਨ ਅਤੇ ਪੰਜਾਬ ਦੇ ' ਕਾਰਸ਼ਕਰ' ਗੋਤ ਦੇ ਸਨ। ਡਾ. ਜੈਸਵਾਲ, ਪੰਜਾਬ

ਹਰਮੇਸ਼ ਜੱਸਲ



## ਲੇਖਕ ਨਾਲ ਜਾਣ-ਪਹਿਚਾਣ

ਸ਼ੀ ਹਰਮੇਸ਼ ਜੱਸਲ, ਸੰਸਥਾਪਕ ਮਲਿੰਦ ਪ੍ਰਕਾਸ਼ਨ (ਸੰਨ 2000), ਜੋ ਹੁਣ ਤੱਕ ਵੱਡੀਆਂ-ਛੋਟੀਆਂ 17 ਕਿਤਾਬਾਂ ਛਾਪ ਚੁੱਕੇ ਹਨ, ਇੱਕ ਬਹੁਪੱਖੀ ਸ਼ਖ਼ਸੀਅਤ ਹਨ। ਉਹ ਇੱਕ ਸਮਰਪਿਤ ਅੰਬੇਡਕਰੀ-ਬੋਧੀ, ਬੁੱਧੀਜੀਵੀ, ਲੇਖਕ, ਬੁਲਾਰੇ ਅਤੇ ਸਮਾਜ ਸੇਵਕ ਵਜੋਂ ਪ੍ਰਸਿੱਧ ਹਨ।

**ਸਿੱਖਿਆ** : ਉਨ੍ਹਾਂ ਦਾ ਜਨਮ, ਪਿਤਾ ਸ਼ੀ ਨਾਨਕ ਚੰਦ, ਮਾਤਾ ਸ਼ੀਮਤੀ ਕਰਤਾਰ ਕੌਰ ਦੇ ਘਰ 15 ਮਈ, 1955 ਨੂੰ ਬੂਟਾਂ ਮੰਡੀ (ਜਲੰਧਰ) ਵਿਖੇ ਹੋਇਆ। ਮੁੱਢਲੀ ਸਿੱਖਿਆ ਜੱਦੀ ਪਿੰਡ ਬਜ਼ੀਸ਼ਰਪੁਰ, ਮਿਡਲ ਲੱਲੀਆਂ ਕਲਾਂ, ਮੈਟ੍ਰਿਕ ਸਰਕਾਰੀ ਹਾਈ ਸਕੂਲ ਲਾਂਬੜਾ ਅਤੇ ਉਚੇਰੀ ਸਿੱਖਿਆ ਡੀ.ਏ.ਵੀ. ਕਾਲਜ ਜਲੰਧਰ ਤੋਂ ਉਪਰੰਤ ਐੱਮ.ਏ. ਰਾਜਨੀਤੀ ਸ਼ਾਸਤਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪ੍ਰਾਪਤ ਕੀਤੀ। ਉਹ ਅਨੇਕਾਂ ਭਾਸ਼ਾਵਾਂ-ਪੰਜਾਬੀ, ਹਿੰਦੀ, ਅੰਗ੍ਰੇਜ਼ੀ, ਉਰਦੂ ਅਤੇ ਪਾਲੀ ਦੇ ਜਾਣਕਾਰ ਹਨ।

**ਸਾਹਿਤਕ ਕਾਰਜ** : ਜਿਉਂ ਹੀ ਉਨ੍ਹਾਂ ਨੇ 1974 ਵਿਚ ਅੰਬੇਡਕਰ ਮਿਸ਼ਨ ਦਾ ਪਾਠ ਪੜ੍ਹਿਆ, ਫੇਰ ਹੋਰ ਜਾਨਣ ਦੀ ਲਾਲਸਾ ਕਦੇ ਨਹੀਂ ਮਿਟੀ। ਉਨ੍ਹਾਂ ਨੇ ਅੰਬੇਡਕਰ ਮਿਸ਼ਨ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਆਪਣੇ ਜੀਵਨ ਦਾ ਕੇਂਦਰ-ਬਿੰਦੂ ਬਣਾ ਲਿਆ। ਰੋਜ਼ਾਨਾ ਅਖ਼ਬਾਰਾਂ ਵਿਚ ਲੇਖ ਲਿਖਣ, ਅਨੁਵਾਦ ਕਰਨ, ਪੁਸਤਕ ਰਚਣ ਤੇ ਪ੍ਰਕਾਸ਼ਨ ਦਾ ਸਾਹਿਤਕ ਕਾਰਜ ਕਈ ਦਹਾਕਿਆਂ ਤੋਂ ਕਰ ਰਹੇ ਹਨ।

**ਅੰਦੋਲਨਕਰਤਾ** : ਸਮਤਾ ਸੈਨਿਕ ਦਲ ਵਲੋਂ 4 ਅਪ੍ਰੈਲ ਤੋਂ 12 ਅਪ੍ਰੈਲ, 1982 ਤੱਕ, ਬਾਬਾ ਸਾਹਿਬ ਡਾ. ਅੰਬੇਡਕਰ ਦੇ ਜਨਮ ਦਿਨ 14 ਅਪ੍ਰੈਲ ਨੂੰ ਗਜ਼ਟਿਡ ਛੁੱਟੀ ਘੋਸ਼ਿਤ ਕਰਵਾਉਣ ਲਈ ਚੱਲੇ ਸੰਘਰਸ਼ 'ਚ ਸ਼ੀ ਬਿਹਾਰੀ ਲਾਲ 'ਖਾਰ' ਵਲੋਂ ਰੱਖੇ 'ਮਰਨ ਵਰਤ ਅੰਦੋਲਨ' ਦੀ ਰੂਪ ਰੇਖਾ ਉਲੀਕਣ ਤੇ ਚਲਾਉਣ ਵਿਚ ਕੇਂਦਰੀ ਰੋਲ ਅਦਾ ਕੀਤਾ।

**ਪੱਤਰਕਾਰਤਾ** : ਰਿਪਬਲਿਕਨ ਪਾਰਟੀ ਲਈ ਕੱਢੇ ਗਏ 'ਭੀਮ ਪੱਤ੍ਰਿਕਾ' ਪੰਜਾਬੀ ਦੇ ਪ੍ਰਬੰਧਕ (ਸੰਨ 1979 ਤੋਂ 1982) ਅਤੇ ਗ਼ਦਰੀ ਬਾਬਿਆਂ ਦੇ ਅਖ਼ਬਾਰ 'ਕਿਰਤੀ' ਨੂੰ (ਸੰਨ 1984 ਤੋਂ 1988) ਤੱਕ ਸੰਪਾਦਨ ਤੇ ਪ੍ਰਕਾਸ਼ਨ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ।

**ਸੰਸਥਾਗਤ ਕਾਰਜ** : ਉਹ ਬਹੁਤ ਸਾਰੀਆਂ ਸੰਸਥਾਵਾਂ ਦੇ ਸੰਸਥਾਪਕ, ਟਰੱਸਟੀ, ਮੁੱਢਲੇ ਮੈਂਬਰ ਅਤੇ ਸਹਿਯੋਗੀ ਰਹੇ ਹਨ : (1) ਟਰੱਸਟੀ-ਅੰਬੇਡਕਰ ਭਵਨ ਟਰੱਸਟ (ਰਜਿ.) ਜਲੰਧਰ, ਟਰੱਸਟੀ-ਬੁੱਧ ਵਿਹਾਰ ਸਿਧਾਰਥ ਨਗਰ, ਜਲੰਧਰ, ਟਰੱਸਟੀ-ਅੰਬੇਡਕਰ ਪੀਸ ਪਾਰਕ, ਨਜ਼ਦੀਕ ਫਿਲੌਰ, (2) ਮੈਂਬਰ—ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.), ਪੰਜਾਬ ਬੁੱਧਿਸਟ ਸੁਸਾਇਟੀ (ਰਜਿ.), ਸਮਤਾ ਸੈਨਿਕ ਦਲ, (3) ਸੰਸਥਾਪਕ : ਡਾ. ਅੰਬੇਡਕਰ ਵੀਕਰ ਸੈਕਸ਼ਨ ਵੈਲਫ਼ੇਅਰ ਸੁਸਾਇਟੀ ਅਤੇ ਦਲਿਤ ਲਿਖਾਰੀ ਸਭਾ।

**ਮਾਣ-ਸਨਮਾਣ** : ਸ਼ੀ ਹਰਮੇਸ਼ ਜੱਸਲ ਜੀ ਨੂੰ ਯੂ.ਕੇ. ਦੀ ਸੰਸਥਾ F.A.B.O. ਫੈਡਰੇਸ਼ਨ ਆਫ਼ ਅੰਬੇਡਕਰਾਈਟ ਐਂਡ ਬੁੱਧਿਸਟ ਆਰਗੇਨਾਈਜੇਸ਼ਨ ਵਲੋਂ ਸਾਲ 1993 ਵਿਚ ਮੁੰਬਈ ਦੇ ਮੇਅਰ ਸ਼ੀ ਚੰਦਰ ਕਾਂਤ ਹੈਂਡੋਰੇ ਜੀ ਨੇ ਜੋ ਹੁਣ ਰਾਜ ਸਭਾ ਮੈਂਬਰ ਹਨ, 'ਭੀਮ ਰਤਨ' ਦੀ ਉਪਾਧੀ ਨਾਲ ਸਨਮਾਨਿਤ ਕੀਤਾ।

-ਰਾਮ ਪਾਲ 'ਰਾਹੀ'
ਪ੍ਰਧਾਨ, ਫੈਡਰੇਸ਼ਨ ਆਫ਼ ਅੰਬੇਡਕਰਾਈਟ ਐਂਡ ਬੁੱਧਿਸਟ ਔਰਗੇਨਾਈਜੇਸ਼ਨਜ਼ (ਯੂ.ਕੇ.)

ISBN: 978-93-344-0361-9
ਮਲਿੰਦ ਪ੍ਰਕਾਸ਼ਨ ਜਲੰਧਰ

ਦੇ ਕੱਕੜ ਜੱਟਾਂ ਨੂੰ ਗੁਪਤਿਆਂ ਦੀ ਮੁੱਢਲੀ ਕੌਮ ਦੇ ਆਧੁਨਿਕ ਪ੍ਰਤੀਨਿਧ ਸਮਝਦੇ ਹਨ। ਕਈ ਲੇਖਕ ਇਨ੍ਹਾਂ ਨੂੰ ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ' ਧਾਰਣੀ ਗੋਤ' ਨਾਲ ਮਿਲਾ ਕੇ ਦੇਖਦੇ ਹਨ।

ਇਨ੍ਹਾਂ ਦੀ ਵੰਸ਼ਾਵਲੀ ਬਹੁਤ ਲੰਮੀ ਹੈ, ਇਨ੍ਹਾਂ ਦਾ ਪਹਿਲਾ ਪੁਰਖਾ ਗੁਪਤ ਸੀ ਜੋ ਲਗਭਗ 275 -- 300 ਈਸਵੀ ਵਿੱਚ ਹੋਇਆਂ ਅਤੇ ਆਖਰੀ ਰਾਜਾ ਵਜ਼ਰ ਹੈ ਜਿਸਦਾ ਰਾਜ ਕਾਲ 530 ਈਸਵੀ--550 ਈਸਵੀ ਤੱਕ ਸੀ। ਸੱਭ ਰਾਜਿਆਂ ਦੇ ਰਾਜ ਕਾਲ ਬਾਰੇ ਲਿਖਣਾ ਤਾਂ ਸੰਭਵ ਨਹੀਂ ਪਰ ਚੀਨੀ ਯਾਤਰੀ ਫ਼ਹਿਆਨ ਦੇ ਵਰਣਨ ਤੋਂ ਗੁਪਤ ਰਾਜਿਆਂ ਦੀ ਕਾਰਗੁਜ਼ਾਰੀ ਬਾਰੇ ਪਤਾ ਲੱਗਦਾ ਹੈ ਕਿ," ਪ੍ਰਜਾ ਕਾਫ਼ੀ ਸੁਖੀ ਹੈ, ਲੈਣ-ਦੇਣ ਚ ਲਿਖਾ ਪੜ੍ਹੀ ਅਤੇ ਪੰਚਾਇਤ ਨਹੀਂ ਹੈ। ਜਿੱਥੇ ਮਰਜ਼ੀ ਜਾਓ ਜਿੱਥੇ ਮਰਜ਼ੀ ਰਹੋ।...ਪੂਰੇ ਦੇਸ਼ ਵਿਚ ਪਸ਼ੂ ਹੱਤਿਆ ਨਹੀਂ ਕੀਤੀ ਜਾਂਦੀ ਅਤੇ ਨਾ ਹੀ ਮਨੁੱਖ ਨਸ਼ੀਲੀ ਸ਼ਰਾਬ ਪੀਂਦੇ ਹਨ, ਨਾ ਹੀ ਪਿਆਜ਼ ਅਤੇ ਲੱਸਣ ਖਾਂਦੇ ਹਨ, ਸਿਰਫ਼ ਚੰਡਾਲਾਂ ਨੂੰ ਛੱਡ ਕੇ। ਦੇਸ਼ ਵਿਚ ਸੂਰ ਅਤੇ ਮੁਰਗੇ ਨਹੀਂ ਪਾਲ੍ਹੇ ਜਾਂਦੇ, ਜਿਉਂਦੇ ਪਸ਼ੂ ਨਹੀਂ ਵੇਚੇ ਜਾਂਦੇ। ਸ਼ਹਿਰ ਵਿਚ ਨਾ ਕਸਾਈ ਦੀਆਂ ਦੁਕਾਨਾਂ ਹਨ ਅਤੇ ਨਾ ਹੀ ਸ਼ਰਾਬ ਵੇਚਣ ਵਾਲਿਆਂ ਦੀਆਂ ਦੁਕਾਨਾਂ ਹਨ।

...ਚੰਡਾਲਾਂ ਨੂੰ ' ਦੁਸ਼ਟ ਪੁਰਸ਼ ' ਦਾ ਨਾਂ ਦਿੱਤਾ ਜਾਂਦਾ ਹੈ ਅਤੇ ਉਹ ਦੂਜਿਆਂ ਨਾਲੋਂ ਅਲੱਗ ਰਹਿੰਦੇ ਸਨ। ਇਥੋਂ ਤੱਕ ਕਿ ਜੇਕਰ ਉਹ ਨਗਰ ਅਤੇ ਬਜ਼ਾਰ ਚ ਆਉਂਦੇ ਸਨ ਤਾਂ ਉਨ੍ਹਾਂ ਨੂੰ ਲਕੜ੍ਹੀ ਨਾਲ ਧਰਤੀ ਠੋਕ ਕੇ ਅਤੇ ਆਵਾਜ਼ ਲਾ ਕੇ ਚੱਲਣਾ ਪੈਂਦਾ ਸੀ ਤਾਂ ਕਿ ਇਨ੍ਹਾਂ ਨੂੰ ਪਹਿਚਾਣ ਕੇ ਦੂਜੇ ਲੋਕ ਦੂਰ ਹੱਟ ਜਾਣ। ਸਿਰਫ਼ ਚੰਡਾਲ ਹੀ ਸ਼ਿਕਾਰ ਖੇਡਦੇ ਅਤੇ ਮਾਸ ਵੇਚਦੇ ਸਨ।" ਇਹੋ ਜਿਹੀ ਸੀ ਸਮਾਜਿਕ ਵਿਵਸਥਾ, ਗੁਪਤ ਕਾਲ ਦੌਰਾਨ।

ਵੈਸੇ ਤਾਂ ਗੁਪਤ ਰਾਜੇ ਵੈਦਿਕ ਧਰਮੀ ਸਨ ਪਰ ਆਖਰੀ ਰਾਜਿਆਂ ਦਾ ਝੁਕਾਅ ਬੁੱਧ ਧਰਮ ਵੱਲ ਹੋ ਗਿਆ ਅਤੇ ਉਨ੍ਹਾਂ ਨੇ ਬੁੱਧ ਧਰਮ ਦੇ ਉਥਾਨ ਲਈ ਅਨੇਕਾਂ ਕੰਮ ਕੀਤੇ, " ਸ਼ੀਲਾ- ਦਿੱਤਿਆ ਤੋਂ ਵਜ਼ਰ ਤੱਕ ਸਾਰੇ ਗੁਪਤ ਰਾਜੇ ਬੋਧੀ ਹੋ ਗਏ ਸਨ। ਉਨ੍ਹਾਂ ਨੇ ਨਾਲੰਦਾ ਬੁੱਧ ਵਿਹਾਰ ਦੇ ਵਿਕਾਸ ਚ ਯੋਗਦਾਨ ਪਾਇਆ। ਬੁੱਧ ਗੁਪਤ ਦੇ ਸਮੇਂ ਚ ਬੁੱਧ ਧਰਮ ' ਰਾਜ ਧਰਮ ' ਹੀ ਬਣ ਗਿਆ। ਬੁੱਧ ਗੁਪਤ ਦੇ ਉਤਰਾਧਿਕਾਰੀ ਵੈਨਯ ਗੁਪਤ ਨੇ ਇਕ ਬੁੱਧ ਵਿਹਾਰ ਨੂੰ ਪਿੰਡ ਦਾ ਦਾਨ ਦਿੱਤਾ। ਗੁਪਤ ਵੰਸ਼ ਦਾ ਆਖ਼ਰੀ ਰਾਜਾ ਵਜ਼ਰ, ਹਿਊਨ ਸਾਂਗ ਦੇ ਮੁਤਾ-ਬਕ ਬੁੱਧ ਧਰਮ ਚ ਸ਼ਰਧਾ ਰੱਖਦਾ ਸੀ।"

ਫ਼ਾਹਿਆਨ ਦੇ ਕਥਨ ਅਨੁਸਾਰ ਗੁਪਤ ਯੁੱਗ ਚ ਕਸ਼ਮੀਰ, ਪੰਜਾਬ ਅਤੇ ਅਫ਼ਗ਼ਾਨਿਸਤਾਨ ਵਿਚ ਬੁੱਧ ਧਰਮ ਦਾ ਜ਼ਿਆਦਾ ਪ੍ਰਚਾਰ ਸੀ। ਇਸ ਸਮੇਂ ਬੋਧੀ ਯਾਤਰੀਆਂ ਲਈ ਬੁੱਧ ਗਯਾ ਵਿਸ਼ੇਸ਼ ਖਿੱਚ ਦਾ ਕੇਂਦਰ ਸੀ। ਸਿੰਹਲਦੀਪ ( ਲੰਕਾ) ਦੇ ਰਾਜਾ ਮੇਘਵਰਣ ਨੇ ਸਮੁੰਦਰ ਗੁਪਤ ਦੇ ਕਾਲ ਚ ਲੰਕਾ ਦੇ ਬੋਧੀ ਯਾਤਰੀਆਂ ਲਈ ਇਕ ਵਿਸ਼ਾਲ ਵਿਹਾਰ ਬਣਵਾਇਆ। ਗੁਪਤ ਕਾਲ ਵਿੱਚ ਹੀ ਨਾਲੰਦਾ ਵਿਹਾਰ ਦਾ ਨਿਰਮਾਣ ਹੋਇਆ। ਅਜੰਤਾ, ਅਲੋਰਾ, ਭਾਜਾ, ਕਰਲੇ,ਕਨਹੇਰੀ ਆਦਿ ਸਥਾਨਾਂ ਦਾ ਨਿਰਮਾਣ ਹੋਇਆ। ਇਨ੍ਹਾਂ ਵਿਹਾਰਾਂ ਚ ਹਜ਼ਾਰਾਂ ਬੋਧੀ ਭਿਖਸ਼ੂ ਨਿਵਾਸ ਕਰਦੇ ਸਨ। ਇਨ੍ਹਾਂ ਗੁਫਾਵਾਂ ਵਿੱਚ ਹੀ ਬੁੱਧ ਦੇ ਜੀਵਨ ਅਤੇ ਬੋਧੀਸੱਤਵ ਦੀਆਂ ਅਨੇਕ ਕਥਾਵਾਂ ਦਾ ਚਿਤਰਣ ਬੜੇ ਸੁੰਦਰ ਢੰਗ ਨਾਲ ਕੀਤਾ ਹੋਇਆ ਹੈ।...ਚੈਤਯਾਂ ਦੇ ਛੱਜਿਆਂ, ਬਰਾਮਦਿਆਂ ਅਤੇ ਸਤੰਭਾਂ ਉਤੇ ਵੀ ਬੁੱਧ ਦੀਆਂ ਮੂਰਤੀਆਂ ਦਾ ਨਿਰਮਾਣ ਹੋਇਆ।"

ਇਸ ਕਾਲ ਦੌਰਾਨ ਮਿਲੇ ਲੇਖਾਂ, ਸ਼ਿਲਾਲੇਖਾਂ, ਸਤੰਭ ਲੇਖਾਂ ਅਤੇ ਖੁਦਾਈਆਂ ਚੋਂ ਗੁਪਤ ਰਾਜਿਆਂ ਦੇ ਬੁੱਧ ਧਰਮ ਨਾਲ ਸਬੰਧਤ ਕੀਤੇ ਕਾਰਜਾਂ ਦਾ ਵਿਸਥਾਰ ਪੂਰਵਕ ਵਰਨਣ ਮਿਲਦਾ ਹੈ ਜਿਵੇਂ ਬਿਹਾਰ ਦੇ ਭਾਗਲਪੁਰ ਜ਼ਿਲ੍ਹੇ ਚ ਸੁਲਤਾਨ ਪੁਰ ਨਾਮਕ ਸਥਾਨ ਤੋਂ ਬੁੱਧ ਦੀ ਤਾਂਬੇ ਦੀ ਖੜ੍ਹੀ ਮੂਰਤੀ ਮਿਲੀ ਹੈ ਜੋ ਅੱਜ ਕੱਲ ਇੰਗਲੈਂਡ ਦੇ ਬਰਮੀਂਘਮ ਅਜਾਇਬ ਘਰ ਚ ਰੱਖੀ ਹੋਈ ਹੈ। ਇਹ ਮੂਰਤੀ 7.5 ਫੁੱਟ ਉਚੀ ਹੈ । ਇਸ ਚ ਬੁੱਧ ਅਭੈ ਮੁਦਰਾ ਚ ਹਨ। ਬੁੱਧ ਮੂਰਤੀਆਂ ਵਿਚੋਂ ਇਹ ਤਾਂਮਰ -ਮੂਰਤੀ ਅਦਭੁਤ ਅਤੇ ਬੇਜੋੜ ਹੈ।

ਸਾਰਨਾਥ, ਜਿੱਥੋਂ ਤਥਾਗਤ ਬੁੱਧ ਨੇ ਧੱਮ ਚੱਕਰ ਚਲਾਇਆ, ਦੇ ਅਜਾਇਬ ਘਰ ਵਿੱਚ ਬੁੱਧ ਮੂਰਤੀਆਂ ਦਾ ਵੱਡਾ ਸੰਗ੍ਰਹਿ ਹੈ, ਇਥੇ ਹੀ ਵਿਸ਼ਵ ਪ੍ਰਸਿੱਧ ' ਧਮੇਖ ਸਤੂਪ ' ਹੈ।

ਜਿਨ੍ਹਾਂ ਗੁਪਤ ਵੰਸ਼ ਦੇ ਬੋਧੀ ਰਾਜਿਆਂ ਨੇ ਬੁੱਧ ਧਰਮ ਨੂੰ ਪ੍ਰਮੁੱਖਤਾ ਦਿੱਤੀ, ਉਨ੍ਹਾਂ ਚ ਬੋਧੀ ਰਾਜਾ ਕੁਮਾਰ ਗੁਪਤ ਦੂਜਾ, ਬੋਧੀ ਰਾਜਾ ਬੁੱਧ ਗੁਪਤ, ਬੋਧੀ ਰਾਜਾ ਨਰਸਿੰਘ ਗੁਪਤ ਬਾਲ-ਾਦਿੱਤਿਆ, ਵੈਨਯ ਗੁਪਤ ਅਤੇ ਵਜ਼ਰ ਗੁਪਤ ਦੇ ਨਾਂ ਸ਼ਾਮਿਲ ਹਨ। ਮੋਟੇ ਤੌਰ ਤੇ ਇਨ੍ਹਾਂ ਰਾਜਿਆਂ ਨੇ ਬੁੱਧ ਵਿਹਾਰਾਂ ਦੀ ਮੁਰੰਮਤ, ਨਿਰਮਾਣ ਅਤੇ ਉਨ੍ਹਾਂ ਨੂੰ ਸੁਚਾਰੂ ਢੰਗ ਨਾਲ ਚੱਲਦਾ ਰੱਖਣ ਲਈ ਦਾਨ ਦਿੱਤਾ ਜਿਵੇਂ ਸਾਂਚੀ ਤੋਂ ਮਿਲੇ ਲੇਖ ਤੋਂ ਪਤਾ ਲੱਗਦਾ ਹੈ ਕਿ ਚੰਦਰ ਗੁਪਤ ਦੇ ਸੈਨਾਪਤੀ ਅਮਰਕਾਰਦੱਵ ਨੇ ਕਾਕਨਾਦਵੋਟ ਮਹਾਂ ਵਿਹਾਰ ਨੂੰ ਇਕ ਪਿੰਡ ਅਤੇ 25 ਦਿਨਾਰ (ਸੋਨੇ ਦੀਆਂ ਮੋਹਰਾਂ) ਦਾਨ ਕੀਤੇ। ਇਸ ਪਿੰਡ ਦੀ ਆਮਦਨੀ ਨਾਲ 5 ਭਿਖਸ਼ੂਆਂ ਨੂੰ ਭੋਜਨ ਅਤੇ ਰਤਨ-ਗ੍ਰਹਿ( ਮੂਰਤੀ ਸਥਾਨ) ਚ ਜੋਤ ਜਗਾਉਣ ਦੀ ਵਿਵਸਥਾ ਹੁੰਦੀ ਸੀ। ਸਾਂਚੀ ਤੋਂ ਹੀ ਇਕ ਹੋਰ ਲੇਖ ਤੋਂ ਪਤਾ ਲਗਦਾ ਹੈ ਕਿ ਹਰਿਸ਼ਵਾਮਨੀ ਨਾਮਕ ਇਕ ਬੋਧੀ ਉਪਾਸਕਾ ਨੇ 15 ਦਿਨਾਰ( ਸੋਨੇ ਦੀਆਂ ਮੋਹਰਾਂ) ਦਾ ਦਾਨ ਕੀਤਾ ਸੀ ਤਾਂ ਕਿ ਉਸਦੇ ਵਿਆਜ਼ ਨਾਲ ਭਗਵਾਨ ਬੁੱਧ ਦੇ ਮੰਦਿਰ ਦੇ ਰਤਨ-ਗ੍ਰਹਿ( ਮੂਰਤੀ ਸਥੱਲ) ਚ ਰੋਜ਼ਾਨਾ 3 ਦੀਵੇ ਜਲਾਏ ਜਾਣ ਅਤੇ ਇਕ ਬੋਧੀ ਭਿਖਸ਼ੂ ਨੂੰ ਰੋਜ਼ਾਨਾ ਭੋਜਨ ਕਰਵਾਇਆ ਜਾਵੇ। ਹੋਰ ਬਹੁਤ ਸਾਰੇ ਕੰਮ ਇਨ੍ਹਾਂ ਰਾਜਿਆਂ ਨੇ ਕੀਤੇ।

ਇਨ੍ਹਾਂ ਰਾਜਿਆਂ ਦੇ ਰਾਜ ਕਾਲ ਦੌਰਾਨ ਵਸਤੂ ਕਲਾ, ਸਤੰਭ,ਸਤੂਪ,ਵਿਹਾਰ, ਗੁਫਾਵਾਂ , ਮੰਦਿਰ ਕਲਾ ਅਤੇ ਸੰਗੀਤ ਕਲਾ ਨੂੰ ਉਤਸ਼ਾਹਿਤ ਕਰਨ ਲਈ ਵੀ ਵੱਡਮੁੱਲਾ ਯੋਗਦਾਨ ਪਾਇਆ। ਸੋ ਗੁਪਤ ਰਾਜਿਆਂ ਦੇ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ।

**(ਚਲਦਾ)**

# ਤਾਪਮਾਨ ਵਧਣ ਕਾਰਨ ਸਿਹਤ ਪ੍ਰਤੀ ਸੁਚੇਤ ਰਹਿਣ ਦੀ ਲੋੜ: ਡਾ. ਸ਼ੈਲਜਾ

## ਮੁਫ਼ਤ ਮੈਡੀਕਲ ਕੈਂਪ ਦੌਰਾਨ 90 ਤੋਂ ਵੱਧ ਮਰੀਜ਼ਾਂ ਦੀ ਕੀਤੀ ਗਈ ਜਾਂਚ ਅਤੇ ਵੰਡੀਆਂ ਮੁਫ਼ਤ ਦਵਾਈਆਂ

**ਨਵਾਸ਼ਹਿਰ /ਕਾਠਗੜ੍ਹ, 7 ਜੂਨ (ਜਤਿੰਦਰ ਪਾਲ ਸਿੰਘ ਕਲੇਰ)** ਰੋਪੜ -ਬਲਾਚੌਰ ਨੈਸ਼ਨਲ ਹਾਈਵੇ 'ਤੇ ਸਥਿਤ ' ਸੈਂਟਰੀਏਂਟ ਫਾਰਮਾਸਿਊਟੀਕਲ ਦੀ ਟੀਮ ਵੱਲੋਂ 'ਸਫੇਰੂਲ ਫਾਊਂਡੇਸ਼ਨ' ਦੇ ਸਹਿਯੋਗ ਨਾਲ ਸ਼ਿਵ ਮੰਦਰ, ਰੈਲਮਾਜਰਾ ਵਿਖੇ ਇੱਕ ਰੋਜ਼ਾ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ।

ਇਸ ਕੈਂਪ ਦੌਰਾਨ ਇਲਾਕੇ ਦੇ ਲਗਭਗ 90 ਤੋਂ ਵੱਧ ਮਰੀਜ਼ਾਂ ਦੀ ਸਿਹਤ ਦੀ ਬਾਰੀਕੀ ਨਾਲ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਵੀ ਦਿੱਤੀਆਂ ਗਈਆਂ। ਇਸ ਮੈਡੀਕਲ ਕੈਂਪ ਵਿੱਚ ਸਫੇਰੂਲ ਫਾਊਂਡੇਸ਼ਨ ਦੀ ਟੀਮ ਵੱਲੋਂ ਡਾ. ਸ਼ੈਲਜਾ ਸ਼ਰਮਾ, ਡਾ. ਦਿਨੇਸ਼, ਡਾ. ਅੰਕੇਸ਼ ਵਸ਼ਿਸ਼ਟ ਅਤੇ ਇੰਚਾਰਜ ਸੂਰਿਆਕਾਂਤ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਆਪਣੀਆਂ ਸੇਵਾਵਾਂ ਦਿੱਤੀਆਂ।

ਖ਼ਰਾਬ ਮੌਸਮ ਅਤੇ ਅੱਤ ਦੀ ਗਰਮੀ ਦੇ ਬਾਵਜੂਦ ਕੈਂਪ ਵਿੱਚ ਵੱਡੀ ਗਿਣਤੀ ਵਿੱਚ ਲੋੜਵੰਦ ਮਰੀਜ਼ ਪਹੁੰਚੇ, ਜਿਨ੍ਹਾਂ ਦਾ ਡਾਕਟਰਾਂ ਦੀ ਟੀਮ ਵੱਲੋਂ ਬਹੁਤ ਹੀ ਤਸੱਲੀਬਖਸ਼ ਤਰੀਕੇ ਨਾਲ ਚੈੱਕਅੱਪ ਕੀਤਾ ਗਿਆ। ਇਸ ਦੌਰਾਨ ਡਾਕਟਰਾਂ ਨੇ ਮਰੀਜ਼ਾਂ ਨੂੰ ਦਵਾਈਆਂ ਦੇਣ ਦੇ ਨਾਲ-ਨਾਲ ਗਰਮੀ ਤੋਂ ਬਚਣ ਲਈ ਜਾਗਰੂਕ ਵੀ ਕੀਤਾ। ਡਾ. ਸ਼ੈਲਜਾ ਸ਼ਰਮਾ ਨੇ ਦੱਸਿਆ ਕਿ ਇਨੀਂ ਦਿਨੀਂ ਤਾਪਮਾਨ 45 ਡਿਗਰੀ ਸੈਲਸੀਅਸ ਤੋਂ ਪਾਰ ਚੱਲ ਰਿਹਾ ਹੈ, ਜਿਸ ਕਾਰਨ ਸਾਰਿਆਂ ਨੂੰ ਆਪਣੀ ਸਿਹਤ ਪ੍ਰਤੀ ਬਹੁਤ ਸੁਚੇਤ ਰਹਿਣ ਦੀ ਲੋੜ ਹੈ। ਉਨ੍ਹਾਂ ਅਪੀਲ ਕੀਤੀ ਕਿ ਬਿਨਾਂ ਕਿਸੇ ਜ਼ਰੂਰੀ ਕੰਮ ਦੇ ਤੇਜ਼ ਧੁੱਪ ਵਿੱਚ ਘਰੋਂ ਬਾਹਰ ਨਾ ਨਿਕਲਿਆ ਜਾਵੇ।ਇਸੇ ਤਰ੍ਹਾਂ ਡਾ. ਅੰਕੇਸ਼ ਵਸ਼ਿਸ਼ਟ ਨੇ ਸਲਾਹ ਦਿੱਤੀ ਕਿ ਗਰਮੀ ਦੇ ਪ੍ਰਕੋਪ ਤੋਂ ਬਚਣ ਲਈ ਵੱਧ ਤੋਂ ਵੱਧ ਪਾਣੀ ਦਾ ਸੇਵਨ ਕੀਤਾ ਜਾਵੇ ਅਤੇ ਆਪਣੇ ਖਾਣ-ਪੀਣ ਪ੍ਰਤੀ ਪੂਰੀ ਚੌਕਸੀ ਵਰਤੀ ਜਾਵੇ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਕਿਹਾ ਕਿ ਛੋਟੇ ਬੱਚਿਆਂ ਅਤੇ ਬਜ਼ੁਰਗਾਂ ਦਾ ਖਾਸ ਧਿਆਨ ਰੱਖਿਆ ਜਾਵੇ ਤਾਂ ਜੋ ਉਨ੍ਹਾਂ ਨੂੰ ਲੂ ਲੱਗਣ ਤੋਂ ਬਚਾਇਆ ਜਾ ਸਕੇ।ਇਹ ਕੈਂਪ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਚੱਲਿਆ, ਜਿਸ ਵਿੱਚ ਲੋਕਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ ਅਤੇ ਲਾਭ ਉਠਾਇਆ। ਪਿੰਡ ਦੇ ਸਰਪੰਚ ਸਿਕੰਦਰ ਸਿੰਘ ਰੈਲਮਾਜਰਾ ਨੇ ਮੈਡੀਕਲ ਟੀਮ ਅਤੇ 'ਸੈਂਟਰੀਏਂਟ ਫਾਰਮਾਸਿਊਟੀਕਲ ' ਦੇ ਪ੍ਰਬੰਧਕਾਂ ਦਾ ਇਸ ਸ਼ਲਾਘਾਯੋਗ ਉਪਰਾਲੇ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

**ਡਾ. ਸ਼ੈਲਜਾ ਆਪਣੀ ਟੀਮ ਨਾਲ ਮੈਡੀਕਲ ਕੈਂਪ ਦੌਰਾਨ ਮਰੀਜ਼ਾਂ ਦੀ ਜਾਂਚ ਕਰਦੇ ਹੋਏ ਅਤੇ ਕੈਂਪ ਵਿੱਚ ਮੌਜੂਦ ਲੋਕਾਂ ਦੀ ਭੀੜ।**

# ਸੀਵਰੇਜ ਦੇ ਗੰਦੇ ਪਾਣੀ ਕਾਰਨ ਮੁਹੱਲਾ ਵਾਸੀਆਂ ਨੂੰ ਕਰਨਾ ਪੈਂਦਾ ਮੁਸ਼ਕਿਲਾਂ ਦਾ ਸਾਹਮਣਾ

**ਭੀਖੀ,07 ਜੂਨ (ਕਮਲ ਜਿੰਦਲ )** ਭੀਖੀ ਦੇ ਵਾਰਡ ਨੰਬਰ 1 ਦੀ ਬੈਂਕ ਵਾਲੀ ਗਲੀ ਵਿੱਚ ਪਿਛਲੇ ਕਰੀਬ 20 ਦਿਨਾਂ ਤੋਂ ਸੀਵਰੇਜ ਬਲਾਕ ਹੋਣ ਕਾਰਨ ਗੰਦਾ ਪਾਣੀ ਗਲੀ ਅਤੇ ਮੁੱਖ ਸੜਕ ਉੱਪਰ ਫੈਲ ਰਿਹਾ ਹੈ। ਇਸ ਸਮੱਸਿਆ ਕਾਰਨ ਇਲਾਕਾ ਵਾਸੀਆਂ ਅਤੇ ਰੋਜ਼ਾਨਾ ਆਉਣ-ਜਾਣ ਵਾਲੇ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਗਲੀ ਵਿੱਚ ਸਥਿਤ ਬੈਂਕ ਵਿੱਚ ਹਰ ਰੋਜ਼ ਹਜ਼ਾਰਾਂ ਲੋਕਾਂ ਦਾ ਆਉਣਾ-ਜਾਣਾ ਹੁੰਦਾ ਹੈ, ਪਰ ਸੀਵਰੇਜ ਦੇ ਓਵਰਫਲੋ ਹੋਣ ਕਾਰਨ ਉਨ੍ਹਾਂ ਨੂੰ ਗੰਦੇ ਪਾਣੀ ਵਿੱਚੋਂ ਲੰਘ ਕੇ ਆਪਣਾ ਕੰਮ ਕਰਵਾਉਣ ਲਈ ਮਜਬੂਰ ਹੋਣਾ ਪੈਂਦਾ ਹੈ।

ਮੁਹੱਲਾ ਵਾਸੀਆਂ ਦਾ ਕਹਿਣਾ ਹੈ ਕਿ ਗੰਦੇ ਪਾਣੀ ਕਾਰਨ ਬਦਬੂ ਫੈਲ ਰਹੀ ਹੈ ਅਤੇ ਮੱਛਰਾਂ ਦੀ ਗਿਣਤੀ ਵੀ ਵੱਧ ਰਹੀ ਹੈ, ਜਿਸ ਨਾਲ ਡੇਂਗੂ, ਮਲੇਰੀਆ ਅਤੇ ਹੋਰ ਬਿਮਾਰੀਆਂ ਫੈਲਣ ਦਾ ਖਤਰਾ ਬਣਿਆ ਹੋਇਆ ਹੈ।

ਸਥਾਨਕ ਮੁਹੱਲਾ ਵਾਸੀਆਂ ਲੋਕਾਂ ਨੇ ਪ੍ਰਸ਼ਾਸਨ ਅਤੇ ਸੰਬੰਧਿਤ ਵਿਭਾਗ ਤੋਂ ਮੰਗ ਕੀਤੀ ਹੈ ਕਿ ਸੀਵਰੇਜ ਦੀ ਸਮੱਸਿਆ ਦਾ ਤੁਰੰਤ ਹੱਲ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਰਾਹਤ ਮਿਲ ਸਕੇ ਅਤੇ ਕਿਸੇ ਵੀ ਸੰਭਾਵਿਤ ਬਿਮਾਰੀ ਦੇ ਫੈਲਣ ਤੋਂ ਬਚਿਆ ਜਾ ਸਕੇ।

# ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸ੍ਰੀ ਜਸਵੀਰ ਸਿੰਘ ਗੜ੍ਹੀ ਦਰਬਾਰ ਸਾਈਂ ਚੇਤਰ ਸ਼ਾਹ ਜੀ ਮਹਿੰਦੀਪੁਰ ਬਲਾਚੌਰ ਵਿਖੇ ਹੋਏ ਨਤਮਸਤਕ

## ਦਰਗਾਹ 'ਤੇ ਕਰਵਾਏ ਗਏ ਸਮਾਗਮ ਵਿੱਚ ਕੀਤੀ ਸ਼ਿਰਕਤ

**ਬਲਾਚੌਰ, 7 ਜੂਨ(ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸ੍ਰੀ ਜਸਵੀਰ ਸਿੰਘ ਗੜ੍ਹੀ ਅੱਜ ਦਰਬਾਰ ਸਾਈਂ ਚੇਤਰ ਸ਼ਾਹ ਜੀ ਮਹਿੰਦੀਪੁਰ, ਬਲਾਚੌਰ ਵਿਖੇ ਨਤਮ-ਸਤਕ ਹੋਏ। ਉਨ੍ਹਾਂ ਦਰਗਾਹ 'ਤੇ ਮੱਥਾ ਟੇਕ ਕੇ ਸੂਬੇ ਦੀ ਖੁਸ਼ਹਾਲੀ ਅਤੇ ਭਾਈਚਾਰਕ ਸਾਂਝ ਦੀ ਕਾਮਨਾ ਕੀਤੀ। ਇਸ ਮੌਕੇ ਦਰਬਾਰ ਸਾਈਂ ਚੇਤਰ ਸ਼ਾਹ ਜੀ ਦੀ ਦਰਗਾਹ 'ਤੇ ਕਰਵਾਏ ਗਏ ਵਿਸ਼ੇਸ਼ ਸਮਾਗਮ ਵਿੱਚ ਸ੍ਰੀ ਗੜ੍ਹੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਉਨ੍ਹਾਂ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੂਫੀ-ਸੰਤਾਂ ਅਤੇ ਪੀਰ-ਫਕੀਰਾਂ ਦੀਆਂ ਦਰਗਾਹਾਂ ਸਾਡੀ ਸਾਂਝੀ ਵਿਰਾਸਤ ਹਨ, ਜੋ ਸਮਾਜ ਨੂੰ ਪਿਆਰ, ਏਕਤਾ ਅਤੇ ਭਾਈਚਾਰੇ ਦਾ ਸੰਦੇਸ਼ ਦਿੰਦੀਆਂ ਹਨ। ਚੇਅਰਮੈਨ ਗੜ੍ਹੀ ਨੇ ਕਿਹਾ ਕਿ ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ ਦੀ ਭਲਾਈ ਅਤੇ ਉਨ੍ਹਾਂ ਦੇ ਹੱਕਾਂ ਦੀ ਰਾਖੀ ਲਈ ਵਚਨਬੱਧ ਹੈ। ਕਮਿਸ਼ਨ ਵੱਲੋਂ ਐਸ.ਸੀ. ਭਾਈਚਾਰੇ ਨੂੰ ਆ ਰਹੀਆਂ ਮੁਸ਼ਕਲਾਂ ਦੇ ਹੱਲ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਇਸ ਮੌਕੇ ਦਰਗਾਹ ਪ੍ਰਬੰਧਕਾਂ ਵੱਲੋਂ ਸ੍ਰੀ ਜਸਵੀਰ ਸਿੰਘ ਗੜ੍ਹੀ ਦਾ ਸਨਮਾਨ ਕੀਤਾ ਗਿਆ। ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਸ਼ਰਧਾਲੂ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ।

**ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸ੍ਰੀ ਜਸਵੀਰ ਸਿੰਘ ਗੜ੍ਹੀ ਦਰਬਾਰ ਸਾਈਂ ਚੇਤਰ ਸ਼ਾਹ ਜੀ ਮਹਿੰਦੀਪੁਰ, ਬਲਾਚੌਰ ਵਿਖੇ ਨਤਮਸਤਕ ਹੁੰਦੇ ਹੋਏ। ਦਰਗਾਹ ਪ੍ਰਬੰਧਕਾਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸ੍ਰੀ ਜਸਵੀਰ ਸਿੰਘ ਗੜ੍ਹੀ ਨੂੰ ਸਨਮਾਨਿਤ ਕਰਦੇ ਹੋਏ।**

# ਜਨਤਕ ਜਮਹੂਰੀ ਜਥੇਬੰਦੀਆਂ ਵਲੋਂ ਅਪ੍ਰੈਂਟਿਸ ਸਹਾਇਕ ਲਾਈਨਮੈਨਾਂ ਕੀਤੇ ਲਾਠੀਚਾਰਜ ਖਿਲਾਫ ਪੰਜਾਬ ਸਰਕਾਰ ਦੀ ਅਰਥੀ ਸਾੜੀ

**●ਬੇਰੋਜ਼ਗਾਰ ਸਹਾਇਕ ਲਾਈਨਮੈਨਾਂ ਨੂੰ ਨੌਕਰੀਆਂ ਦਿੱਤੀਆਂ ਜਾਣ ਅਤੇ ਸੇਵਾ ਕੇਂਦਰਾਂ ਤੇ ਹੋਰ ਥਾਵਾਂ ਤੇ ਕੰਮ ਕਰ ਰਹੇ ਕਾਮਿਆਂ ਦੀਆਂ ਉਜ਼ਰਤਾਂ ਵਿਚ ਵਾਧਾ ਕੀਤਾ ਜਾਵੇ:-ਜਗਜੀਤ ਭੁਟਾਲ ●ਲਾਠੀਚਾਰਜ ਦਾ ਹੁਕਮ ਦੇਣ ਤੇ ਲਾਠੀਚਾਰਜ ਕਰਨ ਵਾਲੇ ਜ਼ਿੰਮੇਵਾਰ ਅਧਿਕਾਰੀਆਂ ਨੂੰ ਬਰਖਾਸਤ ਕੀਤਾ ਜਾਵੇ**

**ਸੰਗਰੂਰ**

ਰੋਜ਼ਗਾਰ ਪ੍ਰਾਪਤ ਕਰਨ ਲਈ ਲੰਮੇ ਸਮੇਂ ਤੋਂ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਮੁੱਖ ਦਫਤਰ ਅੱਗੇ ਸ਼ਾਂਤਮਈ ਧਰਨਾ ਦੇ ਰਹੇ ਬੇਰੋਜ਼ਗਾਰ ਅਪ੍ਰੈਂਟਿਸ ਸਹਾਇਕ ਲਾਈਨਮੈਨਾਂ ਦੇ ਧਰਨੇ ਨੂੰ ਖਿੰਡਾਉਣ ਲਈ ਡੀਐੱਸਪੀ ਦੀ ਅਗਵਾਈ ਹੇਠ ਪੰਜਾਬ ਪੁਲਿਸ ਵੱਲੋਂ ਕੀਤੇ ਬੇਤਹਾਸ਼ਾ ਲਾਠੀਚਾਰਜ ਖਿਲਾਫ ਸੰਗਰੂਰ ਵਿਖੇ ਜਨਤਕ ਜਮਹੂਰੀ ਜੱਥੇਬੰਦੀਆਂ ਵੱਲੋਂ ਡਿਪਟੀ ਕਮਿਸ਼ਨਰ ਦੇ ਦਫ਼ਤਰ ਅੱਗੇ ਇਕੱਠੇ ਹੋ ਕੇ ਬੱਤੀਆਂ ਵਾਲੇ ਚੌਂਕ ਤੱਕ ਮੁਜ਼ਾਹਰਾ ਕਰਕੇ ਚੌਂਕ ਵਿੱਚ ਪੰਜਾਬ ਸਰਕਾਰ ਦਾ ਪੁਤਲਾ ਫ਼ੂਕਿਆ। ਜਮਹੂਰੀ ਅਧਿਕਾਰ ਸਭਾ ਪੰਜਾਬ ਇਕਾਈ ਸੰਗਰੂਰ ਦੇ ਪ੍ਰਧਾਨ ਜਗਜੀਤ ਭੁਟਾਲ ਨੇ ਸੰਬੋਧਨ ਕਰਦਿਆਂ ਕਿਹਾ ਭਗਵੰਤ ਮਾਨ ਦੀ ਸਰਕਾਰ ਬਦਲਾਅ ਦੇ ਨਾਂ ਤੇ ਵੋਟਾਂ ਲੈਕੇ ਸਰਕਾਰ ਬਣਾਈ ਸੀ ਤੇ ਵਾਅਦਾ ਕੀਤਾ ਸੀ ਪੰਜਾਬ ਵਿੱਚ ਹੁਣ ਧਰਨੇ ਨਹੀਂ ਲੱਗਣਗੇ। ਕੋਈ ਕੱਚਾ ਕਾਮਾ ਨਹੀਂ ਰਹੇਗਾ,ਸਭ ਨੂੰ ਬਰਾਬਰ ਕੰਮ ਬਰਾਬਰ ਉਜ਼ਰਤਾਂ ਮਿਲਣਗੀਆਂ ਪੰਜਾਬ ਦਾ ਹਰੇਕ ਵਰਗ ਖੁਸ਼ ਰਹੇਗਾ। ਪਰ ਹੋਇਆ ਇਸ ਤੋਂ ਉਲਟ ਹੈ ਲੋਕਾਂ ਨੂੰ ਨੌਕਰੀਆਂ ਦੇਣ ਦੀ ਥਾਂ ਧਰਨਿਆਂ ਤੇ ਬੈਠਿਆਂ ਨੂੰ ਡਾਂਗਾਂ ਨਾਲ ਨਿਵਾਜ਼ਿਆ ਜਾਣ ਲੱਗਿਆ ਹੈ। ਪਿਛਲੇ ਚਾਰ ਸਾਲਾਂ ਵਿਚ ਪੁਲਿਸ ਵਿਭਾਗ ਨੂੰ ਛੱਡ ਕੇ ਕਿਸੇ ਵੀ ਵਿਭਾਗ ਵਿਚ ਨੌਕਰੀ ਲਈ ਇਸ਼ਤਿਹਾਰ ਨਹੀਂ ਦਿੱਤਾ ਗਿਆ। ਸਹਾਇਕ ਲਾਈਨਮੈਨ ਪਟਿਆਲ ਵਿਖੇ,ਬੀਐਡ ਬੇਰੋਜ਼ਗਾਰ ਅਧਿਆਪਕ ਪਿਛਲੇ ਛੇ ਮਹੀਨਿਆਂ ਤੋਂ ਸੰਗਰੂਰ ਵਿਚ ਪੱਕੇ ਮੋਰਚੇ ਤੇ ਬੈਠੇ ਹੋਏ ਹਨ। ਜਿਹੜੇ ਮਾੜੀਆਂ ਮੋਟੀਆਂ ਕੱਚੀਆਂ ਨੌਕਰੀਆਂ ਤੇ ਲੱਗੇ ਹੋਏ ਹਨ ਉਹ ਆਪਣੀਆਂ ਉਜ਼ਰਤਾਂ ਵਧਵਾਉਣ ਲਈ ਤਰਲੇ ਮੱਛੀ ਹੋ ਰਹੇ ਹਨ,ਇਸ ਤਾਜਾ ਉਦਾਹਰਨ ਪੰਜਾਬ ਵਿੱਚ ਸੇਵਾ/ਸਾਂਝ ਕੇਂਦਰਾਂ ਵਿੱਚ ਕੰਮ ਕਰਦੇ ਕਾਮੇ ਪਿਛਲੇ ਦਸ ਸਾਲਾਂ ਤੋਂ ਅੱਠ ਤੋਂ ਦਸ ਹਜ਼ਾਰ ਦੀ ਤਨਖਾਹ ਤੇ ਕੰਮ ਰਹੇ ਹਨ। ਜਦੋਂ ਉਨ੍ਹਾਂ ਨੇ ਆਪਣੀਆਂ ਉਜ਼ਰਤਾਂ ਵਧਾਉਣ ਦੀ ਮੰਗ ਕੀਤੀ ਤਾਂ ਕੰਪਨੀ ਨੇ ਉਨ੍ਹਾਂ ਨੂੰ ਹਟਾਉਣ ਦੀ ਧਮਕੀ ਦੇ ਦਿੱਤੀ। ਸੰਘਰਸ਼ ਦੇ ਰਾਹ ਪਏ ਇੰਨਾ ਕਾਮਿਆਂ ਨੇ ਛੇ ਜੂਨ ਨੂੰ ਆਪ ਦੇ ਪ੍ਰਧਾਨ ਅਮਨ ਅਰੋੜਾ ਦੀ

ਕੋਠੀ ਅੱਗੇ ਪੰਜਾਬ ਪੱਧਰੀ ਰੈਲੀ ਕਰਨ ਦਾ ਪ੍ਰੋਗਰਾਮ ਉਲੀਕਿਆ। ਪਰ ਜਦ ਉਹ ਰੈਲੀ ਕਰਨ ਲਈ ਦਾਣਾ ਮੰਡੀ ਸੁਨਾਮ ਵਿਖੇ ਇਕੱਠੇ ਹੋ ਰਹੇ ਸਨ ਤਾਂ ਸਰਕਾਰ/ਅਮਨ ਅਰੋੜਾ ਦੇ ਹੁਕਮਾਂ ਤੇ ਪੰਜਾਬ ਪੁਲਿਸ ਵੱਲੋਂ ਇੰਨਾਂ ਨੂੰ ਸਮੇਤ ਆਗੂਆਂ ਦੇ ਗ੍ਰਿਫਤਾਰ ਕਰ ਲਿਆ। ਇਸ ਉਪਰੰਤ ਬਚੇ ਕਾਮਿਆਂ ਨੇ ਜਨਤਕ ਜਮਹੂਰੀ ਜਥੇਬੰਦੀਆਂ ਤੱਕ ਪਹੁੰਚ ਕੀਤੀ। ਕਿੰਨੀ ਸ਼ਰਮ ਦੀ ਗੱਲ ਹੱਕਦਾਰਾਂ ਨੂੰ ਆਪਣਾ ਹੱਕ ਵੀ ਮੰਗਣ ਨਹੀਂ ਦੇ ਰਹੇ । ਵਿਤ ਮੁਖੀ ਮਨਧੀਰ ਸਿੰਘ ਰਾਜੋਮਾਜਰਾ ਨੇ ਕਿਹਾ ਕਿ ਸਰਕਾਰ ਸਾਢੇ ਚਾਰ ਸਾਲਾਂ ਵਿਚ ਪੈਂਹਟ ਹਜ਼ਾਰ ਨੌਕਰੀਆਂ ਦੇਣ ਦਾ ਢੰਡੋਰਾ ਪਿੱਟ ਰਹੀ, ਪਰ ਇਹ ਨਹੀਂ ਦੱਸ ਰਹੀ ਸਾਢੇ ਚਾਰ ਵਿਚ ਕਿੰਨੇ ਸਰਕਾਰੀ ਕਰਮਚਾਰੀ ਸੇਵਾ ਮੁਕਤ ਹੋਏ ਹਨ। ਇਸ ਬਦਲਾਅ ਵਾਲੀ ਸਰਕਾਰ ਤੋਂ ਸਾਰੇ ਵਰਗ ਦੁਖੀ ਹਨ। ਇਸ ਪ੍ਰੋਗਰਾਮ ਵਿਚ ਸ਼ਾਮਲ ਜਥੇਬੰਦੀਆਂ ਨੇ ਮੰਗ ਕੀਤੀ ਕਿ ਬੇਰੋਜ਼ਗਾਰ ਸਹਾਇਕ ਲਾਈਨਮੈਨਾਂ ਨੂੰ ਨੌਕਰੀਆਂ ਦਿੱਤੀਆਂ ਜਾਣ ਅਤੇ ਸੇਵਾ ਕੇਂਦਰਾਂ ਤੇ ਹੋਰ ਥਾਵਾਂ ਤੇ ਕੰਮ ਕਰ ਰਹੇ ਕਾਮਿਆਂ ਦੀਆਂ ਉਜ਼ਰਤਾਂ ਵਿਚ ਵਾਧਾ ਕੀਤਾ ਜਾਵੇ। ਲਾਠੀਚਾਰਜ ਦਾ ਹੁਕਮ ਦੇਣ ਤੇ ਲਾਠੀਚਾਰਜ ਕਰਨ ਵਾਲੇ ਜ਼ਿੰਮੇਵਾਰ ਅਧਿਕਾਰੀਆਂ ਨੂੰ ਬਰਖਾਸਤ ਕੀਤਾ ਜਾਵੇ।

ਇਸ ਪ੍ਰੋਗਰਾਮ ਵਿਚ ਸਭਾ ਦੇ ਸੱਕਤਰ ਮਾਸਟਰ ਕੁਲਦੀਪ ਸਿੰਘ,ਬੀਕੇਯੂ ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਰੋਹੀ ਸਿੰਘ,ਆਈ ਡੀ ਪੀ ਦੇ ਫਲਜੀਤ ਸਿੰਘ , ਇਨਕਲਾਬੀ ਵਿਰਾਸਤ ਪ੍ਰਚਾਰ ਮੰਚ ਦੇ ਬਲਵੀਰ ਚੰਦ ਲੌਂਗੋਵਾਲ, ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜੋਨ ਪ੍ਰਧਾਨ ਮਾਸਟਰ ਪਰਮਵੇਦ,ਸਰਵ ਭਾਰਤ ਨੌਜਵਾਨ ਸਭਾ ਦੇ ਸੱਕਤਰ ਨਵਜੀਤ ਸਿੰਘ, ਟੈਕਨੀਕਲ ਅਤੇ ਮਕੈਨੀਕਲ ਯੂਨੀਅਨ ਬੱਬਨ ਪਾਲ,1158 ਯੂਨੀਅਨ ਦੇ ਪ੍ਰਧਾਨ ਨਿਰਭੈ ਸਿੰਘ ,ਡੀਟੀਐਫ (ਦਿਗਵਿਜੇ) ਦੇ ਦਾਤਾ ਸਿੰਘ, ਡੀਟੀਐਫ ਦੇ ਸੁਖਵਿੰਦਰ ਗਿਰ, ਫੈਡਰੇਸ਼ਨ ਏਟਕ ਦੇ ਜੀਵਨ ਸਿੰਘ, ਕੇ ਪੀ ਐਮ ਯੂ ਬਲਜੀਤ ਨਮੋਲ,ਐਨਜੈਡਆਈਈਏ ਦੇ ਗੁਰਦੀਪ ਸਿੰਘ, ਸੇਵਾ ਕੇਂਦਰ ਸੁਨਾਮ ਤੋਂ ਮਨਪ੍ਰੀਤ ਲਹਿਰਾ ,ਹਰਭਗਵਾਨ ਗੁਰਨੇ,ਨਰਦੇਵ ਸਿੰਘ ਅਤੇ ਸਭਾ ਦੀ ਸਮੂਚੀ ਟੀਮ ਹਾਜ਼ਰ ਸੀ।

ਪ੍ਰੈਸ ਸੱਕਤਰ ਜੁਝਾਰ ਲੌਂਗੋਵਾਲ ਨੇ ਸਮੂਹ ਜਥੇਬੰਦੀਆਂ ਤੋਂ ਅਗਾਂਹ ਨੂੰ ਸਾਂਝੇ ਪ੍ਰੋਗਰਾਮਾਂ ਵਿੱਚ ਪਹੁੰਚਣ ਦੀ ਉਮੀਦ ਕਰਦਿਆਂ ਸਭ ਦਾ ਧੰਨਵਾਦ ਕੀਤਾ।

**ਵੱਲੋਂ**
**ਜਗਜੀਤ ਭੁਟਾਲ ਪ੍ਰਧਾਨ :-**
**9872071050**
**ਜੁਝਾਰ ਲੌਂਗੋਵਾਲ ਪ੍ਰੈਸ ਸਕੱਤਰ :-**
**9465430016**

# ਕਾਂਗਰਸ ਨੇ ਮਾਲੇਰਕੋਟਲਾ 'ਚ ਵਿਧਾਇਕ ਦਫਤਰ ਅੱਗੇ ਆਪ ਦੇ ਝਾੜੂ ਤੀਲੇ-ਤੀਲੇ ਤੋੜ ਕੇ ਖਿਲਾਰੇ

**(ਟਾਂਡਾ ਕੇਸ-ਬੇਰੁਜਗਾਰ ਲਾਇਨਮੈਨਾਂ-ਸੇਵਾ ਕੇਂਦਰ ਕਾਮਿਆਂ ਉਪਰ ਹੋਏ ਪੁਲਿਸ ਤਸ਼ੱਦਦ, ਵਾਰ-ਵਾਰ ਨੀਟ ਪੇਪਰ ਲੀਕ ਮਾਮਲਿਆਂ ਨੂੰ ਲੈ ਕੇ ਸੂਬਾ ਤੇ ਕੇਂਦਰ ਸਰਕਾਰ 'ਤੇ ਵਰ੍ਹੀ ਨਿਸ਼ਾਂਤ ਅਖ਼ਤਰ)**

**ਮਾਲੇਰਕੋਟਲਾ-07 ਜੂਨ (ਕੁਲਵੰਤ ਸਿੰਘ ਮੁਹਾਲੀ)** ਜ਼ਿਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਬੀਬਾ ਨਿਸ਼ਾਤ ਅਖ਼ਤਰ, ਬੀਬਾ ਅਮਨਦੀਪ ਖੰਗੂੜਾ ਅਤੇ ਜ਼ਿਲ੍ਹੇ ਦੇ ਵੱਡੀ ਗਿਣਤੀ ਚ ਇਕੱਠੇ ਹੋਏ ਕਾਂਗਰਸੀ ਵਰਕਰਾਂ ਵੱਲੋਂ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਖਿਲਾਫ ਰੋਸ ਧਰਨਾ ਲਾਕੇ ਜਬਰਦਸਤ ਪ੍ਰਦਰਸ਼ਨ ਕੀਤਾ ਅਤੇ ਹਲਕਾ ਵਿਧਾਇਕ ਦੇ ਦਫਤਰ ਅੱਗੇ ਝਾੜੂ ਦਾ ਖਿਲਾਰਾ ਪਾਇਆ। ਜਾਰੀ ਕੀਤੀ ਜਾਣਕਾਰੀ ਅਨੁਸਾਰ ਬੀਤੇ ਦਿਨੀਂ ਹੁਸ਼ਿਆਰਪੁਰ ਦੇ ਟਾਂਡਾ ਵਿਖੇ ਇਕ ਕਾਂਗਰਸੀ ਕੌਂਸਲਰ ਦੀ ਜਿੱਤ ਤੋਂ ਖਫਾ ਹੋਈ ਆਪ ਸਰਕਾਰ ਵੱਲੋਂ ਕਾਂਗਰਸੀ ਕੌਂਸਲਰ ਉਪਰ 'ਝਾੜੂ ਦੀ ਬੇਅਦਬੀ' ਦਾ ਦੋਸ਼ ਲਾ ਕੇ ਉਸਨੂੰ ਥਾਣੇ 'ਚ ਬੰਦ ਕਰਨ ਦੇ ਰੋਸ ਵਜੋ ਰੋਸ ਮੁਜ਼ਾਹਰਾ ਕਰਕੇ ਸਥਾਨਕ ਵਿਧਾਇਕ ਦੇ ਦਫਤਰ ਅੱਗੇ ਝਾੜੂ ਤੀਲਾ-ਤੀਲਾ ਕਰਕੇ ਖਿੰਡਾਏ ਗਏ।

ਇਸ ਮੌਕੇ ਨਿਸ਼ਾਤ ਅਖਤਰ ਨੇ ਟਾਂਡਾ ਵਿਖੇ 'ਝਾੜੂ ਦੀ ਬੇਅਦਬੀ' ਵਰਗੇ ਦੋਸ਼ਾਂ ਤਹਿਤ ਕਾਂਗਰਸੀ ਆਗੂਆਂ ਖਿਲਾਫ ਪੁਲਿਸ ਕੇਸ ਦਰਜ ਕਰਨ, ਪਟਿਆਲਾ 'ਚ ਰੋਜ਼ਗਾਰ ਮੰਗਦੇ ਲਾਇਨਮੈਨਾਂ ਅਤੇ ਸੁਨਾਮ ਵਿਚ ਸੇਵਾ ਕੇਂਦਰ ਕਾਮਿਆਂ ਉਪਰ ਅੰਨ੍ਹਾ ਪੁਲਿਸ ਤਸੱਦਦ ਕਰਨ ਸਮੇਤ ਨੀਟ ਵਰਗੇ ਵਕਾਰੀ ਇਮਤਿਹਾਨ ਦੇ ਪੇਪਰ ਵਾਰੀ-2 ਲੀਕ ਹੋਣ ਵਰਗੇ ਮਾਮਲਿਆਂ ਨੂੰ ਲੈਕੇ ਸੂਬਾ ਅਤੇ ਕੇਂਦਰ ਸਰਕਾਰਾਂ ਉਪਰ ਜ਼ੋਰਦਾਰ ਸ਼ਬਦੀ ਹਮਲੇ

ਕਰਦਿਆਂ ਉਨ੍ਹਾਂ ਕਿਹਾ ਕਿ ਝਾੜੂ ਦੀ ਬੇਅਦਬੀ ਦੇ ਦੋਸ਼ ਲਾ ਕੇ ਕਾਂਗਰਸੀ ਆਗੂਆਂ ਨੂੰ ਸੀਖਾਂ ਪਿੱਛੇ ਬੰਦ ਕਰਨ ਵਾਲੀ ਆਪ ਸਰਕਾਰ ਦੇ ਮੰਤਰੀ ਤੇ ਵਿਧਾਇਕ ਮਾਲੇਰਕੋਟਲਾ ਚ ਪਵਿੱਤਰ ਕੁਰਾਆਨ ਦੀ ਬੇਅਦਬੀ ਕਰਨ ਵਾਲੇ ਆਪ ਵਿਧਾਇਕ ਨਰੇਸ਼ ਯਾਦਵ ਦੀ ਕਨੂੰਨੀ ਪੈਰਵਾਈ ਕਰਦਿਆਂ ਦਿਨ ਰਾਤ ਉਸ ਦੀ ਟਹਿਲ ਸੇਵਾ ਵਿਚ ਜੁੱਟੇ ਰਹੇ ਅਤੇ ਉਸਨੂੰ ਬਚਾਉਣ ਲਈ ਹਰ ਤਰਾਂ ਦੇ ਯਤਨ ਕਰਦੇ ਰਹੇ। ਉਨ੍ਹਾਂ ਕਿਹਾ ਕਿ ਲੋਕੀਂ ਆ ਰਹੀਆਂ ਵਿਧਾਨ ਸਭਾ ਚੋਣਾਂ ਦੌਰਾਨ ਸੂਬੇ ਦੇ ਲੋਕਾਂ ਉਪਰ ਤਸੱਦਦ ਕਰਨ ਵਾਲੀ ਸਰਕਾਰ ਨੂੰ ਠੋਕਵਾਂ ਜਵਾਬ ਦੇਣਗੇ। ਉਨ੍ਹਾਂ ਨੀਟ ਵਰਗੇ ਵਕਾਰੀ ਇਮਤਿਹਾਨ ਦੇ ਪੇਪਰ ਵਾਰੀ ਵਾਰੀ ਲੀਕ ਕਰਨ ਲਈ ਕੇਂਦਰੀ ਮੋਦੀ ਸਰਕਾਰ ਨੂੰ ਦੋਸ਼ੀ ਠਹਿਰਾਉਂਦਿਆਂ ਕਿਹਾ ਕਿ ਦਿਨ-ਰਾਤ ਇਕ ਕਰਕੇ ਪੜ੍ਹਾਈ ਕਰਨ ਵਾਲੇ ਹੋਣਹਾਰ ਨੌਜਵਾਨਾਂ ਦੇ ਭਵਿੱਖ ਨਾਲ ਇਹ ਬਹੁਤ ਵੱਡਾ ਧਰੋਹ ਹੈ ਅਤੇ ਕੇਂਦਰੀ ਸਿੱਖਿਆ ਮੰਤਰੀ ਨੂੰ ਅਹੁੱਦੇ ਤੋਂ ਤੁਰੰਤ ਲਾਂਭੇ ਕਰ ਦਿੱਤਾ ਜਾਣਾ ਚਾਹੀਦਾ ਹੈ। ਇਸ ਉਪਰੰਤ ਵੱਡੀ ਗਿਣਤੀ ਵਰਕਰਾਂ ਸਮੇਤ ਉਨ੍ਹਾਂ ਸਥਾਨਕ ਵਿਧਾਇਕ ਦੇ ਦਫਤਰ ਅੱਗੇ ਪਹੁੰਚ ਕੇ ਆਪਣੇ ਹੱਥਾਂ ਵਿਚ ਚੁੱਕੇ ਝਾੜੂ ਤੀਲਾ-ਤੀਲਾ ਖੰਡਾਉਂਦਿਆਂ ਆਮ ਆਦਮੀ ਪਾਰਟੀ ਖਿਲ਼ਾਫ ਜਬਰਦਸਤ ਨਾਅਰੇਬਾਜੀ ਕੀਤੀ।

ਇਸ ਮੌਕੇ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਅਤੇ ਹਲਕਾ ਅਮਰਗੜ੍ਹ ਦੇ ਸੀਨੀਅਰ ਕਾਂਗਰਸ ਆਗੂ ਸ੍ਰੀ ਕਮਲ ਧਾਲੀਵਾਲ, ਕਾਂਗਰਸੀ ਆਗੂ ਬੀਬਾ ਅਮਨਦੀਪ ਖੰਗੂੜਾ, ਅਨਵਾਰ ਮੁਹੰਮਦ, ਕੁਲਵਿੰਦਰ ਸਿੰਘ ਟਿਵਾਣਾ,(ਐਸ ਸੀ ਵਿਭਾਗ ਤੋਂ ਗੁਰਮੀਤ ਸਿੰਘ ਲਸੋਈ, ਦਲਜੀਤ ਸਿੰਘ ਦੁੱਗਰੀ, ਗੁਰਪ੍ਰੀਤ ਸਿੰਘ ਬਾਬਾ, ਰੂਪ ਸਿੰਘ ਅਮਰਗੜ੍ਹ) (ਮਹਿਲਾ ਕਾਂਗਰਸ ਬਲਾਕ ਪ੍ਰਧਾਨ ਕੁਲਵੰਤ ਕੌਰ ਉਪਲਖੇੜੀ, ਪਰਮਜੀਤ ਕੌਰ ਰਾਣੀ) ਐਮ.ਸੀ ਸ੍ਰੀਮਤੀ ਵਿਸ਼ਾਲ ਸ਼ਰਮਾ ਪਤਨੀ ਪ੍ਰਿੰਸ ਜੋਸ਼ੀ ਅਮਰਗੜ੍ਹ, ਸਰਪੰਚ ਪਰਮਜੀਤ ਸਿੰਘ ਬਾਗੜੀਆਂ, ਰੁਪਿੰਦਰ ਸਿੰਘ ਬਲਾਕ ਪ੍ਰਧਾਨ, ਸ਼ਹਿਰੀ ਪ੍ਰਧਾਨ ਦੀਪਕ ਸ਼ਰਮਾ, ਸਰਪੰਚ ਸਗੀਰ ਹਾਜ਼ੀ, ਬਲਾਕ ਪ੍ਰਧਾਨ ਕੁਲਵਿੰਦਰ ਸਿੰਘ ਝੁਨੇਰ, ਬੀਬੀ ਰਜ਼ੀਆ, ਹਰਜਿੰਦਰ ਸਿੰਘ ਕਾਕਾ, ਸਮੇਤ ਵੱਡੀ ਗਿਣਤੀ ਕਾਂਗਰਸੀ ਆਗੂ ਮੌਜੂਦ ਸਨ।

# ਅਮਰੀਕਾ ਭੇਜਣ ਦੇ ਨਾਂ 'ਤੇ ਪੰਜਾਬ ਪੁਲਿਸ ਦੇ ਮੁਲਾਜ਼ਮ ਨਾਲ 22 ਲੱਖ ਦੀ ਠੱਗੀ, ਤਿੰਨ ਖ਼ਿਲਾਫ਼ ਮਾਮਲਾ ਦਰਜ:ਐਸ ਐਚ ਓ ਅਭਿਸ਼ੇਕ ਸ਼ਰਮਾ

**ਨਵਾਂਸ਼ਹਿਰ /ਕਾਠਗੜ੍ਹ, 7 ਜੂਨ (ਜਤਿੰਦਰਪਾਲ ਸਿੰਘ ਕਲੇਰ)** : ਵਿਦੇਸ਼ ਭੇਜਣ ਦੇ ਨਾਂ 'ਤੇ ਭੋਲੇ-ਭਾਲੇ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਉਣ ਵਾਲੇ ਫਰਜ਼ੀ ਟ੍ਰੈਵਲ ਏਜੰਟਾਂ ਦੇ ਹੌਸਲੇ ਇੰਨੇ ਬੁਲੰਦ ਹੋ ਚੁੱਕੇ ਹਨ ਕਿ ਹੁਣ ਉਹ ਪੁਲਿਸ ਮੁਲਾਜ਼ਮਾਂ ਨੂੰ ਵੀ ਆਪਣੀ ਠੱਗੀ ਦਾ ਸ਼ਿਕਾਰ ਬਣਾਉਣ ਤੋਂ ਗੁਰੇਜ਼ ਨਹੀਂ ਕਰ ਰਹੇ। ਅਜਿਹਾ ਹੀ ਇੱਕ ਮਾਮਲਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਦੇ ਥਾਣਾ ਕਾਠਗੜ੍ਹ ਵਿਖੇ ਸਾਹਮਣੇ ਆਇਆ ਹੈ,ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਕਾਠਗੜ੍ਹ ਦੇ ਐਸਐਚਓ ਅਭਿਸ਼ੇਕ ਸ਼ਰਮਾ ਨੇ ਦੱਸਿਆ ਕਿ ਪੰਜਾਬ ਪੁਲਿਸ ਦੇ ਇੱਕ ਮੁਲਾਜ਼ਮ ਨਾਲ ਉਸ ਦੇ ਲੜਕੇ ਨੂੰ ਅਮਰੀਕਾ ਭੇਜਣ ਦੇ ਨਾਂ 'ਤੇ 22 ਲੱਖ ਰੁਪਏ ਦੀ ਵੱਡੀ ਠੱਗੀ ਮਾਰੀ ਗਈ। ਪੁਲਿਸ ਦੇ ਉੱਚ ਅਧਿਕਾਰੀਆਂ ਦੀ ਜਾਂਚ ਤੋਂ ਬਾਅਦ ਤਿੰਨ ਮੁਲਜ਼ਮਾਂ ਖ਼ਿਲਾਫ਼ ਭਾਰਤੀ ਨਿਆ ਸੰਹਿਤਾ ਦੀ ਧਾਰਾ 318(4) ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।

- ਲਿਫਟ ਲੈਣ ਦੌਰਾਨ ਹੋਈ ਸੀ ਮੁਲਜ਼ਮ ਨਾਲ ਮੁਲਾਕਾਤ

ਪੀੜਤ ਕਮਲਦੇਵ ਪੁੱਤਰ ਮੇਹਰ ਚੰਦ (ਵਾਸੀ ਭੱਠਲਾਨ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ), ਜੋ ਕਿ ਪੰਜਾਬ ਪੁਲਿਸ ਵਿੱਚ ਮੁਲਾਜ਼ਮ ਹੈ ਅਤੇ ਚੰਡੀਗੜ੍ਹ ਵਿਖੇ ਡਿਊਟੀ 'ਤੇ ਤਾਇਨਾਤ ਹੈ, ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਮਈ-ਜੂਨ 2024 ਦੌਰਾਨ ਚੰਡੀਗੜ੍ਹ ਆਉਣ-ਜਾਣ ਵੇਲੇ ਕਾਠਗੜ੍ਹ ਟੋਲ ਪਲਾਜ਼ਾ ਕੋਲ ਬੱਸ ਲੇਟ ਹੋਣ ਕਾਰਨ ਉਸ ਨੇ ਇੱਕ ਗੱਡੀ ਤੋਂ ਲਿਫਟ ਲਈ ਸੀ। ਗੱਡੀ ਚਲਾ ਰਹੇ ਵਿਅਕਤੀ ਦੀ ਪਛਾਣ ਗੁਰਦੇਵ ਸਿੰਘ ਪੁੱਤਰ ਦਰਸ਼ਨ ਸਿੰਘ (ਵਾਸੀ ਖਟਕੜ ਕਲਾਂ) ਵਜੋਂ ਹੋਈ। ਇਸ ਸਫ਼ਰ ਦੌਰਾਨ ਦੋਵਾਂ ਵਿਚਾਲੇ ਜਾਣ-ਪਛਾਣ ਹੋ ਗਈ ਅਤੇ ਗੁਰਦੇਵ ਸਿੰਘ ਨੇ ਕਮਲਦੇਵ ਨੂੰ ਕਈ ਵਾਰ ਚੰਡੀਗੜ੍ਹ ਤੱਕ ਲਿਫਟ ਦਿੱਤੀ।

- ਅਮਰੀਕਾ ਦਾ ਝਾਂਸਾ ਦੇ ਕੇ ਬੁਣਿਆ ਠੱਗੀ ਦਾ ਜਾਲ

ਗੁਰਦੇਵ ਸਿੰਘ ਨੇ ਗੱਲਾਂ-ਗੱਲਾਂ ਵਿੱਚ ਕਮਲਦੇਵ ਨੂੰ ਆਪਣੇ ਇੱਕ ਸਾਥੀ ਸੁਖਦੇਵ ਸਿੰਘ ਪੁੱਤਰ ਹਰੀ ਸਿੰਘ (ਵਾਸੀ ਨਿਊ ਜਵਾਹਰ ਨਗਰ, ਆਦਮਪੁਰ, ਜਲੰਧਰ) ਬਾਰੇ ਦੱਸਿਆ ਕਿ ਉਹ ਲੋਕਾਂ ਨੂੰ ਵਿਦੇਸ਼ ਭੇਜਣ ਦਾ ਕੰਮ ਕਰਦਾ ਹੈ। ਗੁਰਦੇਵ ਸਿੰਘ ਨੇ ਸੁਖਦੇਵ ਸਿੰਘ ਨਾਲ ਕਮਲਦੇਵ ਦੀ ਗੱਲਬਾਤ ਕਰਵਾਈ। ਸੁਖਦੇਵ ਸਿੰਘ ਨੇ ਕਮਲਦੇਵ ਦੇ ਲੜਕੇ ਜਸਪ੍ਰੀਤ ਮਹਾਨ ਨੂੰ 27 ਲੱਖ ਰੁਪਏ ਵਿੱਚ ਅਮਰੀਕਾ ਭੇਜਣ ਦਾ ਸੌਦਾ ਤੈਅ ਕੀਤਾ ਅਤੇ ਦਾਅਵਾ ਕੀਤਾ ਕਿ ਉਹ ਪਹਿਲਾਂ ਲੜਕੇ ਨੂੰ ਓਮਾਨ (ਮਸਕਟ) ਭੇਜੇਗਾ, ਜਿੱਥੇ ਉਸ ਦਾ ਵਰਕ ਪਰਮਿਟ ਲਗਵਾ ਕੇ ਅੱਗੇ ਅਮਰੀਕਾ ਰਵਾਨਾ ਕੀਤਾ ਜਾਵੇਗਾ।

- ਤੀਜੇ ਸਾਥੀ ਦੀ ਐਂਟਰੀ ਅਤੇ ਬੈਂਕ ਖਾਤਿਆਂ ਵਿੱਚ ਲੱਖਾਂ ਦੀ ਟ੍ਰਾਂਸਫਰ

ਸੁਖਦੇਵ ਸਿੰਘ ਦੇ ਕਹਿਣ 'ਤੇ ਕਮਲਦੇਵ ਨੇ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵਿਖੇ ਨੌਕਰੀ ਕਰਦੇ ਸਤਨਾਮ ਸਿੰਘ ਪੁੱਤਰ ਅਜੀਤ ਸਿੰਘ (ਵਾਸੀ ਸੈਕਟਰ 22, ਚੰਡੀਗੜ੍ਹ / ਮੋਹਾਲੀ) ਨਾਲ ਮੁਲਾਕਾਤ ਕੀਤੀ, ਜਿਸ ਨੇ ਲੜਕੇ ਦੇ ਦਸਤਾਵੇਜ਼ ਅਤੇ ਪਾਸਪੋਰਟ ਲਏ। ਇਸ ਤੋਂ ਬਾਅਦ ਯੋਜਨਾਬੱਧ ਤਰੀਕੇ ਨਾਲ ਕਮਲਦੇਵ ਕੋਲੋਂ 26 ਸਤੰਬਰ 2024 ਨੂੰ ਐਚਡੀਐਫਸੀ ਬੈਂਕ ਖਾਤੇ ਰਾਹੀਂ ਸੁਖਦੇਵ ਸਿੰਘ ਦੇ ਐਕਸਿਸ ਬੈਂਕ ਖਾਤੇ (ਲੁਧਿਆਣਾ) ਵਿੱਚ 2 ਲੱਖ ਰੁਪਏ, 7 ਅਕਤੂਬਰ 2024 ਨੂੰ ਉਸੇ ਖਾਤੇ ਵਿੱਚ 3 ਲੱਖ ਰੁਪਏ ਹੋਰ ਭੇਜੇ, 28 ਅਕਤੂਬਰ 2024 ਨੂੰ 5 ਲੱਖ ਰੁਪਏ ਦੀ ਹੋਰ ਰਕਮ ਤੇ 4 ਫਰਵਰੀ 2025 ਨੂੰ 4 ਲੱਖ ਰੁਪਏ ਹੋਰ ਭੇਜੇ ਗਏ।

ਇਸ ਤੋਂ ਇਲਾਵਾ ਓਮਾਨ ਦੀ ਟਿਕਟ, ਫੋਰੈਕਸ ਕਾਰਡ ਵਿੱਚ ਪੈਸੇ ਪਾਉਣ ਅਤੇ ਯੂ.ਐੱਸ. ਡਾਲਰਾਂ ਦੇ ਰੂਪ ਵਿੱਚ ਕੁੱਲ ਮਿਲਾ ਕੇ 22 ਲੱਖ ਰੁਪਏ ਦੀ ਰਕਮ ਏਜੰਟਾਂ ਨੇ ਵੱਖ-ਵੱਖ ਤਰੀਕਿਆਂ ਨਾਲ ਹਾਸਲ ਕਰ ਲਈ।

- ਅਮਰੀਕਾ ਦੀ ਬਜਾਏ ਓਮਾਨ ਵਿੱਚ ਫਸਿਆ ਰਿਹਾ ਲੜਕਾ

ਸ਼ਿਕਾਇਤਕਰਤਾ ਦਾ ਲੜਕਾ 1 ਦਸੰਬਰ 2024 ਨੂੰ ਸਤਨਾਮ ਸਿੰਘ ਨਾਲ ਓਮਾਨ ਪਹੁੰਚਿਆ। ਉੱਥੇ ਸੁਖਦੇਵ ਸਿੰਘ ਨੇ ਉਸ ਨੂੰ ਵਰਕ ਪਰਮਿਟ ਦਿਵਾਉਣ ਦੇ ਨਾਂ 'ਤੇ ਦੁਬਈ (ਕੰਟਰੀ ਆਊਟ) ਵੀ ਭੇਜਿਆ। ਲੜਕਾ ਕਰੀਬ 9 ਮਹੀਨੇ ਓਮਾਨ ਵਿੱਚ ਰਿਹਾ, ਪਰ ਮੁਲਜ਼ਮਾਂ ਨੇ ਉਸ ਨੂੰ ਅੱਗੇ ਅਮਰੀਕਾ ਨਹੀਂ ਭੇਜਿਆ। ਜਦੋਂ ਪੀੜਤ ਪਰਿਵਾਰ ਨੂੰ ਪਤਾ ਲੱਗਿਆ ਕਿ ਉਨ੍ਹਾਂ ਨਾਲ ਠੱਗੀ ਹੋਈ ਹੈ, ਤਾਂ ਲੜਕਾ ਜੁਲਾਈ 2025 ਵਿੱਚ ਵਾਪਸ ਭਾਰਤ ਪਰਤ ਆਇਆ।

- ਪੈਸੇ ਮੰਗਣ 'ਤੇ ਮਿਲੀ ਸਿਰਫ਼ ਅਧੂਰੀ ਰਕਮ, ਪੁਲਿਸ ਵੱਲੋਂ ਮਾਮਲਾ ਦਰਜ

ਜਦੋਂ ਕਮਲਦੇਵ ਨੇ ਮੁਲਜ਼ਮਾਂ ਕੋਲੋਂ ਆਪਣੇ 22 ਲੱਖ ਰੁਪਏ ਵਾਪਸ ਮੰਗੇ, ਤਾਂ ਮੁਲਜ਼ਮ ਟਾਲ-ਮਟੋਲ ਕਰਨ ਲੱਗੇ। ਵਾਰ-ਵਾਰ ਕਹਿਣ 'ਤੇ ਸੁਖਦੇਵ ਸਿੰਘ ਨੇ ਕੁੱਲ ਰਕਮ ਵਿੱਚੋਂ ਸਿਰਫ਼ 2,06,000 ਰੁਪਏ ਹੀ ਵਾਪਸ ਕੀਤੇ ਅਤੇ ਬਾਕੀ ਦੇ 19,94,000 ਰੁਪਏ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਪੀੜਤ ਵੱਲੋਂ ਦਿੱਤੀ ਸ਼ਿਕਾਇਤ ਦੀ ਮੁਢਲੀ ਜਾਂਚ ਉਪ-ਕਪਤਾਨ ਪੁਲਿਸ (ਡੀ.ਐੱਸ.ਪੀ. ਐੱਨ.ਡੀ.ਪੀ.ਐੱਸ.-ਕਮ-ਨਾਰਕੋਟਿਕਸ, ਸ਼ਹੀਦ ਭਗਤ ਸਿੰਘ ਨਗਰ) ਵੱਲੋਂ ਕੀਤੀ ਗਈ। ਜਾਂਚ ਵਿੱਚ ਗੁਰਦੇਵ ਸਿੰਘ, ਸੁਖਦੇਵ ਸਿੰਘ ਅਤੇ ਸਤਨਾਮ ਸਿੰਘ ਦੀ ਆਪਸੀ ਮਿਲੀਭੁਗਤ ਅਤੇ ਠੱਗੀ ਦੀ ਪੁਸ਼ਟੀ ਹੋਣ ਤੋਂ ਬਾਅਦ, ਸੀਨੀਅਰ ਕਪਤਾਨ ਪੁਲਿਸ ਦੇ ਹੁਕਮਾਂ 'ਤੇ ਥਾਣਾ ਕਾਠਗੜ੍ਹ ਵਿਖੇ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

# ਕੈਨੇਡਾ ਵਿਚ ਪੰਜਾਬੀਆਂ ਦੀ ਬੱਲੇ ਬੱਲੇ : ਸ਼ਾਦੀ ਮੁਬਾਰਕ ਫੋਟੋ ਸਟੂਡੀਓ ਦੀ ਕੰਪਨੀ ਦਾ ਕੀਤਾ ਉਦਘਾਟਨ

**ਕਪੂਰਥਲਾ, 7 ਜੂਨ (ਕੌੜਾ )–** ਸ਼ਾਦੀ ਮੁਬਾਰਕ ਫੋਟੋ ਅਤੇ ਵੀਡੀਓ ਗ੍ਰੈਂਡ ਲੌਂਚ ਬੜੇ ਹੀ ਉਤਸ਼ਾਹ ਅਤੇ ਰੋਣਕਾਂ ਨਾਲ ਸਮਾਪਤ ਹੋਇਆ। ਸ਼ਾਦੀ ਮੁਬਾਰਕ ਸਟੂਡੀਓ ਤੇ ਅੰਮ੍ਰਿਤ ਵੇਲੇ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਭਾਈ ਹਰਜੀਤ ਸਿੰਘ ਸੁਲਤਾਨਪੁਰ ਲੋਧੀ ਵਾਲਿਆਂ ਨੇ ਕਥਾ ਕੀਰਤਨ ਕਰ ਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਗੁਰੂ ਦੇ ਲੜ ਲੱਗਣ ਲਈ ਕਿਹਾ ਇਸ ਖਾਸ ਮੌਕੇ ਤੇ ਸਮਾਜਿਕ, ਰਾਜਨੀਤਿਕ ਅਤੇ ਕਾਰੋਬਾਰੀ ਖੇਤਰ ਨਾਲ ਜੁੜੀਆਂ ਕਈ ਪ੍ਰਮੁੱਖ ਸ਼ਖਸੀਅਤਾਂ ਨੇ ਹਾਜ਼ਰੀ ਕਹੀ ਅਤੇ ਰੋਬਿਨ ਕਨੌਜੀਆ ਤੇ ਹਰਿੰਦਰ ਸਚਦੇਵਾ ਤੇ ਉਹਨਾਂ ਦੀ ਟੀਮ ਨੂੰ ਆਏ ਮਹਿਮਾਨਾਂ ਨੇ ਨਵੇਂ ਕਾਰੋਬਾਰ ਸ਼ੁਰੂ ਕਰਨ ਦੀ ਵਧਾਈ ਦਿੱਤੀ। ਸ਼ਾਦੀ ਮੁਬਾਰਕ ਫੋਟੋ ਫ਼ ਵੀਡੀਓ 8388 128 ਸ਼ਟਰਏਏਟ ਵਿਖੇ ਹੋਏ ਇਸ ਸਮਾਗਮ ਵਿੱਚ ਸਰੀ ਦੇ ਕਈ ਮਾਣਯੋਗ ਮਹਿਮਾਨ ਸ਼ਾਮਿਲ ਹੋਏ। ਰਾਜਨੀਤਿਕ ਆਗੂਆਂ ਵਿੱਚ ਐਮ ਪੀ ਸੁਖ ਧਾਲੀਵਾਲ, ਐਮ ਐਲ ਏ ਮਨਦੀਪ ਸਿੰਘ ਧਾਲੀਵਾਲ, ਕੌਂਸਲਰ ਲਿੰਡਾ ਐਨੀਸ਼ ਸਮੇਰ ਹੋਰ ਪ੍ਰਮੁੱਖ ਹਸਤੀਆਂ ਨੇ ਆਪਣੀ ਹਾਜ਼ਰੀ ਨਾਲ ਸਮਾਗਮ ਵਿੱਚ ਆਪਣੀ ਹਾਜ਼ਰੀ ਲਵਾਈ ਮਹਿਮਾਨਾਂ ਨੇ ਸ਼ਾਦੀ ਮੁਬਾਰਕ ਫੋਟੋ ਫ਼ ਵੀਡੀਓ ਸ਼ੁਰੂਆਤ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਦੀ ਪ੍ਰੋਫੈਸਨਲ ਫੋਟੋਗ੍ਰਾਫੀ ਅਤੇ ਵੀਡੀਓਗ੍ਰਾਫੀ ਸੇਵਾਵਾਂ ਦੀ ਸਰਾਹਨਾ ਕੀਤੀ। ਸਮਾਗਮ ਦੌਰਾਨ ਮਹਿਮਾਨਾਂ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ ਅਤੇ

ਮਾਹੌਲ ਖੁਸ਼ੀ ਅਤੇ ਉਤਸ਼ਾਹ ਨਾਲ ਭਰਪੂਰ ਰਿਹਾ।

ਜਿਥੇ ਹਰਿੰਦਰ ਸਚਦੇਵਾ ਅਤੇ ਰੋਬਿਨ ਕਨੌਜੀਆ ਪਿੱਛਲੇ 10 ਸਾਲਾ ਤੋਂ ਵੀਡੀਓ ਅਤੇ ਫੋਟੋਗਰਾਫੀ ਨਾਲ ਸੇਵਾਵਾਂ ਨਿਭਾ ਰਹੇ ਹਨ ਉਥੇ ਹੀ ਹੁਣ ਸ਼ੋਰਟ ਵੀਡੀਓ, ਬਿਜ਼ਨਸ ਰੀਲ ਅਤੇ ਹਰ ਤਰ੍ਹਾਂ ਦੀ ਮਸ਼ਹੂਰੀ ਵਾਸਤੇ ਵੀਡੀਓਗ੍ਰਾਫੀ ਅਤੇ ਫੋਟੋਗ੍ਰਾਫੀ ਵੀ ਕੀਤੀ ਜਾਵੇਗੀ ਅਤੇਰਾਜਨੀਤਕ ਪਾਰਟੀਆਂ, ਕਲਾਕਾਰ ,ਪ੍ਰਮੋਟਰ, ਅਤੇ ਹਰ ਕੋਈ ਪੋਡ ਕਾਸਟ ਵੀ ਸ਼ੁਰੂ ਕੀਤਾ ਗਿਆ ਹੈ ਜੋ ਕੀ ਦੇਸ਼ ਵਿਦੇਸ਼ ਵਿਚ ਵਸਦੇ ਪੰਜਾਬੀਆਂ ਦੀਆ ਉਪਲੱਭਦੀਆਂ ਰਾਜਨੀਤਕ ਪਾਰਟੀਆਂ ਅਤੇ ਸਮਾਜ ਸੇਵਕਾ ਲਈ ਇਕ ਸਰੀ ਵਿਚ ਵਧੀਆ ਪਲੇਟਫਾਰਮ ਖੁਲਿਆ ਹੈ ਅਤੇ ਇਸ ਮੌਕੇ ਤੇ ਮਨਿਸਟਰ ਰਣਦੀਪ ਸਰਾਂ ਟੀਮ,ਜਗਰੂਪ

ਬਰਾੜ ਐਮਐਲਏ ਸੁੱਖ ਧਾਲੀਵਾਲ ਮੈਂਬਰ ਆਫ ਪਾਰਲੀਮੈਂਟ ਜੈਸੇ ਸੁਨਰ ਐਮਐਲਏ ਮਨਦੀਪ ਧਾਲੀਵਾਲ ਐਮਐਲਏ ਪੀਟਰ ਮਿਲੋਬਰ ਐਮਐਲਏ ਬਿਲਾਲ ਚੀਮਾ ਕੌਂਸਲਰ ਪ੍ਰਗਟ ਸਿੰਘ ਭੁਰਜੀ ਬੋਲੀਵੁੱਡ ਐਕਟਰ ਸਟੂਡੀਓ ਦੇ ਡਾਇਰੈਕਟਰ ਹਰਜੋਤ ਸਿੰਘ ਸਚਦੇਵਾ ਮੈਨੇਜਰ ਸੁਰਿੰਦਰ ਸਿੰਘ ਬੱਬੂ ਜਗਜੀਤ ਅਟਵਾਲ ਅਰਸ਼ ਕਲੇਰ ਸਤੀਸ਼ ਕੁਮਾਰ,ਸੰਧੂ ਲੱਕੀ ਭੁਪਿੰਦਰ ਸੋਨੀ ਬਲਿਹਾਰ ਬੈਂਸ ਬਿੱਲ ਸੰਧੂ ਸੰਦੀਪ ਸੇਤੀਆ ਵਿਕਾਸ ਗੌਤਮ ਮਹੇਸ਼ਇੰਦਰ ਮਾਂਗਟ ਵਿਨੀਤ ਅੱਗਾਂਰਵਾਲ ਵਿਨੋਦ ਕੁਮਾਰ ਰੋਹਿਣੀ ਗੁਪਤਾ ਗੀਤਾਨੀਲੀ ਸ਼ਰਮਾ ਗੌਰ ਅੰਸ਼ੂਲਾ ਰਾਏ ਵੇਅਉਲੀ ਰਾਏ ਵਰਮਾ ਕਿਰਾਨੀਟ ਵਰਮਾ ਮੁਸਕਾਨ ਵਰਮਾ ਗੌਰ ਅੰਸ਼ੂਲਾ ਪ੍ਰਮੋਦ ਗੁਪਤਾ ਲਕਸ਼ਮੀ ਨਾਰਾਵਣ ਮੰਦਿਰ , ਸਰੀ ਅਜ਼ੀਜ਼ ਲਾਢਾ ਧਰ ਸੰਦੀਪ ਜੱਸਲ ਸਪਾਲੀ ਰਾਜੇਸ਼ ਅਨਸਲ ਅਭੈ ਗੁਪਤਾ ਚੀਫ ਬਲਰਾਮ ਗੌਤਮ ਜਯੋਤੀ ਗੁਪਤਾ ਰਾਜੇਸ਼ ਜਿੰਦਲ ਜੈਜ਼ੀ ਕੌਰ ਕੀਵੇਸ ਮੋਟਗਾਗੇ ਪ੍ਰਿਯੰਕਾ ਧਾਮੀਜ਼ ਮਹਿਤਾ ਅਤੇ ਹੋਰ ਹਾਜ਼ਰ ਸਨ ।

# 'ਆਪ' ਸਰਕਾਰ ਨੇ ਬੇਰੁਜ਼ਗਾਰ ਨੌਜਵਾਨਾਂ ਪ੍ਰਤੀ ਅਪਣਾਇਆ ਤਾਨਾਸ਼ਾਹੀ ਰਵੱਈਆ–ਚੋਧਰੀ ਦਰਸ਼ਨ ਲਾਲ ਮੰਗੂਪੁਰ

**ਬਲਾਚੌਰ 7 ਜੂਨ (ਜਤਿੰਦਰ ਪਾਲ ਸਿੰਘ ਕਲੇਰ )**ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਵਿਧਾਇਕ ਚੋਧਰੀ ਦਰਸ਼ਨ ਲਾਲ ਮੰਗੂਪੁਰ ਨੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਸਰਕਾਰ ਦੇ ਅਖੌਤੀ 'ਬਦਲਾਅ' ਦੇ ਦਾਅਵਿਆਂ ਦੀ ਅੱਜ ਪੂਰੀ ਤਰ੍ਹਾਂ ਫੂਕ ਨਿਕਲ ਗਈ ਹੈ। ਰੁਜ਼ਗਾਰ ਦੇ ਚੋਣ ਵਾਅਦੇ ਪੂਰੇ ਕਰਨ ਦੀ ਬਜਾਏ, ਭਗਵੰਤ ਮਾਨ ਸਰਕਾਰ ਨੇ ਆਪਣੇ ਹੱਕ ਮੰਗ ਰਹੇ ਪੰਜਾਬ ਦੇ ਬੇਰੁਜ਼ਗਾਰ ਨੌਜਵਾਨਾਂ 'ਤੇ ਪੁਲਿਸ ਦੀ ਲਾਠੀ ਦੇ ਜ਼ੋਰ 'ਤੇ ਰਾਜ ਕਰਨ ਦਾ ਰਾਹ ਚੁਣਿਆ ਹੈ। ਚੋਧਰੀ ਦਰਸ਼ਨ ਲਾਲ ਮੰਗੂਪੁਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ

ਕਿਹਾ ਕਿ ਪਟਿਆਲਾ ਵਿਚ ਪੀ.ਐਸ.ਪੀ.ਸੀ.ਐਲ. (ਪਾਵਰਕਾਮ) ਦੇ ਮੁੱਖ ਦਫ਼ਤਰ ਅੱਗੇ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ 2,600 ਅਪ੍ਰੈਂਟਿਸ ਲਾਈਨਮੈਨਾਂ 'ਤੇ ਪੁਲਿਸ ਵਲੋਂ ਕੀਤੇ ਗਏ ਅੰਨ੍ਹੇਵਾਹ ਅਤੇ ਬੇਰਹਿਮ ਲਾਠੀਚਾਰਜ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ।ਅਤੇ ਕਿਹਾ ਕਿ ਆਪ ਸਰਕਾਰ ਵਲੋਂ ਬੇਰੁਜ਼ਗਾਰ ਨੌਜਵਾਨਾਂ ਤੇ ਬੇਤਹਾਸ਼ਾ ਤਸ਼ੱਦਦ ਕਰਕੇ 2027 ਵਿੱਚ ਦੁਬਾਰਾ ਸਰਕਾਰ ਬਣਾਉਣ ਦੇ ਦਾਅਵੇ ਕਰ ਰਹੇ ਪਰ ਇਹੀ ਪੰਜਾਬ ਦੇ ਬੇਰੁਜ਼ਗਾਰ ਲਾਈਨਮੈਨਾਂ ਇਹਨਾਂ ਨੂੰ ਮੂੰਹ ਤੋੜਵਾਂ ਜਵਾਬ ਦੇ ਕੇ ਆਮ ਆਦਮੀ ਪਾਰਟੀ ਨੂੰ ਚਲਦਾ ਕਰਨਗੇ।

# ਕੋਹਿਨੂਰ ਰੇਡੀਓ 97.3 ਐੱਫ.ਐੱਮ. 'ਤੇ ਸ. ਬਲਜੀਤ ਸਿੰਘ ਬਰਾੜ ਨਾਲ ਵਿਸ਼ੇਸ਼ ਮੁਲਾਕਾਤ - ਪੰਜਾਬ ਅਤੇ ਐਨ.ਆਰ.ਆਈ. ਮੁੱਦਿਆਂ 'ਤੇ ਖੁੱਲ੍ਹੀ ਚਰਚਾ

ਸੀਤਲ ਸਿੰਘ ਗਿੱਲ ਵੱਲੋਂ ਸ. ਬਲਜੀਤ ਸਿੰਘ ਬਰਾੜ ਨੂੰ ਸ਼ਹੀਦ ਭਗਤ ਸਿੰਘ ਦਾ ਯਾਦਗਾਰੀ ਕੈਲੰਡਰ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

ਡਾ. ਚਰਨਪ੍ਰੀਤ ਸਿੰਘ ਜੋਹਲ ਵੱਲੋਂ ਸ. ਬਲਜੀਤ ਸਿੰਘ ਬਰਾੜ ਨੂੰ ਪ੍ਰਗਤੀਸ਼ੀਲ ਪੰਜਾਬੀ ਸਾਹਿਤ ਅਤੇ ਪੁਸਤਕਾਂ ਭੇਟ ਕੀਤੀਆਂ ਗਈਆਂ।

**ਲੈਸਟਰ (ਯੂ.ਕੇ.)-** ਹਾਲ ਹੀ ਵਿੱਚ ਯੂਨਾਈਟਿਡ ਕਿੰਗਡਮ ਦੇ ਦੌਰੇ ਦੌਰਾਨ ਪ੍ਰਸਿੱਧ ਪੰਜਾਬੀ ਪੱਤਰਕਾਰ ਅਤੇ ਪੰਜਾਬ ਟਾਈਮਜ਼ ਦੇ ਸੰਪਾਦਕ ਸ. ਬਲਜੀਤ ਸਿੰਘ ਬਰਾੜ ਨੇ ਕੋਹਿਨੂਰ ਰੇਡੀਓ 97.3 ਐੱਫ.ਐੱਮ. 'ਤੇ ਸੀਤਲ ਸਿੰਘ ਗਿੱਲ ਨਾਲ ਇੱਕ ਵਿਸ਼ੇਸ਼ ਲਾਈਵ ਇੰਟਰਵਿਊ ਵਿੱਚ ਹਿੱਸਾ ਲਿਆ। ਇਸ ਪ੍ਰੋਗਰਾਮ ਨੂੰ ਸਰੋਤਿਆਂ ਵੱਲੋਂ ਬਹੁਤ ਵਧੀਆ ਹੁੰਗਾਰਾ ਮਿਲਿਆ। ਕਈ ਸਰੋਤਿਆਂ ਨੇ ਫ਼ੋਨ ਕਰਕੇ ਪੰਜਾਬ ਦੀ ਮੌਜੂਦਾ ਸਥਿਤੀ, ਐਨ.ਆਰ.ਆਈ. ਭਾਈਚਾਰੇ ਅਤੇ ਪੰਜਾਬ ਨਾਲ ਉਨ੍ਹਾਂ ਦੇ ਰਿਸ਼ਤਿਆਂ ਬਾਰੇ ਸਵਾਲ ਪੁੱਛੇ।

ਡਾ. ਚਰਨਪ੍ਰੀਤ ਸਿੰਘ ਜੋਹਲ ਵੱਲੋਂ ਸ. ਬਲਜੀਤ ਸਿੰਘ ਬਰਾੜ ਨੂੰ ਪ੍ਰਗਤੀਸ਼ੀਲ ਪੰਜਾਬੀ ਸਾਹਿਤ ਅਤੇ ਪੁਸਤਕਾਂ ਭੇਟ ਕੀਤੀਆਂ ਗਈਆਂ।

ਗੱਲਬਾਤ ਦੌਰਾਨ ਸ. ਬਲਜੀਤ ਸਿੰਘ ਬਰਾੜ ਨੇ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵਤਨ ਪੰਜਾਬ ਨਾਲ ਆਪਣੇ ਰਿਸ਼ਤੇ ਮਜ਼ਬੂਤ ਰੱਖਣ, ਪੰਜਾਬ ਵਿੱਚ ਨਿਵੇਸ਼ ਕਰਨ ਅਤੇ ਆਪਣੀ ਨਵੀਂ ਪੀੜ੍ਹੀ ਨੂੰ ਪੰਜਾਬ ਦੀ ਭਾਸ਼ਾ, ਸੱਭਿਆਚਾਰ, ਇਤਿਹਾਸ ਅਤੇ ਵਿਰਾਸਤ ਨਾਲ ਜੋੜ ਕੇ ਰੱਖਣ। ਉਨ੍ਹਾਂ ਕਿਹਾ ਕਿ ਪਰਵਾਸੀ ਪੰਜਾਬੀ ਪੰਜਾਬ ਦੀ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਤਰੱਕੀ ਵਿੱਚ ਮਹੱਤਵਪੂਰਨ ਯੋਗਦਾਨ ਪਾ ਸਕਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਜੱਦੀ ਵਤਨ ਨਾਲ ਜੁੜੇ ਰਹਿਣਾ ਚਾਹੀਦਾ ਹੈ। ਪ੍ਰੋਗਰਾਮ ਦੌਰਾਨ ਕਈ ਸਰੋਤਿਆਂ ਨੇ ਪੰਜਾਬ ਦੀ ਮੌਜੂਦਾ ਸਥਿਤੀ ਅਤੇ ਐਨ.ਆਰ.ਆਈ. ਭਾਈਚਾਰੇ ਦੀਆਂ ਚਿੰਤਾਵਾਂ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਨੇ ਸ. ਬਰਾੜ ਨੂੰ ਬੇਨਤੀ ਕੀਤੀ ਕਿ ਉਹ ਆਪਣੀ ਪ੍ਰਸਿੱਧ ਅਖ਼ਬਾਰ ਪੰਜਾਬ ਟਾਈਮਜ਼ ਰਾਹੀਂ ਐਨ.ਆਰ.ਆਈ. ਭਾਈਚਾਰੇ ਦੀਆਂ ਚਿੰਤਾਵਾਂ ਨੂੰ ਉਭਾਰਨ ਅਤੇ ਪੰਜਾਬ ਸਰਕਾਰ ਦੇ ਧਿਆਨ ਵਿੱਚ ਲਿਆਉਣ।

ਇਸ ਦੇ ਜਵਾਬ ਵਿੱਚ ਸ. ਬਰਾੜ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਦਾ ਆਪਣੇ ਵਤਨ ਨਾਲ ਡੂੰਘਾ ਪਿਆਰ ਅਤੇ ਲਗਾਵ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਐਨ.ਆਰ.ਆਈ. ਭਾਈਚਾਰੇ ਦੀਆਂ ਚਿੰਤਾਵਾਂ ਨੂੰ ਗੰਭੀਰਤਾ ਨਾਲ ਉਠਾਇਆ ਜਾਣਾ ਚਾਹੀਦਾ ਹੈ ਅਤੇ ਉਹ ਆਪਣੀ ਪੱਤਰਕਾਰੀ ਰਾਹੀਂ ਇਨ੍ਹਾਂ ਮੁੱਦਿਆਂ ਨੂੰ ਉਭਾਰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀ ਅੱਜ ਵੀ ਗੁਰੂਆਂ ਦੀ ਧਰਤੀ ਪੰਜਾਬ ਨਾਲ ਪਿਆਰ ਕਰਦੇ ਹਨ ਅਤੇ ਆਪਣੇ ਜੱਦੀ ਵਤਨ ਨਾਲ ਸਬੰਧ ਬਣਾਈ ਰੱਖਣਾ ਚਾਹੁੰਦੇ ਹਨ। ਇੰਟਰਵਿਊ ਤੋਂ ਬਾਅਦ ਕੋਹਿਨੂਰ ਰੇਡੀਓ ਸਟੂਡੀਓ ਵਿਖੇ ਇੱਕ ਸਨਮਾਨ ਸਮਾਗਮ ਵੀ ਆਯੋਜਿਤ ਕੀਤਾ ਗਿਆ। ਡਾ. ਚਰਨਪ੍ਰੀਤ ਸਿੰਘ ਜੋਹਲ, ਮੈਨੇਜਿੰਗ ਡਾਇਰੈਕਟਰ, ਕੋਹਿਨੂਰ ਰੇਡੀਓ 97.3 ਐੱਫ.ਐੱਮ. ਵੱਲੋਂ ਸ. ਬਲਜੀਤ ਸਿੰਘ ਬਰਾੜ ਨੂੰ ਉਨ੍ਹਾਂ ਦੀ ਲੰਬੇ ਸਮੇਂ ਦੀ ਪੱਤਰਕਾਰੀ ਸੇਵਾ ਅਤੇ ਸਮਾਜਿਕ ਜਾਗਰੂਕਤਾ ਵਿੱਚ ਯੋਗਦਾਨ ਲਈ ਪ੍ਰਗਤੀਸ਼ੀਲ ਪੰਜਾਬੀ ਸਾਹਿਤ ਅਤੇ ਪੁਸਤਕਾਂ ਦਾ ਸੈੱਟ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੀਤਲ ਸਿੰਘ ਗਿੱਲ, ਪ੍ਰਸਾਰਕ ਕੋਹਿਨੂਰ ਰੇਡੀਓ 97.3 ਐੱਫ.ਐੱਮ. ਅਤੇ ਜਨਰਲ ਸਕੱਤਰ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਵੱਲੋਂ ਸ. ਬਲਜੀਤ ਸਿੰਘ ਬਰਾੜ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਯਾਦਗਾਰੀ ਫ਼ੋਟੋਗ੍ਰਾਫ਼ਿਕ ਕੈਲੰਡਰ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

ਇਸ ਸਮਾਗਮ ਵਿੱਚ ਕਈ ਕਮਿਊਨਿਟੀ ਨੁਮਾਇੰਦਿਆਂ ਅਤੇ ਸਾਥੀਆਂ ਨੇ ਹਾਜ਼ਰੀ ਭਰੀ ਅਤੇ ਪੰਜਾਬ ਅਤੇ ਪਰਵਾਸੀ ਪੰਜਾਬੀਆਂ ਨਾਲ ਜੁੜੇ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ।

# ਜੇ ਸੱਸ ਮਾਂ ਬਣਜੇ ਪੇਕੇ ਲੈਣ ਕੀ ਜਾਈਏ..

## ( ਸੱਸ-ਨਹੁੰ ਦਾ ਰਿਸ਼ਤਾ: ਤੁਲਨਾ ਦੀ ਨਹੀਂ, ਆਪਸੀ ਸਮਝ ਅਤੇ ਸਤਿਕਾਰ ਦੀ ਲੋੜ )

ਸਾਡੇ ਸਮਾਜ ਵਿੱਚ ਅਕਸਰ ਇਹ ਸੁਣਨ ਨੂੰ ਮਿਲਦਾ ਹੈ ਕਿ ਸੱਸ ਕਦੇ ਮਾਂ ਨਹੀਂ ਬਣ ਸਕਦੀ ਅਤੇ ਇਸੇ ਇੱਕ ਗੱਲ ਨੂੰ ਲੈ ਕੇ ਕਈ ਪਰਿਵਾਰਾਂ ਵਿੱਚ ਤਣਾਅ ਦਾ ਮਾਹੌਲ ਬਣਿਆ ਰਹਿੰਦਾ ਹੈ। ਪਰ ਜੇਕਰ ਅਸੀਂ ਇਸ ਗੱਲ ਦਾ ਡੂੰਘਾਈ ਨਾਲ ਅਤੇ ਠੰਢੇ ਦਿਮਾਗ ਨਾਲ ਵਿਸ਼ਲੇਸ਼ਣ ਕਰੀਏ, ਤਾਂ ਸਭ ਤੋਂ ਵੱਡਾ ਅਤੇ ਅਹਿਮ ਸਵਾਲ ਇਹ ਉੱਠਦਾ ਹੈ ਕਿ ਆਖਰ ਸੱਸ ਨੂੰ ਮਾਂ ਬਣਨ ਦੀ ਲੋੜ ਹੀ ਕਿਉਂ ਹੈ? ਹਰ ਰਿਸ਼ਤੇ ਦੀ ਆਪਣੀ ਇੱਕ ਵੱਖਰੀ ਹੋਂਦ, ਸਤਿਕਾਰ, ਮਰਯਾਦਾ ਅਤੇ ਜਗ੍ਹਾ ਹੁੰਦੀ ਹੈ। ਕਿਸੇ ਵੀ ਨਵੇਂ ਰਿਸ਼ਤੇ ਨੂੰ ਪੁਰਾਣੇ ਰਿਸ਼ਤੇ ਦੇ ਤਰਾਜ਼ੂ ਵਿੱਚ ਤੋਲਣਾ ਉਸ ਰਿਸ਼ਤੇ ਦੇ ਨਾਲ ਨਾਇਨਸਾਫ਼ੀ ਹੈ। ਮਾਂ ਨੇ ਤੁਹਾਨੂੰ ਇਸ ਸੰਸਾਰ ਵਿੱਚ ਲਿਆਂਦਾ ਹੈ, ਤੁਹਾਨੂੰ ਜਨਮ ਦਿੱਤਾ ਹੈ ਅਤੇ ਬਚਪਨ ਤੋਂ ਲੈ ਕੇ ਤੁਹਾਡੀ ਹਰ ਚੰਗੀ-ਮਾੜੀ ਆਦਤ ਨੂੰ ਘੜਿਆ ਹੈ, ਜਦਕਿ ਸੱਸ ਨੇ ਉਸ ਇਨਸਾਨ ਨੂੰ ਜਨਮ ਦਿੱਤਾ ਹੈ ਅਤੇ ਪਾਲਿਆ-ਪੋਸਿਆ ਹੈ ਜਿਸ ਨਾਲ ਤੁਸੀਂ ਆਪਣੀ ਪੂਰੀ ਜ਼ਿੰਦਗੀ ਬਿਤਾਉਣ ਦਾ ਇੱਕ ਬਹੁਤ ਵੱਡਾ ਅਤੇ ਅਹਿਮ ਫੈਸਲਾ ਕੀਤਾ ਹੈ। ਇਸ ਲਈ, ਦੋਵਾਂ ਰਿਸ਼ਤਿਆਂ ਦਾ ਪਿਆਰ, ਮਹੱਤਵ ਅਤੇ ਜਗ੍ਹਾ ਬਿਲਕੁਲ ਵੱਖਰੀ ਹੈ। ਸਾਨੂੰ ਹਰ ਵਾਰ ਇਹਨਾਂ ਦੋਵਾਂ ਰਿਸ਼ਤਿਆਂ ਦੀ ਆਪਸ ਵਿੱਚ ਤੁਲਨਾ ਕਰਨ ਤੋਂ ਬਚਣਾ ਚਾਹੀਦਾ ਹੈ ਕਿਉਂਕਿ ਤੁਲਨਾ ਹਮੇਸ਼ਾ ਰਿਸ਼ਤਿਆਂ ਵਿੱਚ ਕਮੀਆਂ ਅਤੇ ਦੂਰੀਆਂ ਨੂੰ ਹੀ ਜਨਮ ਦਿੰਦੀ ਹੈ।

ਅਕਸਰ ਨਵੀਆਂ ਵਿਆਹੀਆਂ ਕੁੜੀਆਂ ਜਾਂ ਨਹੁੰਆਂ ਇਹ ਉਮੀਦ ਰੱਖਦੀਆਂ ਹਨ ਕਿ ਉਹਨਾਂ ਦੀ ਸੱਸ ਉਹਨਾਂ ਨੂੰ ਪਹਿਲੇ ਦਿਨ ਤੋਂ ਹੀ ਆਪਣੀ ਧੀ ਵਾਂਗ ਪਿਆਰ ਕਰੇ ਅਤੇ ਉਸੇ ਤਰ੍ਹਾਂ ਦਾ ਲਾਡ ਲਡਾਵੇ, ਪਰ ਇੱਥੇ ਸਾਨੂੰ ਆਪਣੇ ਆਪ ਨੂੰ ਵੀ ਇੱਕ ਸਵਾਲ ਪੁੱਛਣਾ ਚਾਹੀਦਾ ਹੈ ਕਿ ਕੀ ਅਸੀਂ ਉਹਨਾਂ ਨੂੰ ਇੱਕ ਮਾਂ ਵਰਗਾ ਅਧਿਕਾਰ ਦਿੰਦੇ ਹਾਂ? ਜਦੋਂ ਸਾਡੀ ਆਪਣੀ ਮਾਂ ਸਾਨੂੰ ਕਿਸੇ ਗੱਲ 'ਤੇ ਟੋਕਦੀ ਹੈ, ਗੁੱਸਾ ਕਰਦੀ ਹੈ ਜਾਂ ਕੋਈ ਨਸੀਹਤ ਦਿੰਦੀ ਹੈ, ਤਾਂ ਅਸੀਂ ਬਿਨਾਂ ਕਿਸੇ ਬੁਰੇ ਅਹਿਸਾਸ ਦੇ ਚੁੱਪ ਰਹਿ ਕੇ ਉਸ ਗੱਲ ਨੂੰ ਸਵੀਕਾਰ ਕਰ ਲੈਂਦੇ ਹਾਂ ਕਿਉਂਕਿ ਸਾਨੂੰ ਪਤਾ ਹੁੰਦਾ ਹੈ ਕਿ ਉਸ ਦੇ ਪਿੱਛੇ ਸਾਡੀ ਮਾਂ ਦਾ ਪਿਆਰ ਅਤੇ ਫਿਕਰ ਹੈ। ਇਸ ਦੇ ਉਲਟ, ਜਦੋਂ ਸੱਸ ਪਰਿਵਾਰ ਦੇ ਭਲੇ ਲਈ ਜਾਂ ਕਿਸੇ ਰੀਤ-ਰਿਵਾਜ ਨੂੰ ਲੈ ਕੇ ਕੋਈ ਛੋਟੀ ਜਿਹੀ ਗੱਲ ਵੀ ਕਹਿੰਦੀ ਹੈ, ਤਾਂ ਸਾਨੂੰ ਉਹ ਬਹੁਤ ਜਲਦੀ ਆਪਣੇ ਕੰਮਾਂ ਅਤੇ ਆਜ਼ਾਦੀ ਵਿੱਚ ਦਖਲਅੰਦਾਜ਼ੀ ਲੱਗਣ ਲੱਗ ਪੈਂਦੀ ਹੈ। ਪਰਿਵਾਰਕ ਰਿਸ਼ਤਿਆਂ ਵਿੱਚ ਕੜਵਾਹਟ ਅਤੇ ਗ਼ਲਤਫ਼ਹਿਮੀਆਂ ਦੀ ਸ਼ੁਰੂਆਤ ਸ਼ਾਇਦ ਇਸੇ ਦੋਹਰੀ ਸੋਚ ਤੋਂ ਹੁੰਦੀ ਹੈ ਜਿੱਥੇ ਅਸੀਂ ਇੱਕੋ ਜਿਹੀ ਗੱਲ ਨੂੰ ਦੋ ਵੱਖ-ਵੱਖ ਨਜ਼ਰੀਏ ਨਾਲ ਦੇਖਦੇ ਹਾਂ। ਕੋਈ ਵੀ ਰਿਸ਼ਤਾ ਆਪਣੇ ਆਪ ਵਿੱਚ ਸੰਪੂਰਨ ਜਾਂ ਪਰਫੈਕਟ ਨਹੀਂ ਹੁੰਦਾ, ਹਰ ਇਨਸਾਨ ਵਿੱਚ ਕੁਝ ਖਾਮੀਆਂ ਅਤੇ ਕੁਝ ਖੂਬੀਆਂ ਹੁੰਦੀਆਂ ਹਨ, ਪਰ ਹਰ ਰਿਸ਼ਤਾ ਸਹੀ ਤਰੀਕੇ ਨਾਲ ਚੱਲਣ ਲਈ ਸਭ ਤੋਂ ਪਹਿਲਾਂ ਸਤਿਕਾਰ ਦੀ ਮੰਗ ਜ਼ਰੂਰ ਕਰਦਾ ਹੈ। ਜਦੋਂ ਤੱਕ ਅਸੀਂ ਸੱਸ ਵਿੱਚੋਂ ਆਪਣੀ ਸਾਂਭ-ਸੰਭਾਲ ਕਰਨ ਵਾਲੀ ਮਾਂ ਨੂੰ ਲੱਭਣ ਦੀ ਕੋਸ਼ਿਸ਼ ਕਰਦੇ ਰਹਾਂਗੇ, ਉਦੋਂ ਤੱਕ ਸ਼ਿਕਾਇਤਾਂ ਅਤੇ ਨਿਰਾਸ਼ਾ ਦਾ ਸਿਲਸਿਲਾ ਕਦੇ ਖਤਮ ਨਹੀਂ ਹੋਵੇਗਾ। ਸੱਸ ਦਾ ਰਿਸ਼ਤਾ ਕਿਸੇ ਦੂਜੇ ਰਿਸ਼ਤੇ ਦੀ ਨਕਲ ਜਾਂ ਬਦਲ ਨਹੀਂ ਹੈ, ਬਲਕਿ ਇਹ ਇੱਕ ਬਿਲਕੁਲ ਨਵਾਂ, ਸੁਤੰਤਰ ਅਤੇ ਮਜ਼ਬੂਤ ਰਿਸ਼ਤਾ ਹੈ ਜਿਸ ਨੂੰ ਵਧਣ-ਫੁੱਲਣ ਲਈ ਸਮੇਂ ਦੀ ਲੋੜ ਹੁੰਦੀ ਹੈ। ਇਸ ਰਿਸ਼ਤੇ ਨੂੰ ਕਿਸੇ ਵੀ ਤਰ੍ਹਾਂ ਦੀ ਬਨਾਵਟੀ ਤੁਲਨਾ ਦੀ ਨਹੀਂ, ਬਲਕਿ ਆਪਸੀ ਸਮਝ, ਸਬਰ, ਲਿਹਾਜ਼ ਅਤੇ ਸਤਿਕਾਰ ਦੀ ਲੋੜ ਹੁੰਦੀ ਹੈ।

ਜੇਕਰ ਅਸੀਂ ਨਵੇਂ ਘਰ ਵਿੱਚ ਜਾ ਕੇ ਆਪਣੀਆਂ ਉਮੀਦਾਂ ਦੇ ਬੋਝ ਨੂੰ ਥੋੜ੍ਹਾ ਘੱਟ ਕਰ ਲਈਏ ਅਤੇ ਸਾਹਮਣੇ ਵਾਲੇ ਬਜ਼ੁਰਗ ਨੂੰ ਉਸ ਦੇ ਅਸਲ ਰੂਪ, ਆਦਤਾਂ ਅਤੇ ਸੁਭਾਅ ਵਿੱਚ ਸਵੀਕਾਰ ਕਰਨਾ ਸ਼ੁਰੂ ਕਰ ਦੇਈਏ, ਤਾਂ ਘਰ ਵਿੱਚ ਹੋਣ ਵਾਲੀ ਰੋਜ਼ਾਨਾ ਦੀ ਬਹਿਸਬਾਜ਼ੀ ਆਪਣੇ ਆਪ ਮੁੱਕ ਜਾਵੇਗੀ ਅਤੇ ਮਾਨਸਿਕ ਸੁਕੂਨ ਵਧੇਗਾ। ਸੱਸ ਨੂੰ ਵੀ ਇਹ ਸਮਝਣਾ ਚਾਹੀਦਾ ਹੈ ਕਿ ਨਵਾਂ ਜੀਅ ਆਪਣਾ ਸਭ ਕੁਝ ਛੱਡ ਕੇ ਆਇਆ ਹੈ ਅਤੇ ਨਹੁੰ ਨੂੰ ਵੀ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਉਸ ਘਰ ਨੂੰ ਬਣਾਉਣ ਵਿੱਚ ਸੱਸ ਨੇ ਆਪਣੀ ਪੂਰੀ ਜ਼ਿੰਦਗੀ ਲਗਾਈ ਹੈ।

ਅਖੀਰ ਵਿੱਚ, ਰਿਸ਼ਤੇ ਕਦੇ ਵੀ ਆਪਸੀ ਤੁਲਨਾ, ਮੁਕਾਬਲੇਬਾਜ਼ੀ ਜਾਂ ਜ਼ਿੱਦ ਨਾਲ ਨਹੀਂ ਚੱਲਦੇ, ਬਲਕਿ ਇਹ ਹਮੇਸ਼ਾ ਇੱਕ ਦੂਜੇ ਦੇ ਸਨਮਾਨ, ਤਿਆਗ ਅਤੇ ਸਵੀਕਾਰਤਾ ਨਾਲ ਹੀ ਲੰਮਾ ਸਮਾਂ ਨਿਭਦੇ ਹਨ ਅਤੇ ਘਰ ਨੂੰ ਸਵਰਗ ਬਣਾਉਂਦੇ ਹਨ।

**ਚਾਨਣ ਦੀਪ ਸਿੰਘ ਔਲਖ**
**ਮਾਨਸਾ, ਸੰਪਰਕ**
**9876888177,**
**chanandeep@gmial.com**

# ਕੁੱਝ ਵੀ ਹੈ ਸਿੱਖ ਲੈਣਾ ਚਾਹੀਦਾ ਹੈ

ਖੇਡਾਂ ਤੋਂ ਅਸੀ ਬਹੁਤ ਕੁਝ ਸਿੱਖ ਸਕਦੇ ਹਾਂ ਪਰ ਅਸੀ ਸਿੱਖਦੇ ਨਹੀ ਹਾਂ।ਅਸੀ ਕਦੇ ਕੋਸ਼ਿਸ਼ ਹੀ ਨਹੀ ਕਰਦੇ ਕਿ ਕੁਝ ਨਵਾਂ ਸਿੱਖ ਸਕੀਏ,ਸ਼ਾਇਦ ਏਸੇ ਲਈ ਅਸੀ ਬੱਚਿਆਂ ਨੂੰ ਖੇਡਣ ਲਈ ਉਤਸ਼ਾਹਤ ਨਹੀ ਕਰਦੇ,ਸਗੋਂ ਖੇਡਣ ਦੇ ਸਮੇਂ ਵਿੱਚ ਵੀ ਅਸੀ ਬੱਚਿਆਂ ਤੇ ਜੋਰ ਪਾਉਦੇ ਹਾਂ ਕਿ ਘਰ ਬੈਠ ਕੇ ਤੁਸੀ ਆਪਣੀ ਪੜ੍ਹਾਈ ਕਰੋ।ਬੱਚੇ ਖੇਡਣਾ ਚਾਹੁੰਦੇ ਹਨ ਤਾਂ ਸਾਨੂੰ ਖੇਡਾਂ ਲਈ ਬੱਚਿਆਂ ਨੂੰ ਰੋਕਣਾ ਨਹੀ ਚਾਹੀਦਾ,ਕਿਉਕਿ ਜਿਵੇ ਬੱਚਿਆਂ ਲਈ ਪੜ੍ਹਾਈ ਜਰੂਰੀ ਹੈ ਉਸੇ ਤਰਾਂ ਬੱਚਿਆਂ ਲਈ ਖੇਡਣਾ ਵੀ ਜਰੂਰੀ ਹੈ।ਖੇਡਾਂ ਸਾਨੂੰ ਸਿਰਫ਼ ਅਨੁਸ਼ਾਸ਼ਨ ਹੀ ਨਹੀ ਸਦਭਾਵਨਾ, ਭਾਈਚਾਰਾ ਵੀ ਸਿਖਾਉਦੀਆਂ ਹਨ।ਖੇਡਾਂ ਦੀ ਦੁਨੀਆਂ ਵਿੱਚ ਕੋਈ ਵੀ ਧਰਮ ਜਾਂ ਜਾਤ-ਪਾਤ ਨਹੀ ਹੁੰਦੀ,ਉਥੇ ਹਰ ਕੋਈ ਸਿਰਫ਼ ਖਿਡਾਰੀ ਹੀ ਹੁੰਦਾ ਹੈ।ਜਦੋਂ ਉਹ ਖੇਡਣ ਵਾਲੀ ਵਰਦੀ ਪਹਿਨ ਲੈਦੇ ਹਨ ਤਾਂ ਸੱਭ ਖਿਡਾਰੀ ਇਕੋ ਜਿਹੇ ਹੀ ਲੱਗਦੇ ਹਨ।ਜਿੱਤਣ ਵਾਸਤੇ ਉਹ ਆਪਣਾ ਸੱਭ ਕੁੱਝ ਆਪਣੇ ਝੰਡੇ ਦੀ ਸ਼ਾਨ ਲਈ ਬਾਰ ਦਿੰਦੇ ਹਨ। ਬਰਾਬਰੀ ਦੀ ਉਦਾਹਰਣ ਦੇਣ ਲਈ,ਬੱਚੇ ਗਲੀਆਂ ਵਿੱਚ ਖੇਡ ਰਹੇ ਹੋਣ ਜਾਂ ਗਰਾਉਡ ਵਿੱਚ, ਕੋਈ ਵੀ ਗੇਮ ਖੇਡ ਰਹੇ ਹੋਣ ਤਾਂ ਖੇਡ ਦੇ ਮੈਦਾਨ ਵਿੱਚ ਇਕ ਪਾਣੀ ਦੀ ਬਾਲਟੀ ਭਰ ਕੇ ਰੱਖੀ ਹੁੰਦੀ ਹੈ ਤੇ ਨਾਲ ਹੀ ਨੇੜੇ ਇਕ ਗਿਲਾਸ ਰੱਖਿਆ ਹੁੰਦਾ ਹੈ,ਇਕ ਇਕ ਕਰਕੇ ਹਰ ਖਿਡਾਰੀ ਆਪਣੀ ਪਿਆਸ ਬਿੰਨਾਂ ਕਿਸੇ ਭੇਦ-ਭਾਵ,ਬਿੰਨਾਂ ਕਿਸੇ ਜਾਤ-ਧਰਮ ਦੇ ਬੁਝਾਉਦੇ ਹਨ।ਗਲਾਸ ਇਕ ਹੀ ਹੁੰਦਾ ਹੈ,ਇਹ ਪਾਣੀ ਦਾ ਇਕ ਗਿਲਾਸ ਸਾਨੂੰ ਏਕਤਾ ਦਾ ਸਬਕ ਸਿਖਾਉਦਾ ਹੈ।ਸੰਘਰਸ਼ ਕਰ ਰਹੇ ਖਿਡਾਰੀਆਂ ਲਈ ਇਹ ਇਕ ਪਾਣੀ ਦਾ ਗਲਾਸ ਇੱਕ ਰਾਹਤ ਦਾ ਕੰਮ ਕਰਦਾ ਹੈ।ਜੋ ਜਿੱਤ ਵੱਲ ਵੱਧ ਰਹੇ ਖਿਡਾਰੀਆਂ ਲਈ ਰਾਹਤ ਅਤੇ ਸਬਰ ਦਾ ਸੰਦੇਸ਼ ਪ੍ਰਦਾਨ ਕਰਦਾ ਹੈ,ਫਿਰ ਵੀ ਪਤਾ ਨਹੀ ਕਿੰਨਾ ਕਾਰਨਾਂ ਕਰਕੇ ਅਸੀ ਲੋਕ ਕੁੱਝ ਵੀ ਸਿੱਖਣ ਦੀ ਕੋਸ਼ਿਸ਼ ਨਹੀ ਕਰਦੇ।ਜੇਕਰ ਅਸੀ ਥੋੜਾ ਧਿਆਨ ਨਾਲ ਸੋਚੀਏ ਤਾਂ ਖੇਡਾਂ ਸਾਡੇ ਵਿੱਚ ਹਿੰਮਤ ਅਤੇ ਬਹਾਦਰੀ ਪੈਦਾ ਕਰਦੀਆਂ ਹਨ,ਸਾਡੇ ਵਿੱਚ ਇੱਕ ਜਿੱਦ ਪੈਦਾ ਹੁੰਦੀ ਹੈ,ਉਹ ਜਿੱਦ ਪੈਦਾ ਹੁੰਦੀ ਹੈ ਜਿਸ ਨੂੰ ਜਨੂੰਨ ਜਾਂ ਇੱਛਾ ਸ਼ਕਤੀ ਕਹਿ ਸਕਦੇ ਹਾਂ।ਉਦਾਸ ਰਹਿਣ ਵਾਲੇ ਨੂੰ ਤਾਂ ਲੋਕ ਪਾਗਲ ਹੋਰ ਪਤਾ ਨਹੀ ਕੀ ਕੀ ਕਹਿਣ ਲੱਗ ਜਾਦੇ ਹਨ।ਇਸ ਦੀ ਇੱਕ ਵਜ੍ਹਾ ਵੀ ਹੈ ਕਿ ਜਦੋਂ ਅਸੀ ਖੇਡਣ ਗਰਾਉਂਡ ਵਿੱਚ ਪਹੁੰਦੇ ਹਾਂ ਤਾਂ ਖੇਡਣ ਤੱਕ ਹੀ ਮਤਲਬ ਰੱਖਦੇ ਹਾਂ,ਸਾਨੂੰ ਕੋਈ ਦਿਨ ਜਾਂ ਰਾਤ ਜਾਂ ਕੋਈ ਸਮ੍ਹਾਂ ਕੋਈ ਭੁੱਖ ਪਿਆਸ ਨਹੀ ਦਿਖਾਈ ਦਿੰਦੀ।ਭੁੱਖੇ ਪਿਆਸੇ ਅਸੀ ਖੇਡਣ ਵਿੱਚ ਏਨੇ ਮਸਤ ਹੋ ਜਾਂਦੇ ਹਾਂ ਕਿ ਧੁੱਪ ਛਾ ਜਾਂ ਦਿਨ ਰਾਤ ਦੀ ਵੀ ਚਿੰਤਾਂ ਨਹੀ ਰਹਿੰਦੀ,ਅਤੇ ਨਾ ਹੀ ਮੀਂਹ ਕਣੀ ਦਾ ਡਰ ਹੁੰਦਾ ਹੈ।ਬਚਪਨ ਵਿੱਚ ਆਪਣੀ ਉਮਰ ਦੇ ਅਨੁਸਾਰ ਗੇਮ ਖੇਡਦੇ ਹਾਂ।ਕਈ ਵਾਰ ਤਾਂ ਲੜ ਵੀ ਪੈਦੇ ਹਨ ਪਰ ਥੋੜੀ ਦੇਰ ਬਾਅਦ ਫਿਰ ਆਪਸ ਵਿੱਚ ਘੁੱਲ-ਮਿਲ ਜਾਂਦੇ ਹਨ।ਅੱਜ ਕਲ ਖੇਡਾਂ ਰਾਜਨੀਤੀ ਦਾ ਬੋਲ ਬਾਲਾ ਬਹੁਤ ਹੋ ਗਿਆ ਹੈ ਖਿਡਾਰੀ ਨੂੰ ਰਾਜਨੀਤੀ ਵੱਲ ਧਿਆਨ ਦੇਣਾ ਚਾਹੀਦਾ ਹੈ ਪਰ ਕੂਟਨੀਤੀ ਵੱਲ ਵੀ ਧਿਆਨ ਦੇਣਾ ਜਰੂਰੀ ਹੈ। ਕ੍ਰਿਕਟ,ਹਾਕੀ,ਫੁਟਬਾਲ ਮੁੱਕੇਬਾਜ਼ੀ ਆਦਿ ਖੇਡਾਂ ਵਿੱਚ ਅੱਗੇ ਹੋ ਖੇਡਣਾ ਸਿਖਾਇਆ ਜਾਂਦਾ ਹੈ,ਕਹਿੰਦੇ ਹਨ ਕਿ ਪਹਿਲਾਂ ਆਪ ਪਹਿਲ ਕਰੋ ਤਾਂ ਕਿ ਵਿਰੋਧੀ ਖਿਡਾਰੀ ਬਚਾਅ ਕਰ ਸਕੇ।ਕ੍ਰਿਕਟ ਮਾਹਰ ਕਹਿੰਦੇ ਹਨ ਕਿ ਬਾਲ ਨੂੰ ਬਾਹਰ ਮਾਰੋ,ਇਸ ਨੂੰ ਪਿੱਚ ਵਿੱਚ ਦਾਖਲ ਨਾ ਹੋਣ ਦਿਓ।ਇਸ ਦਾ ਮਤਲਬ ਇਹ ਹੋਇਆ ਕਿ ਸਾਹਮਣੇ ਹੋ ਕੇ ਬੱਲੇਬਾਜ਼ੀ ਕਰਨੀ ਚਾਹੀਦੀ ਹੈ,ਭਾਵ ਕਿ ਅੱਗੇ ਵੱਧ ਕੇ।ਏਸੇ ਤਰਾਂ ਹਾਕੀ ਜਾਂ ਫੁਟਬਾਲ ਵਰਗੀਆਂ ਖੇਡਾਂ ਵਿੱਚ ਪਿੱਛੇ ਵੱਲ ਖੇਡਣ ਨਾਲ ਗੋਲ ਹੁੰਦੇ ਹਨ।ਇਸ ਲਈ ਖੇਡਾਂ ਵਿੱਚ ਹਮਲਾਵਰ ਖੇਡਣਾ ਕੂਟਨੀਤੀ ਦਾ ਇਕ ਵੱਡਾ ਪੱਧਰ ਮੰਨਿਆਂ ਜਾਂਦਾ ਹੈ। ਜਿਵੇਂ ਜਿਵੇਂ ਬੱਚੇ ਵੱਡੇ ਹੁੰਦੇ ਜਾਦੇ ਹਨ,ਸਕੂਲ ਤੋਂ ਲੈ ਕੇ ਕਾਲਜ ਤੱਕ,ਉਹ ਕੁਦਰਤੀ ਤੌਰ 'ਤੇ ਨਾ ਸਿਰਫ਼ ਸੰਘਰਸ਼ ਕਰਨਾ ਸਿੱਖਦੇ ਹਨ, ਬਲਕਿ ਦੋਸਤਾਨਾ ਢੰਗ ਨਾਲ ਮੁਕਾਬਲਾ ਕਰਨਾ ਵੀ ਸਿੱਖ ਜਾਂਦੇ ਹਨ।ਆਮ ਤੌਰ ਤੇ ਖੇਡਣ ਤੋਂ ਪਹਿਲਾਂ ਜਾਂ ਬਾਅਦ ਵਿੱਚ ਖਿਡਾਰੀ ਇਕ ਦੂਜੇ ਨਾਲ ਹੱਥ ਵੀ ਮਿਲਾਉਦੇ ਹਨ।ਇਹ ਇਕ ਖੁੱਲੇ ਦਿਮਾਗ ਨੂੰ ਉਤਸਾਹਿਤ ਕਰਨ ਦਾ ਬਹੁਤ ਹੀ ਵਧੀਆਂ ਤਰੀਕਾ ਹੈ।ਖੇਡਣ ਦੇ ਸਮੇਂ ਖਿਡਾਰੀ ਸੱਭ ਕੁੱਝ ਭੁੱਲ ਜਾਦੇ ਹਨ ਅਤੇ ਖੇਡ ਵੱਲ ਧਿਆਨ ਲਗਾ ਕੇ ਸਾਰੇ ਨਿਯਮਾਂ ਨੂੰ ਭੁਲਕੇ ਲੜਦੇ ਦਿਖਾਈ ਦਿੰਦੇ ਹਨ।ਅੰਤਮ ਫੈਸਲਾ ਰੈਫਰੀ ਜਾਂ ਅੰਪਾਇਰ ਦਾ ਹੁੰਦਾ ਹੈ ਸਾਰੇ ਖਿਡਾਰੀ ਉਹਨਾਂ ਦਾ ਹੀ ਮੰਨਦੇ ਹਨ ਖੇਡ ਦੀ ਭਾਵਨਾ ਦੇ ਅਨੁਸਾਰ ਸਾਰਿਆਂ ਨੂੰ ਸਵੀਕਾਰਯੋਗ ਹੁੰਦਾ ਹੈ।

**ਅਮਰਜੀਤ ਚੰਦਰ**
**ਲੁਧਿਆਣਾ**

# ਧਰਤੀ-ਮਾਤਾ ਦਾ ਕਿਰਾਇਆ....

ਕੋਈ ਇਨਸਾਨ ਆਪਣੀ ਜਰੂਰਤ ਅਨੁਸਾਰ ਜਦੋਂ ਕਿਸੇ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਹੈ ਤਾਂ ਉਸਨੂੰ ਮਕਾਨ ਮਾਲਿਕ ਦੀਆਂ ਸ਼ਰਤਾਂ ਅਤੇ ਨਿਯਮਾਂ ਅਨੁਸਾਰ ਉਸ ਘਰ ਵਿੱਚ ਰਹਿਣ ਦਿੱਤਾ ਜਾਂਦਾ ਹੈ ਅਤੇ ਸਭ ਤੋਂ ਵੱਡੀ ਗੱਲ ਇਹ ਕਿ ਉਸ ਨੂੰ ਇੱਕ ਤੈਅ ਸੀਮਾ ਜਾਂ ਮਹੀਨੇ ਬਾਅਦ ਉਸ ਮਕਾਨ ਦਾ ਕਿਰਾਇਆ ਵੀ ਦੇਣਾ ਪੈਂਦਾ ਹੈ ਤੇ ਇਹ ਤਾਂ ਲਾਜ਼ਮੀ ਹੀ ਹੁੰਦਾ ਹੈ। ਇਸ ਤੋਂ ਇਲਾਵਾ ਉੱਥੇ ਸਾਫ - ਸਫਾਈ ਦਾ ਧਿਆਨ ਰੱਖਣਾ , ਰੌਲਾ - ਰੱਪਾ ਨਾ ਪਾਉਣਾ , ਬਿਲਡਿੰਗ ਨੂੰ ਕੋਈ ਨੁਕਸਾਨ ਨਾ ਪਹੁੰਚਾਉਣਾ , ਮਰਿਆਦਾ ਅਤੇ ਸ਼ਾਂਤੀ ਬਣਾਈ ਰੱਖਣਾ ਅਤੇ ਮਕਾਨ ਮਾਲਕ ਦੀ ਨਰਾਜ਼ਗੀ ਤੋਂ ਬਚਣਾ ਵੀ ਬਹੁਤ ਲਾਜ਼ਮੀ ਹੁੰਦਾ ਹੈ। ਬਿਲਕੁਲ ਇਸੇ ਤਰ੍ਹਾਂ ਅਸੀਂ ਸਭ ਇਸ ਹਰੀ - ਭਰੀ ਧਰਤੀ 'ਤੇ ਕੁਝ ਸਮੇਂ ਦੇ ਲਈ ਰਹਿਣ ਲਈ ਆਏ ਹੋਏ ਹਾਂ ; ਕਿਉਂਕਿ ਇਹ ਧਰਤੀ ਜਾਂ ਇੱਥੋਂ ਦੀ ਕੋਈ ਵੀ ਵਸਤੂ ਕਿਸੇ ਵੀ ਮਨੁੱਖ ਜਾਂ ਸੰਸਾਰਿਕ ਪ੍ਰਾਣੀ ਦੀ ਆਪਣੀ ਨਹੀਂ ਹੈ। ਦੁਨਿਆਵੀ ਤੌਰ 'ਤੇ ਮਨੁੱਖ ਭਾਵੇਂ ਇਸ ਨੂੰ ਆਪਣੀ ਸਮਝਣ ਦਾ ਭਰਮ ਪਾਲ਼ੀ ਬੈਠਾ ਰਹੇ , ਪਰ ਇਹ ਮਨੁੱਖ ਦੀ ਨਾਸਮਝੀ ਤੇ ਵੱਡਾ ਭੁਲੇਖਾ ਹੈ। ਇਸ ਕਾਇਨਾਤ ਦਾ ਅਸਲ ਮਾਲਕ ਤਾਂ ਪਰਮਾਤਮਾ ਹੀ ਹੈ। ਇਸ ਲਈ ਸਾਨੂੰ ਵੀ ਇੱਥੇ ਰਹਿੰਦਿਆਂ ਹੋਇਆਂ ਕੁਦਰਤ ਤੇ ਕਾਇਨਾਤ ਦੇ ਨਿਯਮਾਂ ਦਾ ਸਤਿਕਾਰ ਕਰਨਾ ਬਣਦਾ ਹੈ ਤੇ ਸਾਨੂੰ ਵੀ ਇੱਥੇ ਪ੍ਰਦੂਸ਼ਣ , ਸ਼ੋਰ , ਧੂੰਆਂ , ਅਸ਼ਾਂਤੀ ਆਦਿ ਵਜੋਂ ਇਸ ਧਰਤੀ ਨੂੰ ਨੁਕਸਾਨ ਪਹੁੰਚਾਉਣ ਤੋਂ ਬਚਣਾ ਚਾਹੀਦਾ ਹੈ ਤੇ ਕੁਦਰਤਮਈ ਹੋ ਕੇ ਸਾਦਗੀ ਭਰਿਆ ਜੀਵਨ ਬਤੀਤ ਕਰਨ ਦੀ ਕੋਸ਼ਿਸ਼ ਜਰੂਰ ਕਰਨੀ ਚਾਹੀਦੀ ਹੈ। ਧਰਤੀ ਸਾਡੀ ਮਾਤਾ ਹੈ ਤੇ ਸਾਡੇ ਕੋਲੋਂ ਕੋਈ ਕਿਰਾਇਆ ਤਾਂ ਭਾਵੇਂ ਕਦੇ ਨਹੀਂ ਮੰਗਦੀ , ਪਰ ਸਾਨੂੰ ਆਪਣੀ ਧਰਤੀ - ਮਾਤਾ ਨੂੰ ਪ੍ਰਦੂਸ਼ਣ - ਮੁਕਤ , ਸ਼ੋਰ - ਮੁਕਤ , ਧੂੰਆਂ ਤੇ ਧੂੜ - ਰਹਿਤ ਅਤੇ ਹਾਨੀਕਾਰਕ ਰਸਾਇਣਾਂ ਤੋਂ ਬਚਾਉਣ ਲਈ ਜੀਅ - ਜਾਨ ਨਾਲ਼ ਕੋਸ਼ਿਸ਼ ਤਾਂ ਜਰੂਰ ਆਪਣੇ ਪੱਧਰ 'ਤੇ ਕਰਨੀ ਚਾਹੀਦੀ ਹੈ ਤੇ ਵੱਧ ਤੋਂ ਵੱਧ ਪੌਦੇ ਤੇ ਪੁਰਾਤਨ ਤੇ ਸੱਭਿਆਚਾਰਕ ਪੌਦੇ ਅਤੇ ਹੋਰ ਫਲਦਾਰ ਪੌਦੇ ਲਗਾਉਣ ਨੂੰ ਤਰਜੀਹ ਦੇਣੀ ਚਾਹੀਦੀ ਹੈ। ਜੰਗਲਾਂ ਵਿੱਚ ਵਿਸ਼ੇਸ਼ ਤੌਰ 'ਤੇ ਫਲਦਾਰ ਪੌਦੇ ਲਗਾਉਣੇ ਚਾਹੀਦੇ ਹਨ ਤਾਂ ਜੋ ਉੱਥੇ ਰਹਿਣ ਵਾਲੇ ਜੀਵਾਂ ਤੇ ਪੰਛੀਆਂ ਆਦਿ ਨੂੰ ਵੀ ਕੁਦਰਤੀ ਤੌਰ 'ਤੇ ਆਵਾਸ , ਛਾਂ ਤੇ ਕੁਦਰਤੀ ਭੋਜਨ ਮਿਲਦਾ ਰਹੇ ਅਤੇ ਮਨੁੱਖਾਂ ਨਾਲ਼ ਉਹਨਾਂ ਦਾ ਟਕਰਾਅ ਵੀ ਘਟ ਸਕੇ। ਸਾਨੂੰ ਲਗਾਏ ਪੌਦਿਆਂ ਦੀ ਸੰਭਾਲ਼ ਜਰੂਰ ਕਰਨੀ ਚਾਹੀਦੀ ਹੈ। ਸ਼ਾਇਦ ਧਰਤੀ ਮਨੁੱਖ ਪਾਸੋਂ ਇੱਥੇ ਰਹਿਣ ਦੇ ਇਵਜ਼ ਵਜੋਂ ਇਹੋ ਜਿਹੇ ਕਿਰਾਏ ਦੀ ਉਮੀਦ ਕਰਦੀ ਹੈ ਤਾਂ ਜੋ ਇਹ ਧਰਤੀ ਆਉਣ ਵਾਲ਼ੀਆਂ ਪੀੜ੍ਹੀਆਂ ਲਈ ਵੀ ਰਹਿਣਯੋਗ ਰਹਿ ਸਕੇ ਅਤੇ ਕੁਦਰਤੀ ਸੰਪਦਾ ਤੇ ਲੁਪਤ ਹੋ ਰਹੀਆਂ ਪ੍ਰਜਾਤੀਆਂ ਨੂੰ ਬਚਾਅ ਕੇ ਭੋਜਨ ਲੜੀ ਨੂੰ ਵੀ ਵਿਗੜਨ ਤੋਂ ਰੋਕਿਆ ਜਾ ਸਕੇ। ਇਸ ਦੇ ਨਾਲ਼ ਹੀ ਸਾਨੂੰ ਸ਼ਾਕਾਹਾਰੀ ਰਹਿ ਕੇ ਮਾਸਾਹਾਰ ਤੋਂ ਵੀ ਬਚਣਾ ਚਾਹੀਦਾ ਹੈ ਤੇ ਪਲਾਸਟਿਕ ਦੀ ਵਰਤੋਂ ਨੂੰ ਘਟਾਉਣ ਲਈ ਅੱਗੇ ਆਉਣਾ ਚਾਹੀਦਾ ਹੈ। ਘਰੇਲੂ ਸਮਾਨ ਦੀ ਖਰੀਦਦਾਰੀ ਕਰਨ ਲਈ ਕੱਪੜੇ ਜਾਂ ਪਟਸਨ ਆਦਿ ਦੇ ਵਾਤਾਵਰਨ - ਹਿਤੈਸ਼ੀ ਥੈਲਿਆਂ ਦੀ ਵਰਤੋਂ ਕਰਨੀ ਚਾਹੀਦੀ ਹੈ। ਪੈਦਲ ਚੱਲਣ ਅਤੇ ਸਾਈਕਲ ਦੀ ਵਰਤੋਂ ਨੂੰ ਪਹਿਲ ਦੇਣੀ ਚਾਹੀਦੀ ਹੈ। ਇਨ੍ਹਾਂ ਸਭ ਛੋਟੀਆਂ - ਛੋਟੀਆਂ ਕੋਸ਼ਿਸ਼ਾਂ ਦੇ ਵੀ ਬਹੁਤ ਚੰਗੇ , ਦੂਰਗਾਮੀ ਤੇ ਧਰਤੀ ਨੂੰ ਖੁਸ਼ਹਾਲ ਰੱਖਣ ਲਈ ਵਧੀਆ ਨਤੀਜੇ ਸਾਹਮਣੇ ਆਉਣਗੇ। ਆਓ ! ਇੱਥੇ ਰਹਿਣ ਦੇ ਇਵਜ਼ ਵਜੋਂ ਇਹੋ ਜਿਹੇ ਸਾਰਥਕਤਾ ਭਰੇ ਉਪਰਾਲੇ ਕਰਕੇ ਆਪਣੇ ਕਿਰਾਏ ਦਾ ਭੁਗਤਾਨ ਕਰੀਏ ਤੇ ਧਰਤੀ - ਮਾਤਾ ਦੇ ਸੁਹਿਰਦ , ਸੁਚੇਤ ਤੇ ਪਰਉਪਕਾਰੀ ਸਪੂਤ ਅਖਵਾਈਏ।

**ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ**
**( ਸਾਹਿਤ ਵਿੱਚ ਕੀਤੇ ਵਿਸ਼ੇਸ਼ ਕਾਰਜਾਂ ਲਈ ਲੇਖਕ ਦਾ ਨਾਂ ਇੰਡੀਆ ਬੁੱਕ ਆੱਫ਼ ਰਿਕਾਰਡਜ਼ ਵਿੱਚ ਦਰਜ਼ ਹੈ )**
**ਸ੍ਰੀ ਅਨੰਦਪੁਰ ਸਾਹਿਬ**
**9478561356**

# ਸਹਿਯੋਗ ਅਤੇ ਮੁਕਾਬਲੇਬਾਜ਼ੀ

ਅੱਜ ਦੇ ਤੇਜ਼ੀ ਨਾਲ ਬਦਲ ਰਹੇ ਡਿਜ਼ੀਟਲ ਯੁੱਗ ਵਿੱਚ ਮਨੁੱਖ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਪੜ੍ਹਾਈ, ਰੁਜ਼ਗਾਰ ਅਤੇ ਸਮਾਜਿਕ ਸੰਬੰਧਾਂ ਵਿੱਚ ਬਤੀਤ ਕਰਦਾ ਹੈ। ਸਕੂਲਾਂ, ਕਾਲਜਾਂ, ਦਫ਼ਤਰਾਂ, ਕਾਰੋਬਾਰਾਂ ਜਾਂ ਹੋਰ ਸੰਸਥਾਵਾਂ ਵਿੱਚ ਸਫ਼ਲਤਾ ਸਿਰਫ਼ ਵਿਅਕਤੀਗਤ ਯਤਨਾਂ ਦਾ ਨਤੀਜ਼ਾ ਨਹੀਂ ਹੁੰਦੀ, ਸਗੋਂ ਇਹ ਦੋ ਮਹੱਤਵਪੂਰਨ ਤਾਕਤਾਂ—ਸਹਿਯੋਗ ਅਤੇ ਮੁਕਾਬਲੇ—ਦੇ ਸੰਤੁਲਨ ਨਾਲ ਸੰਭਵ ਬਣਦੀ ਹੈ। ਸਹਿਯੋਗ ਟੀਮ ਭਾਵਨਾ ਅਤੇ ਸਾਂਝੇ ਵਿਕਾਸ ਨੂੰ ਉਤਸ਼ਾਹਿਤ ਕਰਦਾ ਹੈ, ਜਦਕਿ ਮੁਕਾਬਲਾ ਵਿਅਕਤੀ ਨੂੰ ਆਪਣੀ ਕਾਰਗੁਜ਼ਾਰੀ ਸੁਧਾਰਨ ਅਤੇ ਉੱਚੀਆਂ ਪ੍ਰਾਪਤੀਆਂ ਹਾਸਲ ਕਰਨ ਲਈ ਪ੍ਰੇਰਿਤ ਕਰਦਾ ਹੈ। ਪਰ ਜਦੋਂ ਮੁਕਾਬਲਾ ਆਪਣੀਆਂ ਹੱਦਾਂ ਤੋਂ ਵੱਧ ਜਾਂਦਾ ਹੈ ਤਾਂ ਇਹ ਈਰਖਾ, ਅਸੁਰੱਖਿਆ ਅਤੇ ਵਿਗੜੇ ਹੋਏ ਮਾਹੌਲ ਨੂੰ ਜਨਮ ਦੇ ਸਕਦਾ ਹੈ। ਇਸ ਲਈ ਦੋਵਾਂ ਵਿਚਕਾਰ ਸੰਤੁਲਨ ਬਣਾਈ ਰੱਖਣਾ ਵਿਅਕਤੀਗਤ ਸੁਖ-ਸ਼ਾਂਤੀ ਅਤੇ ਸਫ਼ਲਤਾ ਲਈ ਬਹੁਤ ਜ਼ਰੂਰੀ ਹੈ।

ਸਹਿਯੋਗ ਦਾ ਅਰਥ ਹੈ ਕਿਸੇ ਸਾਂਝੇ ਉਦੇਸ਼ ਦੀ ਪ੍ਰਾਪਤੀ ਲਈ ਮਿਲਜੁਲ ਕੇ ਕੰਮ ਕਰਨਾ। ਇਸ ਵਿੱਚ ਗਿਆਨ ਸਾਂਝਾ ਕਰਨਾ, ਇੱਕ-ਦੂਜੇ ਦੀ ਮਦਦ ਕਰਨਾ, ਵੱਖਰੇ ਵਿਚਾਰਾਂ ਦਾ ਸਤਿਕਾਰ ਕਰਨਾ ਅਤੇ ਸਮੂਹਕ ਸਫ਼ਲਤਾ ਲਈ ਯੋਗਦਾਨ ਪਾਉਣਾ ਸ਼ਾਮਲ ਹੈ। ਮਨੋਵਿਗਿਆਨਕ ਤੌਰ 'ਤੇ ਸਹਿਯੋਗ ਮਨੁੱਖ ਦੀ ਇੱਕ ਬੁਨਿਆਦੀ ਲੋੜ—ਸਮਾਜਿਕ ਜੁੜਾਅ ਅਤੇ ਆਪਣੇਪਣ ਦੀ ਭਾਵਨਾ—ਨੂੰ ਪੂਰਾ ਕਰਦਾ ਹੈ।

ਮਨੁੱਖੀ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਮਨੁੱਖੀ ਸਮੂਹਾਂ ਦੀ ਬਚਾਅ ਅਤੇ ਤਰੱਕੀ ਸਾਂਝੇ ਯਤਨਾਂ ਰਾਹੀਂ ਹੀ ਸੰਭਵ ਹੋਈ। ਅੱਜ ਵੀ ਜਿਹੜੇ ਲੋਕ ਆਪਣੇ ਸਾਥੀਆਂ ਤੋਂ ਸਹਿਯੋਗ ਅਤੇ ਆਸ ਮਹਿਸੂਸ ਕਰਦੇ ਹਨ, ਉਹ ਆਮ ਤੌਰ 'ਤੇ ਘੱਟ ਤਣਾਅ ਅਤੇ ਕੰਮ ਵਿੱਚ ਵਧੇਰੇ ਸੰਤੁਸ਼ਟੀ ਦਾ ਇਹਸਾਸ ਮਹਿਸੂਸ ਕਰਦੇ ਹਨ। ਸਹਿਯੋਗ ਭਰੋਸੇ ਨੂੰ ਮਜ਼ਬੂਤ ਕਰਦਾ ਹੈ, ਰਿਸ਼ਤਿਆਂ ਨੂੰ ਮਿੱਠਾ ਬਣਾਉਂਦਾ ਹੈ ਅਤੇ ਸੰਚਾਰ ਨੂੰ ਸਕਰਾਤਮਕ ਕਰਦਾ ਹੈ। ਜਦੋਂ ਟੀਮ ਮੈਂਬਰ ਇੱਕ-ਦੂਜੇ ਦਾ ਸਾਥ ਦਿੰਦੇ ਹਨ ਤਾਂ ਸਮੱਸਿਆਵਾਂ ਦਾ ਹੱਲ ਵੀ ਤੇਜ਼ੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਨਿਕਲਦਾ ਹੈ ਅਤੇ ਨਵੀਆਂ ਸੋਚਾਂ ਨੂੰ ਜਨਮ ਮਿਲਦਾ ਹੈ।

ਵਿਦਿਆਰਥੀਆਂ ਵਿੱਚ ਸਮਾਜਿਕ ਅਤੇ ਸੰਚਾਰਕ ਹੁਨਰਾਂ ਦਾ ਵਿਕਾਸ ਕਰਦੀ ਹੈ। ਇਸੇ ਤਰ੍ਹਾਂ ਕੰਮਕਾਜੀ ਥਾਵਾਂ 'ਤੇ ਸਾਂਝੇ ਤੌਰ 'ਤੇ ਕੰਮ ਕਰਨ ਵਾਲੀਆਂ ਟੀਮਾਂ ਅਕਸਰ ਇਕੱਲੇ ਕੰਮ ਕਰਨ ਵਾਲੇ ਵਿਅਕਤੀਆਂ ਨਾਲੋਂ ਵਧੀਆ ਨਤੀਜ਼ੇ ਦਿੰਦੀਆਂ ਹਨ, ਕਿਉਂਕਿ ਉਹ ਵੱਖ-ਵੱਖ ਯੋਗਤਾਵਾਂ ਅਤੇ ਤਜ਼ਰਬਿਆਂ ਦਾ ਲਾਭ ਲੈਂਦੀਆਂ ਹਨ। ਸਹਿਯੋਗ ਮਨੁੱਖ ਵਿੱਚ ਹਮਦਰਦੀ, ਧੀਰਜ ਅਤੇ ਭਾਵਨਾਤਮਕ ਸਮਝ ਵਰਗੇ ਗੁਣਾਂ ਨੂੰ ਵੀ ਵਿਕਸਿਤ ਕਰਦਾ ਹੈ।

ਦੂਜੇ ਪਾਸੇ, ਮੁਕਾਬਲਾ ਉਹ ਇੱਛਾ ਹੈ ਜਿਸ ਰਾਹੀਂ ਵਿਅਕਤੀ ਕਿਸੇ ਨਿਰਧਾਰਿਤ ਟੀਚੇ ਨੂੰ ਹਾਸਲ ਕਰਨ ਜਾਂ ਹੋਰਨਾਂ ਨਾਲੋਂ ਵਧੀਆ ਪ੍ਰਦਰਸ਼ਨ ਕਰਨ ਦੀ ਕੋਸ਼ਿਸ਼ ਕਰਦਾ ਹੈ। ਜਦੋਂ ਇਹ ਸੰਤੁਲਿਤ ਅਤੇ ਸਿਹਤਮੰਦ ਹੱਦਾਂ ਵਿੱਚ ਰਹਿੰਦਾ ਹੈ ਤਾਂ ਇਹ ਇੱਕ ਤਾਕਤਵਰ ਪ੍ਰੇਰਕ ਸ਼ਕਤੀ ਬਣ ਜਾਂਦਾ ਹੈ। ਮਨੋਵਿਗਿਆਨੀਆਂ ਅਨੁਸਾਰ ਸਿਹਤਮੰਦ ਮੁਕਾਬਲਾ ਦਿਮਾਗ ਦੇ ਇਨਾਮ ਪ੍ਰਣਾਲੀ ਨੂੰ ਸਰਗਰਮ ਕਰਦਾ ਹੈ। ਟੀਚਿਆਂ ਦੀ ਪ੍ਰਾਪਤੀ ਨਾਲ ਡੋਪਾਮਾਈਨ ਨਾਮਕ ਰਸਾਇਣ ਨਿਕਲਦਾ ਹੈ, ਜੋ ਸੰਤੁਸ਼ਟੀ ਅਤੇ ਪ੍ਰੇਰਣਾ ਦੀ ਭਾਵਨਾ ਪੈਦਾ ਕਰਦਾ ਹੈ ਅਤੇ ਵਿਅਕਤੀ ਨੂੰ ਹੋਰ ਅੱਗੇ ਵੱਧਣ ਲਈ ਉਤਸ਼ਾਹਿਤ ਕਰਦਾ ਹੈ।

ਮੁਕਾਬਲਾ ਨਵੀਨਤਾ ਨੂੰ ਉਤਸ਼ਾਹਿਤ ਕਰਦਾ ਹੈ, ਉਤਪਾਦਕਤਾ ਵਧਾਉਂਦਾ ਹੈ ਅਤੇ ਵਿਅਕਤੀਗਤ ਵਿਕਾਸ ਨੂੰ ਗਤੀ ਦਿੰਦਾ ਹੈ। ਵਿਦਿਆਰਥੀ ਚੰਗੇ ਅੰਕਾਂ ਲਈ ਹੋਰ ਮਿਹਨਤ ਕਰਦੇ ਹਨ, ਖਿਡਾਰੀ ਆਪਣੀ ਕਾਰਗੁਜ਼ਾਰੀ ਸੁਧਾਰਨ ਲਈ ਕਠੋਰ ਅਭਿਆਸ ਕਰਦੇ ਹਨ ਅਤੇ ਕਰਮਚਾਰੀ ਤਰੱਕੀ ਜਾਂ ਮਾਨਤਾ ਪ੍ਰਾਪਤ ਕਰਨ ਲਈ ਨਵੇਂ ਹੁਨਰ ਸਿੱਖਦੇ ਹਨ। ਜੇਕਰ ਮੁਕਾਬਲਾ ਨਾ ਹੋਵੇ ਤਾਂ ਕਈ ਵਾਰ ਮਨੁੱਖ ਆਲਸੀ ਅਤੇ ਸੰਤੁਸ਼ਟ ਹੋ ਕੇ ਅੱਗੇ ਵੱਧਣ ਦੀ ਇੱਛਾ ਗੁਆ ਸਕਦਾ ਹੈ। ਇਸ ਲਈ ਮੁਕਾਬਲਾ ਆਪਣੇ ਆਪ ਵਿੱਚ ਨਕਾਰਾਤਮਕ ਨਹੀਂ ਹੈ; ਇਹ ਤਦੋਂ ਲਾਭਦਾਇਕ ਬਣਦਾ ਹੈ ਜਦੋਂ ਇਸ ਦਾ ਕੇਂਦਰ ਆਪਣੇ ਆਪ ਨੂੰ ਸੁਚੱਜਾ ਬਣਾਉਣਾ ਹੋਵੇ, ਨਾ ਕਿ ਹੋਰਨਾਂ ਨੂੰ ਹਰਾਉਣਾ।

ਸੋਸ਼ਲ ਮੀਡੀਆ ਦੇ ਵੱਧਦੇ ਪ੍ਰਭਾਵ ਨੇ ਨੌਜਵਾਨਾਂ ਵਿੱਚ ਮੁਕਾਬਲੇ ਦੀ ਧਾਰਨਾ ਨੂੰ ਕਾਫ਼ੀ ਬਦਲ ਦਿੱਤਾ ਹੈ। ਅੱਜ ਦੇ ਨੌਜਵਾਨ ਲਗਾਤਾਰ ਸਫ਼ਲਤਾ, ਦੌਲਤ, ਸੁੰਦਰਤਾ, ਪ੍ਰਾਪਤੀਆਂ ਅਤੇ ਆਰਾਮਦਾਇਕ ਜੀਵਨ ਦੀਆਂ ਚੁਣੀਆਂ ਹੋਈਆਂ ਤਸਵੀਰਾਂ ਅਤੇ ਪੋਸਟਾਂ ਦੇ ਸੰਪਰਕ ਵਿੱਚ ਰਹਿੰਦੇ ਹਨ। ਇਸ ਕਾਰਨ ਉਹ ਆਪਣੀ ਤੁਲਨਾ ਹੋਰਨਾਂ ਨਾਲ ਕਰਨ ਲੱਗ ਪੈਂਦੇ ਹਨ।

ਮਨੋਵਿਗਿਆਨ ਵਿੱਚ ਇਸ ਨੂੰ ਸਮਾਜਿਕ ਤੁਲਨਾ ਕਿਹਾ ਜਾਂਦਾ ਹੈ। ਹਾਲਾਂਕਿ ਕੁਝ ਹੱਦ ਤੱਕ ਤੁਲਨਾ ਕਰਨਾ ਕੁਦਰਤੀ ਹੈ, ਪਰ ਜਦੋਂ ਇਹ ਬਹੁਤ ਜ਼ਿਆਦਾ ਹੋ ਜਾਵੇ ਤਾਂ ਵਿਅਕਤੀ ਆਪਣੇ ਆਪ ਨੂੰ ਘੱਟ ਸਮਝਣ ਲੱਗ ਪੈਂਦਾ ਹੈ। ਕਈ ਨੌਜਵਾਨ ਇਹ ਮੰਨਣ ਲੱਗਦੇ ਹਨ ਕਿ ਉਹ ਜੀਵਨ ਦੀ ਦੌੜ ਵਿੱਚ ਪਿੱਛੇ ਰਹਿ ਗਏ ਹਨ, ਭਾਵੇਂ ਉਹ ਆਪਣੀ ਗਤੀ ਨਾਲ ਅੱਗੇ ਵੱਧ ਰਹੇ ਹੋਣ।

ਆਧੁਨਿਕ ਸਮਾਜਿਕ ਰੁਝਾਨ ਅਕਸਰ ਇਹ ਪ੍ਰਭਾਵ ਪੈਦਾ ਕਰਦੇ ਹਨ ਕਿ ਜੀਵਨ ਇੱਕ ਅੰਤਹੀਣ ਦੌੜ ਹੈ ਜਿਸ ਵਿੱਚ ਸਿਰਫ਼ ਸਭ ਤੋਂ ਵਧੀਆ ਲੋਕ ਹੀ ਸਫ਼ਲ ਹੁੰਦੇ ਹਨ। ਇਸ ਨਾਲ ਕਈ ਤਰ੍ਹਾਂ ਦੇ ਝੂਠੇ ਡਰ ਪੈਦਾ ਹੁੰਦੇ ਹਨ—ਪਿੱਛੇ ਰਹਿ ਜਾਣ ਦਾ ਡਰ, ਮੌਕੇ ਗੁਆਉਣ ਦਾ ਡਰ, ਅਸਫ਼ਲ ਹੋਣ ਦਾ ਡਰ ਜਾਂ ਸਮਾਜ ਦੀਆਂ ਉਮੀਦਾਂ 'ਤੇ ਖਰਾ ਨਾ ਉਤਰਣ ਦਾ ਡਰ। ਇਹ ਡਰ ਨੌਜਵਾਨਾਂ ਵਿੱਚ ਚਿੰਤਾ, ਘੱਟ ਆਤਮ-ਵਿਸ਼ਵਾਸ, ਲੰਬੇ ਸਮੇਂ ਦਾ ਤਣਾਅ ਅਤੇ ਮਾਨਸਿਕ ਥਕਾਵਟ ਪੈਦਾ ਕਰ ਸਕਦੇ ਹਨ।

ਮੁਕਾਬਲਾ ਉਸ ਸਮੇਂ ਨੁਕਸਾਨਦੇਹ ਬਣ ਜਾਂਦਾ ਹੈ ਜਦੋਂ ਲੋਕ ਆਪਣੇ ਸਾਥੀਆਂ ਨੂੰ ਸਹਿਯੋਗੀ ਦੀ ਥਾਂ ਵਿਰੋਧੀ ਸਮਝਣ ਲੱਗ ਪੈਂਦੇ ਹਨ। ਅਜਿਹੀ ਸਥਿਤੀ ਵਿੱਚ ਧਿਆਨ ਆਪਣੇ ਵਿਕਾਸ ਤੋਂ ਹੱਟ ਕੇ ਦੂਜਿਆਂ ਨੂੰ ਪਿੱਛੇ ਛੱਡਣ 'ਤੇ ਕੇਂਦਰਿਤ ਹੋ ਜਾਂਦਾ ਹੈ। ਇਸ ਪਿੱਛੇ ਕਈ ਮਨੋਵਿਗਿਆਨਕ ਕਾਰਨ ਹੁੰਦੇ ਹਨ।

ਈਰਖਾ ਉਸ ਵੇਲੇ ਪੈਦਾ ਹੁੰਦੀ ਹੈ ਜਦੋਂ ਕਿਸੇ ਹੋਰ ਦੀ ਸਫ਼ਲਤਾ ਆਪਣੇ ਲਈ ਖ਼ਤਰਾ ਮਹਿਸੂਸ ਹੋਵੇ। ਇਸੇ ਤਰ੍ਹਾਂ ਖਾਰ ਉਸ ਵੇਲੇ ਜਨਮ ਲੈਂਦੀ ਹੈ ਜਦੋਂ ਵਿਅਕਤੀ ਹੋਰਨਾਂ ਕੋਲ ਮੌਜੂਦ ਮਾਣ-ਮਰਤਬੇ, ਧਨ, ਪ੍ਰਤਿਭਾ ਜਾਂ ਮੌਕਿਆਂ ਨੂੰ ਆਪਣੇ ਲਈ ਚਾਹੁੰਦਾ ਹੈ। ਘੱਟ ਆਤਮ-ਵਿਸ਼ਵਾਸ ਵਾਲੇ ਲੋਕ ਅਕਸਰ ਦੂਜਿਆਂ ਦੀ ਸਫ਼ਲਤਾ ਨੂੰ ਆਪਣੀ ਅਸਫ਼ਲਤਾ ਦਾ ਪ੍ਰਮਾਣ ਸਮਝਦੇ ਹਨ। ਇਸ ਦੇ ਨਾਲ ਹੀ ਕਮੀ ਵਾਲੀ ਸੋਚ ਵੀ ਇੱਕ ਮਹੱਤਵਪੂਰਨ ਕਾਰਨ ਹੈ, ਜਿਸ ਅਨੁਸਾਰ ਲੋਕ ਮੰਨਦੇ ਹਨ ਕਿ ਜੇਕਰ ਇੱਕ ਵਿਅਕਤੀ ਸਫ਼ਲ ਹੋ ਗਿਆ ਤਾਂ ਦੂਜਿਆਂ ਲਈ ਮੌਕੇ ਘੱਟ ਹੋ ਜਾਣਗੇ। ਹਕੀਕਤ ਵਿੱਚ ਸਹਿਯੋਗ ਅਤੇ ਨਵੀਨਤਾ ਮੌਕਿਆਂ ਨੂੰ ਵੱਧਾਉਂਦੇ ਹਨ।

ਜਿਹੜੀਆਂ ਸੰਸਥਾਵਾਂ ਸਹਿਯੋਗ ਦੀ ਥਾਂ ਮੁਕਾਬਲੇਬਾਜ਼ੀ ਨੂੰ ਉਤਸ਼ਾਹਿਤ ਕਰਦੀਆਂ ਹਨ, ਉੱਥੇ ਕਈ ਸਮੱਸਿਆਵਾਂ ਜਨਮ ਲੈਂਦੀਆਂ ਹਨ। ਕਰਮਚਾਰੀ ਜਾਣਕਾਰੀ ਸਾਂਝੀ ਕਰਨ ਤੋਂ ਕਤਰਾਉਂਦੇ ਹਨ, ਟੀਮ ਵਰਕ ਕਮਜ਼ੋਰ ਪੈ ਜਾਂਦਾ ਹੈ ਅਤੇ ਵਿਅਕਤੀਗਤ ਪ੍ਰਾਪਤੀਆਂ ਨੂੰ ਸੰਸਥਾ ਦੇ ਹਿੱਤਾਂ ਤੋਂ ਉੱਪਰ ਰੱਖਿਆ ਜਾਣ ਲੱਗਦਾ ਹੈ। ਅਜਿਹੇ ਮਾਹੌਲ ਵਿੱਚ ਤਣਾਅ, ਚਿੰਤਾ, ਦਫ਼ਤਰੀ ਰਾਜਨੀਤੀ ਅਤੇ ਆਪਸੀ ਅਵਿਸ਼ਵਾਸ ਵੱਧਦੇ ਹਨ। ਨਤੀਜ਼ੇ ਵਜੋਂ ਕੰਮ ਪ੍ਰਤੀ ਸੰਤੁਸ਼ਟੀ ਘੱਟਦੀ ਹੈ ਅਤੇ ਮਾਨਸਿਕ ਸਿਹਤ ਸੰਬੰਧੀ ਸਮੱਸਿਆਵਾਂ ਜਿਵੇਂ ਬਰਨਆਊਟ, ਉਦਾਸੀ ਅਤੇ ਭਾਵਨਾਤਮਕ ਥਕਾਵਟ ਵੱਧ ਸਕਦੀਆਂ ਹਨ।

ਸਿਹਤਮੰਦ ਮੁਕਾਬਲੇ ਦੀ ਖਾਸੀਅਤ ਇਹ ਹੈ ਕਿ ਵਿਅਕਤੀ ਆਪਣੀ ਤੁਲਨਾ ਹੋਰਨਾਂ ਨਾਲ ਕਰਨ ਦੀ ਬਜਾਏ ਆਪਣੇ ਪਿਛਲੇ ਪ੍ਰਦਰਸ਼ਨ ਨਾਲ ਕਰਦਾ ਹੈ। ਅਜਿਹੇ ਮੁਕਾਬਲੇ ਵਿੱਚ ਦੂਜਿਆਂ ਦੀ ਸਫ਼ਲਤਾ ਦਾ ਸਤਿਕਾਰ ਕੀਤਾ ਜਾਂਦਾ ਹੈ, ਉਨ੍ਹਾਂ ਤੋਂ ਸਿੱਖਣ ਦੀ ਇੱਛਾ ਹੁੰਦੀ ਹੈ, ਨੈਤਿਕਤਾ ਨੂੰ ਮਹੱਤਵ ਦਿੱਤਾ ਜਾਂਦਾ ਹੈ ਅਤੇ ਅਸਫ਼ਲਤਾਵਾਂ ਨੂੰ ਸਿੱਖਣ ਦੇ ਮੌਕੇ ਵਜੋਂ ਸਵੀਕਾਰਿਆ ਜਾਂਦਾ ਹੈ। ਇਸ ਤਰ੍ਹਾਂ ਮੁਕਾਬਲਾ ਵਿਰੋਧ ਨਹੀਂ, ਸਗੋਂ ਪ੍ਰੇਰਣਾ ਦਾ ਸਰੋਤ ਬਣ ਜਾਂਦਾ ਹੈ।

ਸਕੂਲਾਂ, ਪਰਿਵਾਰਾਂ ਅਤੇ ਸੰਸਥਾਵਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਸਹਿਯੋਗ ਅਤੇ ਮੁਕਾਬਲੇ ਵਿਚਕਾਰ ਸੰਤੁਲਨ ਬਣਾਉਣ ਵਾਲਾ ਮਾਹੌਲ ਤਿਆਰ ਕਰਨ। ਸਾਂਝੇ ਟੀਚਿਆਂ ਨੂੰ ਉਤਸ਼ਾਹਿਤ ਕਰਨਾ, ਟੀਮ ਵਰਕ ਨੂੰ ਮਾਨਤਾ ਦੇਣਾ, ਭਾਵਨਾਤਮਕ ਬੁੱਧੀ ਦਾ ਵਿਕਾਸ ਕਰਨਾ, ਵਿਕਾਸਮੁਖੀ ਸੋਚ ਨੂੰ ਪ੍ਰੋਤਸਾਹਿਤ ਕਰਨਾ ਅਤੇ ਬੇਲੋੜੀਆਂ ਤੁਲਨਾਵਾਂ ਨੂੰ ਘਟਾਉਣਾ ਇਸ ਦਿਸ਼ਾ ਵਿੱਚ ਮਹੱਤਵਪੂਰਨ ਕਦਮ ਹਨ। ਹਰ ਵਿਅਕਤੀ ਦੀਆਂ ਵਿਲੱਖਣ ਯੋਗਤਾਵਾਂ ਅਤੇ ਤਾਕਤਾਂ ਨੂੰ ਮਾਨਤਾ ਦੇਣ ਨਾਲ ਵੀ ਗੈਰ-ਸਿਹਤਮੰਦ ਮੁਕਾਬਲੇਬਾਜ਼ੀ ਨੂੰ ਘਟਾਇਆ ਜਾ ਸਕਦਾ ਹੈ।

ਅੰਤ ਵਿੱਚ, ਸਹਿਯੋਗ ਅਤੇ ਮੁਕਾਬਲਾ ਦੋਵੇਂ ਹੀ ਮਨੁੱਖੀ ਵਿਕਾਸ ਦੇ ਅਹਿਮ ਅੰਗ ਹਨ। ਸਹਿਯੋਗ ਭਰੋਸੇ, ਰਿਸ਼ਤਿਆਂ ਅਤੇ ਸਮੂਹਕ ਤਰੱਕੀ ਨੂੰ ਮਜ਼ਬੂਤ ਕਰਦਾ ਹੈ, ਜਦਕਿ ਸਿਹਤਮੰਦ ਮੁਕਾਬਲਾ ਵਿਅਕਤੀ ਨੂੰ ਆਪਣੀ ਸਮਰੱਥਾ ਦਾ ਪੂਰਾ ਲਾਭ ਲੈਣ ਲਈ ਪ੍ਰੇਰਿਤ ਕਰਦਾ ਹੈ। ਸਮੱਸਿਆ ਉਸ ਵੇਲੇ ਪੈਦਾ ਹੁੰਦੀ ਹੈ ਜਦੋਂ ਮੁਕਾਬਲਾ ਈਰਖਾ,ਖਾਰ ਅਤੇ ਅਸੁਰੱਖਿਆ ਵਿੱਚ ਬਦਲ ਜਾਂਦਾ ਹੈ।

ਆਧੁਨਿਕ ਡਿਜ਼ੀਟਲ ਯੁੱਗ ਵਿੱਚ ਨੌਜਵਾਨਾਂ ਅਤੇ ਪੇਸ਼ੇਵਰਾਂ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਉਹ ਮੁਕਾਬਲੇਬਾਜ਼ੀ ਨੂੰ ਸਿਹਤਮੰਦ ਹੱਦਾਂ ਵਿੱਚ ਰੱਖਣ ਅਤੇ ਸਹਿਯੋਗ ਦੀ ਭਾਵਨਾ ਨੂੰ ਕਾਇਮ ਰੱਖਣ। ਅਸਲ ਸਫ਼ਲਤਾ ਦੂਜਿਆਂ ਨੂੰ ਹਰਾਉਣ ਵਿੱਚ ਨਹੀਂ, ਸਗੋਂ ਆਪਣੇ ਆਪ ਨੂੰ ਯੋਗ ਬਣਾਉਂਦੇ ਹੋਏ ਸਮੂਹਕ ਤਰੱਕੀ ਵਿੱਚ ਯੋਗਦਾਨ ਪਾਉਣ ਵਿੱਚ ਹੈ। ਜਦੋਂ ਵਿਅਕਤੀਗਤ ਸਮਾਜਿਕ ਅਤੇ ਸਾਂਝੀ ਭਲਾਈ ਇਕੱਠੇ ਅੱਗੇ ਵੱਧਦੇ ਹਨ, ਤਦੋਂ ਹੀ ਇੱਕ ਸਿਹਤਮੰਦ, ਉਤਪਾਦਕ ਅਤੇ ਖੁਸ਼ਹਾਲ ਸਮਾਜ ਦੀ ਸਿਰਜਣਾ ਹੁੰਦੀ ਹੈ।

**ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**

# ਨਗੇਲੀ ਦਾ ਖ਼ੂਨ ਅਤੇ ਅਜੋਕਾ ਡਿਜੀਟਲ ਅੰਧੇਰ: ਇੱਕ ਇਤਿਹਾਸਕ ਤੇ ਨੈਤਿਕ ਪੜਚੋਲ

**ਸਮਾਜ ਵੀਕਲੀ ਯੂ ਕੇ**

ਇਤਿਹਾਸ ਦੇ ਪੰਨਿਆਂ 'ਤੇ ਲਹੂ ਨਾਲ ਲਿਖੀਆਂ ਕੁਝ ਇਬਾਰਤਾਂ ਸਮੇਂ ਦੀ ਧੂੜ ਹੇਠ ਦੱਬੀਆਂ ਨਹੀਂ ਜਾਂਦੀਆਂ, ਸਗੋਂ ਆਉਣ ਵਾਲੀਆਂ ਨਸਲਾਂ ਲਈ ਚਾਨਣ-ਮੁਨਾਰਾ ਬਣਦੀਆਂ ਹਨ। ਕੇਰਲ ਦੀ ਧੀ 'ਨਗੇਲੀ' ਇੱਕ ਅਜਿਹਾ ਹੀ ਨਾਮ ਹੈ, ਜਿਸ ਨੇ 19ਵੀਂ ਸਦੀ ਦੇ ਸ਼ੁਰੂਆਤੀ ਸਾਲਾਂ (ਲਗਭਗ 1803 ਈਸਵੀ) ਵਿੱਚ ਆਪਣੀ ਦੇਹ ਦੀ ਕੁਰਬਾਨੀ ਦੇ ਕੇ 'ਇਸਤਰੀ ਸਵੈ-ਮਾਣ' ਦੀ ਉਹ ਲਕੀਰ ਖਿੱਚੀ ਸੀ, ਜਿਸ ਨੂੰ ਅੱਜ ਦਾ 'ਆਧੁਨਿਕ' ਅਤੇ 'ਡਿਜੀਟਲ' ਸਮਾਜ ਧੁੰਦਲਾ ਕਰਦਾ ਨਜ਼ਰ ਆ ਰਿਹਾ ਹੈ।

**ਸਵੈ-ਮਾਣ ਦੀ ਖੂਨੀ ਜੰਗ:** ਤ੍ਰਾਵਣਕੋਰ ਰਿਆਸਤ (ਕੇਰਲ) ਵਿੱਚ ਲਾਗੂ 'ਮੁਲੱਕਰਮ' (ਛਾਤੀ ਕਰ) ਦੁਨੀਆ ਦੇ ਇਤਿਹਾਸ ਵਿੱਚ ਔਰਤਾਂ ਦੇ ਸ਼ੋਸ਼ਣ ਦੀ ਸਭ ਤੋਂ ਘਿਨਾਉਣੀ ਮਿਸਾਲ ਸੀ। ਨੀਵੀਆਂ ਜਾਤੀਆਂ ਦੀਆਂ ਔਰਤਾਂ ਨੂੰ ਆਪਣੇ ਸਰੀਰ ਦੇ ਉਪਰਲੇ ਹਿੱਸੇ ਨੂੰ ਢੱਕਣ ਦਾ ਹੱਕ ਨਹੀਂ ਸੀ। ਜੇਕਰ ਉਹ ਆਪਣੀ ਮਰਯਾਦਾ ਬਚਾਉਣਾ ਚਾਹੁੰਦੀਆਂ ਸਨ, ਤਾਂ ਉਨ੍ਹਾਂ ਨੂੰ ਰਾਜੇ ਨੂੰ ਟੈਕਸ ਦੇਣਾ ਪੈਂਦਾ ਸੀ। ਨਗੇਲੀ ਨੇ ਇਸ ਅਪਮਾਨਜਨਕ ਪ੍ਰਥਾ ਵਿਰੁੱਧ ਬਗਾਵਤ ਕੀਤੀ ਅਤੇ ਟੈਕਸ ਦੀ ਥਾਂ ਆਪਣੀਆਂ ਛਾਤੀਆਂ ਕੱਟ ਕੇ ਕੇਲੇ ਦੇ ਪੱਤੇ 'ਤੇ ਧਰ ਦਿੱਤੀਆਂ। ਉਸ ਦਾ ਬਲਿਦਾਨ 1859 ਦੀ 'ਚਾਨਾਰ ਲਹਿਰ' ਦਾ ਆਧਾਰ ਬਣਿਆ, ਜਿਸ ਨੇ ਸਦੀਆਂ ਪੁਰਾਣੀ ਗੁਲਾਮੀ ਦੀਆਂ ਜੰਜੀਰਾਂ ਤੋੜ ਦਿੱਤੀਆਂ।

**ਅਜੋਕਾ ਦ੍ਰਿਸ਼, ਆਜ਼ਾਦੀ ਜਾਂ ਮਾਨਸਿਕ ਗੁਲਾਮੀ?:** ਅੱਜ ਦੋ ਸਦੀਆਂ ਬਾਅਦ, ਜਦੋਂ ਅਸੀਂ ਨਗੇਲੀ ਦੇ ਨਾਮ ਨੂੰ ਅਜੋਕੀ ਔਰਤ ਨਾਲ ਜੋੜਦੇ ਹਾਂ, ਤਾਂ ਇੱਕ ਵੱਡਾ ਵਿਰੋਧਾਭਾਸ ਸਾਹਮਣੇ ਆਉਂਦਾ ਹੈ। ਨਗੇਲੀ ਨੇ 'ਢੱਕਣ ਦੇ ਹੱਕ' ਲਈ ਜਾਨ ਦਿੱਤੀ ਸੀ, ਪਰ ਅੱਜ ਸੋਸ਼ਲ ਮੀਡੀਆ (ਇੰਸਟਾਗ੍ਰਾਮ, ਟਿਕ-ਟਾਕ, ਫੇਸਬੁੱਕ) ਦੇ ਦੌਰ ਵਿੱਚ 'ਦਿਖਾਉਣ ਦੀ ਹੋੜ' ਨੂੰ ਆਜ਼ਾਦੀ ਦਾ ਨਾਮ ਦਿੱਤਾ ਜਾ ਰਿਹਾ ਹੈ। ਵਿਦਵਾਨਾਨਾ ਨਜ਼ਰੀਏ ਤੋਂ ਦੇਖੀਏ ਤਾਂ ਇਹ ਇੱਕ 'ਨਵੀਂ ਕਿਸਮ ਦਾ ਮੁਲੱਕਰਮ' (ਛਾਤੀ ਕਰ) ਹੈ। ਉਸ ਸਮੇਂ ਰਾਜੇ ਜ਼ੋਰ-ਜ਼ਬਰਦਸਤੀ ਨਾਲ ਔਰਤ ਨੂੰ ਬੇਪਰਦ ਕਰਦੇ ਸਨ, ਪਰ ਅੱਜ 'ਬਾਜ਼ਾਰੀਕਰਨ' ਅਤੇ 'ਲਾਈਕਸ-ਵਿਊਜ਼' ਦੀ ਭੁੱਖ ਨੇ ਔਰਤ ਨੂੰ ਖੁਦ ਨੂੰ ਨੁਮਾਇਸ਼ ਦੀ ਵਸਤੂ ਬਣਾਉਣ ਲਈ ਮਜਬੂਰ ਕਰ ਦਿੱਤਾ ਹੈ।

**ਸੋਸ਼ਲ ਮੀਡੀਆ ਦਾ 'ਗੰਦ' ਅਤੇ ਨੈਤਿਕ ਪਤਨ:** ਅਜੋਕੇ ਸਮੇਂ ਵਿੱਚ ਸੋਸ਼ਲ ਮੀਡੀਆ 'ਤੇ ਜੋ 'ਅਸ਼ਲੀਲਤਾ' ਦਾ ਹੜ੍ਹ ਆਇਆ ਹੈ, ਉਹ ਨਗੇਲੀ ਦੇ ਬਲਿਦਾਨ ਦੀ ਤੌਹੀਨ ਹੈ।

ਅੰਕੜੇ ਦੱਸਦੇ ਹਨ ਕਿ ਸੋਸ਼ਲ ਮੀਡੀਆ 'ਤੇ 'ਐਕਸਪੋਜ਼ਰ' ਵਾਲੀਆਂ ਵੀਡੀਓਜ਼ ਨੂੰ ਆਮ ਵੀਡੀਓਜ਼ ਨਾਲੋਂ 70% ਜ਼ਿਆਦਾ ਰੀਚ ਮਿਲਦੀ ਹੈ। ਇਸੇ ਅਲਗੋਰਿਦਮ ਦੇ ਜਾਲ ਵਿੱਚ ਫਸ ਕੇ ਕਈ ਔਰਤਾਂ ਆਪਣੀ 'ਸ਼ਰਮ-ਓ-ਹਯਾ' ਨੂੰ ਨਿਲਾਮ ਕਰ ਰਹੀਆਂ ਹਨ।

ਇਹ ਸਿਰਫ ਕੱਪੜਿਆਂ ਦੀ ਗੱਲ ਨਹੀਂ, ਸਗੋਂ ਇਹ ਮਾਨਸਿਕਤਾ ਦੀ ਗੱਲ ਹੈ। ਜਦੋਂ ਸਰੀਰਕ ਪ੍ਰਦਰਸ਼ਨ ਹੀ ਸਫਲਤਾ ਦਾ ਪੈਮਾਨਾ ਬਣ ਜਾਵੇ, ਤਾਂ ਬੌਧਿਕਤਾ ਅਤੇ ਕਿਰਦਾਰ ਪਿੱਛੇ ਰਹਿ ਜਾਂਦੇ ਹਨ।

**ਸੱਭਿਆਚਾਰਕ ਕੰਗਾਲੀ:** ਪੱਛਮੀ ਸੱਭਿਆਚਾਰ ਦੀ ਅੰਨ੍ਹੀ ਨਕਲ ਵਿੱਚ ਅਸੀਂ ਇਹ ਭੁੱਲ ਗਏ ਹਾਂ ਕਿ ਆਜ਼ਾਦੀ ਦਾ ਮਤਲਬ ਨੈਤਿਕਤਾ ਦਾ ਤਿਆਗ ਨਹੀਂ ਹੁੰਦਾ।

**ਔਰਤਾਂ ਨੂੰ ਨਗੇਲੀ ਦੀ ਤਰ੍ਹਾਂ ਹੋਣ ਦੀ ਲੋੜ ਕਿਉਂ?:** ਨਗੇਲੀ ਦੀ ਤਰ੍ਹਾਂ ਹੋਣ ਦਾ ਮਤਲਬ ਇਹ ਨਹੀਂ ਕਿ ਅਸੀਂ ਸਰੀਰਕ ਕੁਰਬਾਨੀ ਦੇਈਏ, ਸਗੋਂ ਇਸ ਦਾ ਮਤਲਬ ਹੈ ਕਿ ਅਸੀਂ 'ਸਵੈ-ਮਾਣ ਦੇ ਸਿਧਾਂਤ' 'ਤੇ ਅੜ ਜਾਈਏ।

ਗੌਰਵਮਈ ਅਣਖ: ਔਰਤ ਨੂੰ ਚਾਹੀਦਾ ਹੈ ਕਿ ਉਹ ਸਮਾਜ ਨੂੰ ਇਹ ਦੱਸੇ ਕਿ ਉਸ ਦੀ ਪਛਾਣ ਉਸ ਦੇ 'ਸਰੀਰ' ਤੋਂ ਨਹੀਂ, ਸਗੋਂ ਉਸ ਦੀ 'ਬੁੱਧੀ' ਅਤੇ 'ਕੰਮ' ਤੋਂ ਹੈ।

**ਵਿਦਰੋਹੀ ਸੋਚ:** ਨਗੇਲੀ ਨੇ ਸਮਾਜਿਕ ਦਬਾਅ ਅੱਗੇ ਗੋਡੇ ਨਹੀਂ ਟੇਕੇ ਸਨ। ਅੱਜ ਦੀਆਂ ਔਰਤਾਂ ਨੂੰ ਵੀ ਸੋਸ਼ਲ ਮੀਡੀਆ ਦੇ ਉਸ ਦਬਾਅ ਵਿਰੁੱਧ ਖੜ੍ਹੇ ਹੋਣਾ ਚਾਹੀਦਾ ਹੈ ਜੋ ਉਨ੍ਹਾਂ ਨੂੰ ਨਗਨਤਾ ਵੱਲ ਧੱਕਦਾ ਹੈ।

**ਨੈਤਿਕ ਪਹਿਰੇਦਾਰੀ:** ਸ਼ਰਮ ਅਤੇ ਹਯਾ ਇਸਤਰੀ ਦਾ ਗਹਿਣਾ ਹਨ, ਗੁਲਾਮੀ ਨਹੀਂ। ਇਹ ਉਹ ਢਾਲ ਹੈ ਜੋ ਉਸ ਨੂੰ ਬਾਜ਼ਾਰੂ ਵਸਤੂ ਬਣਨ ਤੋਂ ਬਚਾਉਂਦੀ ਹੈ।

ਨਗੇਲੀ ਦੀ ਕਹਾਣੀ 1803 ਦੀ ਇੱਕ ਦੁਖਦਾਈ ਘਟਨਾ ਮਾਤਰ ਨਹੀਂ ਹੈ, ਇਹ ਇੱਕ ਹੋਕਾ ਹੈ। ਇਹ ਹੋਕਾ ਹੈ ਉਨ੍ਹਾਂ ਔਰਤਾਂ ਲਈ ਜੋ ਆਪਣੀ ਹੋਂਦ ਨੂੰ ਮਸ਼ਹੂਰੀ ਦੇ ਸਸਤੇ ਸਾਧਨਾਂ ਵਿੱਚ ਗੁਆ ਰਹੀਆਂ ਹਨ। ਜੇਕਰ ਅਸੀਂ ਨਗੇਲੀ ਨੂੰ ਸੱਚੀ ਸ਼ਰਧਾਂਜਲੀ ਦੇਣੀ ਚਾਹੁੰਦੇ ਹਾਂ, ਤਾਂ ਸਾਨੂੰ ਇੱਕ ਅਜਿਹਾ ਸਮਾਜ ਸਿਰਜਣਾ ਪਵੇਗਾ ਜਿੱਥੇ ਔਰਤ ਦੀ ਆਜ਼ਾਦੀ ਉਸ ਦੇ ਪੜ੍ਹਨ, ਲਿਖਣ, ਬੋਲਣ ਅਤੇ ਸਨਮਾਨ ਨਾਲ ਜੀਣ ਵਿੱਚ ਹੋਵੇ, ਨਾ ਕਿ ਸੋਸ਼ਲ ਮੀਡੀਆ 'ਤੇ ਸਰੀਰ ਦੀ ਨੁਮਾਇਸ਼ ਕਰਨ ਵਿੱਚ।

ਯਾਦ ਰੱਖੋ, ਜਿਸ ਆਜ਼ਾਦੀ ਲਈ ਨਗੇਲੀ ਨੇ ਆਪਣਾ ਖੂਨ ਡੋਲ੍ਹਿਆ ਸੀ, ਉਸ ਨੂੰ ਸਸਤੀ ਪ੍ਰਸਿੱਧੀ ਦੀ ਭੇਂਟ ਚੜ੍ਹਾਉਣਾ ਇਤਿਹਾਸ ਨਾਲ ਸਭ ਤੋਂ ਵੱਡੀ ਗੱਦਾਰੀ ਹੋਵੇਗੀ। ਸਰੀਰ ਦੀ ਨੁਮਾਇਸ਼ ਗੁਲਾਮੀ ਦੀ ਇੱਕ ਨਵੀਂ ਕਿਸਮ ਹੈ, ਜਦਕਿ ਮਰਯਾਦਾ ਅਤੇ ਗਿਆਨ ਸੱਚੀ ਆਜ਼ਾਦੀ ਦੇ ਪ੍ਰਤੀਕ ਹਨ।

**ਪ੍ਰੋ. ਪਵਨ ਖਿੱਚੀ, ਮਾਨਸਾ**
**ਮੋਬਾ. 9478160786**

# (ਰੱਬਾ,ਅਗਲਾ ਕਦਮ ਚੁੱਕਣ ਦੀ ਸੇਧ ਦੇ)

ਜਿਵੇਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਕਿਹਾ ਸੀ "ਦੇਹ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂ ਨਾ ਡਰੂੰ, ਨਾ ਟਰੋਂ ਅਰਸੋਂ ਜਬ ਜਾਇ ਲਰੋਂ ਨਿਸ਼ਚੈ ਕਰ ਅਪਨੀ ਜੀਤੁ ਕਰੂੰ"। ਮਾਲਕਾ ! ਅਸੀਂ ਬੰਦੇ ਅਨਾੜੀ, ਅਸਾਨੂੰ ਕਿਸੇ ਰਾਹ ਪਾ ਦੇ, ਸਾਡੀ ਹੋ ਰਹੀ ਖੁਆਰੀ। ਤੇਰੇ ਪਰਉਪਕਾਰ ਨੂੰ ਨਹੀਂ ਭੁੱਲਾਂਗੇ, ਤੇਰੇ ਚਰਨਾਂ ਵਿੱਚ ਲੰਘੂ ਜਿੰਦਗੀ ਇਹ ਸਾਰੀ। ਸਾਨੂੰ ਅਨਾੜੀਆਂ ਨੂੰ, ਝੱਲਣੀਆਂ ਪੈਂਦੀਆਂ ਦੁਸ਼ਵਾਰੀਆਂ। ਅਗਲਾ ਕਦਮ ਚੁੱਕਣ ਦੀ ਸੇਧ ਦੇ, ਵਾਧੂ ਦੀਆਂ ਝੱਲਣੀਂਆ ਨਾ ਪੈਣ ਖੁਆਰੀਆਂ। ਮਿਹਨਤਾਂ, ਮੁਸ਼ੱਕਤਾਂ ਦੇ ਰਾਹ ਪਈਏ, ਪੁੰਨ ਦੇ ਕੰਮ ਕਰੀਏ, ਖੁਸ਼ੀਆਂ ਲਈਏ। ਨਿਸ਼ਚਿੰਤ ਹੋ ਬਹੀਏ। ਤੇਰੇ ਨਾਲ ਬਹਾਰਾਂ, ਜ਼ਿੰਦਗੀ ਵਿੱਚ ਲੱਗਣ ਗੁਲਜ਼ਾਰਾਂ। ਐ ਖੁਦਾ ! ਸਾਨੂੰ ਰਾਹੇ ਪਾ ! ਅਸੀਂ ਤਾਂ ਭੁੱਲੇ ਭਟਕੇ ਰਾਹੀ, ਤੂੰ ਹੀ ਤੂ ਮੇਰਾ ! ਕਰ ਸਾਡੀ ਯੋਗ ਅਗਵਾਈ।ਤੇਰੀ ਰਜ਼ਾ ਵਿੱਚ ਅਸੀਂ ਰਹਿਣਾ, ਸਾਥ ਤੇਰਾ ਹੋਣਾ ਸਹਾਈ। ਖੁਦਗਰਜ਼ ਬੰਦਾ ਬਣ ਜਾਵੇ ਧਰਤ ਉੱਤੇ ਆਕੇ। ਇਹ ਨਹੀਂ ਕਰਨਾ, ਉਹ ਨਹੀਂ ਕਰਨਾ,ਲਾਕੇ ਬੈਠ ਜਾਂਦਾ ਨਾਕੇ। ਝੰਝਟ ਇਤਨੇ ਵਧਾ ਰੱਖੇ ਨੇ।ਆਮ ਲੋਕ ਤੜਫਾ ਰੱਖੇ ਨੇ। ਧਰਮਾਂ, ਜਾਤਾਂ, ਫਿਰਕਿਆਂ ਵਿੱਚ ਵੰਡੀਆਂ ਪਾ ਰੱਖੀਆਂ ਨੇ। ਉੱਚ ਵਰਗਾਂ ਨੇ ਵੱਡੀਆਂ ਪਦਵੀਆਂ ਨੂੰ ਜੱਫੀਆਂ ਪਾ ਰੱਖੀਆਂ ਨੇ। ਰੱਬਾ ਅਗਲਾ ਕਦਮ ਕਿੱਧਰ ਨੂੰ ਪੱਟਾਂ, ਮੇਰਾ ਮਾਰਗ ਦਰਸ਼ਨ ਕਰਦੇ ! ਵਿਤਕਰੇ ਸਾਰੇ ਦੂਰ

ਕਰਦੇ, ਛੂਤਛਾਤ ਨੂੰ ਦੂਰ ਕਰਦੇ। ਵੱਡੇ ਵੱਡੇ ਮਹਿਲ ਵੰਡੀਆਂ ਪਾਉਣ ਵਾਲਿਆਂ ਸਭ ਨੂੰ ਮਿਲ ਕੇ ਰਹਿਣ ਦਾ ਚਾਉ ਹੋਵੇ, ਐਸਾ ਸਰੂਰ ਭਰਦੇ। ਉਨ੍ਹਾਂ ਦਾ ਹੰਕਾਰ ਠੀਕਰੇ ਠੀਕਰੇ ਹੋ ਜਾਵੇ, ਐਸਾ ਦਸਤੂਰ ਕਰਦੇ। ਉਚਾਣਾਂ, ਨਿਵਾਣਾਂ ਜਿਹੜੀਆਂ ਪੀੜ ਦੇਵਣ, ਉਹਨਾਂ ਨੂੰ ਫ਼ਤੂਰ ਕਰਦੇ। ਸਭ ਦੇ ਚਿਹਰਿਆਂ ਤੇ ਰੌਣਕ ਲਿਆ ਦੇਵੇ, ਅਜਿਹੇ ਸ਼ਖਸ ਨੂੰ ਮਸ਼ਹੂਰ ਕਰਦੇ। ਮਾਲਕਾ, ਮੇਰੀ ਅਗਵਾਈ ਐਸੀ ਕਰ,ਅਗਲਾ ਕਦਮ ਚੰਗਾ ਪੁਟਿਆ ਜਾਵੇ,ਸੇਧ ਮੇਰੀ ਮੰਜੂਰ ਕਰਦੇ !



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40ਏ, ਚੰਡੀਗੜ੍ਹ ਫੋਨ ਨੰਬਰ : 9878469639**

# ਜੀਵਨ ਸਾਥਣ



ਸੱਤੀ ਰੱਜ ਕੇ ਸੋਹਣੀ ਸੀ ਪਰ ਉਸ ਨੂੰ ਆਪਣੇ ਰੰਗ ਰੂਪ ਦਾ ਬੜਾ ਗੁਮਾਨ ਸੀ। ਗੁਮਾਨ ਤਾਂ ਆਪੇ ਹੋਣਾ ਸੀ ਕਿਉਂਕਿ ਗਰੀਬ ਘਰ ਦੀ ਕੁੜੀ ਸੀ ਤੇ ਉਸ ਦਾ ਵਿਆਹ ਚੰਗੇ ਘਰ ਦੇ ਮੁੰਡੇ ਰਣਦੀਪ ਨਾਲ ਰੰਗ ਰੂਪ ਦੀ ਵਜ੍ਹਾ ਕਰਕੇ ਹੀ ਤਾਂ ਹੋਇਆ ਸੀ। ਰਣਦੀਪ ਟਰੱਕ ਚਲਾਉਂਦਾ ਸੀ ਤੇ ਸੱਤੀ ਦਾ ਪਿਓ ਉਸ ਦਾ ਕਲੀਨਰ ਸੀ। ਜਦ ਗੱਡੀਆਂ ਗੇੜਾ ਲਾਉਣ ਜਾਂਦੀਆਂ ਜਾਂ ਗੇੜਾ ਲਾ ਕੇ ਆਉਂਦੀਆਂ ਤਾਂ ਰਣਦੀਪ ਬਹਾਨੇ ਨਾਲ ਸੱਤੀ ਦੇ ਪਿਓ ਨੂੰ ਛੱਡਣ ਜਾਂ ਲੈਣ ਉਸ ਦੇ ਪਿੰਡ ਜਾਂਦਾ ਸੀ । ਅਸਲ ਵਿੱਚ ਉਹ ਸੱਤੀ ਨੂੰ ਵੇਖਣ ਲਈ ਹੀ ਬਹਾਨੇ ਨਾਲ ਜਾਂਦਾ ਸੀ। ਉਂਝ ਰਣਦੀਪ ਮਾਪਿਆਂ ਦਾ ਕੱਲਾ ਕੱਲਾ ਮੁੰਡਾ ਸੀ। ਉਸ ਦੇ ਮਾਪਿਆਂ ਨੇ ਰਿਸ਼ਤੇਦਾਰਾਂ ਵਿੱਚ ਚੰਗੇ ਘਰ ਦੀ ਕੁੜੀ ਦਾ ਰਿਸ਼ਤਾ ਕਰਵਾਉਣ ਲਈ ਆਖਿਆ ਹੋਇਆ ਸੀ। ਜਦ ਕੋਈ ਰਿਸ਼ਤਾ ਆਉਂਦਾ ਤਾਂ ਪਹਿਲਾਂ ਪਹਿਲ ਰਣਦੀਪ ਟਾਲਮਟੋਲ ਕਰ ਛੱਡਦਾ। ਪਰ ਜਦ ਘਰ ਵਾਲੇ ਉਸ ਦੇ ਖਹਿੜੇ ਹੀ ਪੈ ਗਏ ਤਾਂ ਉਸ ਨੇ ਆਪਣੇ ਘਰ ਸਾਫ਼ ਸਾਫ਼ ਕਹਿ ਦਿੱਤਾ ਕਿ ਜੇ ਉਹ ਵਿਆਹ ਕਰਵਾਏਗਾ ਤਾਂ ਸੱਤੀ ਨਾਲ਼ ਹੀ ਕਰਵਾਏਗਾ। ਉਸ ਦੇ ਪਿਓ ਨੇ ਬਥੇਰਾ ਸਮਝਾਇਆ ਕਿ ਉਹ ਉਸ ਦਾ ਰਿਸ਼ਤਾ ਕਿਸੇ ਆਪਣੇ ਬਰਾਬਰ ਦੇ ਲੋਕਾਂ ਦੇ ਕਰਨਗੇ ਪਰ ਉਹ ਨਾ ਮੰਨਿਆ। ਉਸ ਦੇ ਪਿਓ ਨੂੰ ਆਪਣੇ ਨੌਕਰ ਕੋਲ਼ ਰਿਸ਼ਤਾ ਮੰਗਣ ਜਾਣਾ ਬਹੁਤ ਔਖਾ ਲੱਗਦਾ ਸੀ ਪਰ ਆਪਣੇ ਇਕਲੌਤੇ ਪੁੱਤਰ ਦੀ ਜ਼ਿੱਦ ਅੱਗੇ ਕੁਝ ਕਰ ਵੀ ਨਹੀਂ ਸੀ ਸਕਦੇ। ਜਦ ਕਿਸੇ ਨੂੰ ਵਿੱਚ ਪਾ ਕੇ ਰਿਸ਼ਤੇ ਦੀ ਗੱਲ ਤੋਰੀ ਤਾਂ ਸੱਤੀ ਦੇ ਘਰਦਿਆਂ ਨੇ ਬਿਨਾਂ ਕੋਈ ਦੇਰੀ ਹਾਂ ਆਖ ਕੇ ਆਪਣੀ ਆਰਥਿਕ ਤੰਗੀ ਦਾ ਹਵਾਲਾ ਦਿੰਦਿਆਂ ਸੱਤੀ ਨੂੰ ਤਿੰਨ ਕੱਪੜਿਆਂ ਵਿੱਚ ਤੋਰਨ ਵਾਲੀ ਗੱਲ ਆਖ ਦਿੱਤੀ। ਰਣਦੀਪ ਦੇ ਮਾਂ ਬਾਪ ਵੀ ਨਹੀਂ ਚਾਹੁੰਦੇ ਸਨ ਕਿ ਉਨ੍ਹਾਂ ਦੇ ਹੋਰ ਰਿਸ਼ਤੇਦਾਰਾਂ ਨੂੰ ਮੁੰਡੇ ਦੇ ਸਹੁਰਿਆਂ ਦੀ ਗਰੀਬੀ ਦੀ ਕੋਈ ਭਿਣਕ ਲੱਗੇ। ਆਖ਼ਰ ਘਰਦੇ ਘਰਦੇ ਜਾ ਕੇ ਸੱਤੀ ਨੂੰ ਚੁੰਨੀ ਚੜ੍ਹਾ ਕੇ ਵਿਆਹ ਲਿਆਏ। ਉਹਨਾਂ ਨੇ ਬਾਅਦ ਵਿੱਚ ਘਰੇ ਅਖੰਡ ਪਾਠ ਰਖਵਾ ਕੇ ਰਿਸ਼ਤੇਦਾਰਾਂ ਨੂੰ ਬੁਲਾਇਆ ਤੇ ਉਨ੍ਹਾਂ ਨਾਲ਼ ਲੈਣ ਦੇਣ ਕਰ ਕੇ ਆਪਣੀ ਆੜ ਲਾਹ ਦਿੱਤੀ । ਸੱਤੀ ਦੇ ਰੰਗ ਰੂਪ ਨੇ ਈ ਗ਼ਰੀਬੀ ਵਾਲੀ ਦਰਾਰ ਨੂੰ ਪੂਰ ਦਿੱਤਾ ਸੀ।

ਉਹਨਾਂ ਦੇ ਘਰ ਸਾਲ ਬਾਅਦ ਹੀ ਪੁੱਤਰ ਨੇ ਜਨਮ ਲੈ ਲਿਆ ਸੀ ਜਿਸ ਦਾ ਨਾਂ ਉਹਨਾਂ ਨੇ ਜਸ਼ਨ ਰੱਖਿਆ ਸੀ। ਉਂਝ ਤਾਂ ਰਣਦੀਪ ਤੇ ਸੱਤੀ ਦਾ ਵਿਆਹੁਤਾ ਜੀਵਨ ਵਧੀਆ ਲੰਘ ਰਿਹਾ ਸੀ ਪਰ ਘਰ ਵਿੱਚ ਮਾੜੀ ਮੋਟੀ ਖਟਪਟ ਚੱਲਦੀ ਰਹਿੰਦੀ ਸੀ। ਵਿਆਹ ਨੂੰ ਦਸ ਵਰ੍ਹੇ ਲੰਘ ਗਏ ਸਨ। ਉਨ੍ਹਾਂ ਦਾ ਇੱਕਲੌਤਾ ਪੁੱਤਰ ਜਸ਼ਨ ਜੋ ਹੁਣ ਨੌਂ ਵਰ੍ਹਿਆਂ ਦਾ ਹੋ ਗਿਆ ਸੀ।ਉਂਝ ਤਾਂ ਸੱਸ ਨਾਲ ਪਹਿਲਾਂ ਤੋਂ ਹੀ ਸੱਤੀ ਦੀ ਘੱਟ ਹੀ ਬਣਦੀ ਸੀ । ਉਸ ਦੀ ਸੱਸ ਦੇ ਦਿਮਾਗ਼ ਵਿੱਚ ਅਮੀਰੀ ਗਰੀਬੀ ਵਾਲ਼ੀ ਗੱਲ ਤਾਂ ਹਮੇਸ਼ਾ ਹੀ ਰਹਿੰਦੀ ਸੀ ਤੇ ਕਦੇ ਕਦੇ ਲੜਦੀ ਹੋਈ ਉਸ ਦੇ ਮਾਪਿਆਂ ਦੀ ਗਰੀਬੀ ਦੇ ਮਿਹਣੇ ਮਾਰ ਹੀ ਦਿੰਦੀ ਸੀ। ਰਣਦੀਪ ਗੱਡੀਆਂ ਨਾਲ ਗਿਆ ਹੋਇਆ ਜਦ ਦਸੀਂ ਪੰਦਰੀਂ ਦਿਨੀਂ ਘਰ ਮੁੜਦਾ ਤਾਂ ਕਦੇ ਕਦੇ ਇਹਨਾਂ ਗੱਲਾਂ ਨੂੰ ਲੈ ਕੇ ਘਰ ਵਿੱਚ ਲੜਾਈ ਵੀ ਹੋ ਜਾਂਦੀ ਸੀ। ਦਸਾਂ ਸਾਲਾਂ ਵਿੱਚ ਲੜਾਈ ਵਧਦੀ ਹੀ ਗਈ। ਇਸ ਕਰਕੇ ਉਹ ਘਰ ਵਿੱਚ ਹੀ ਅੱਡ ਹੋ ਕੇ ਆਪਣਾ ਰੋਟੀ ਪਾਣੀ ਵੱਖਰਾ ਬਣਾਉਣ ਲੱਗ ਪਏ ਸਨ। ਉਮਰ ਦੇ ਹਿਸਾਬ ਨਾਲ ਸੱਤੀ ਦੀ ਸੱਸ ਬਿਮਾਰ ਵੀ ਰਹਿਣ ਲੱਗੀ ਸੀ ਤੇ ਕੁਝ ਕੁ ਸਮੇਂ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਚੜ੍ਹਾਈ ਕਰ ਗਈ। ਰਣਦੀਪ ਨੂੰ ਵੀ ਨਸ਼ਾ ਕਰਨ ਦੀ ਆਦਤ ਤਾਂ ਸ਼ੁਰੂ ਤੋਂ ਹੀ ਸੀ ਪਰ ਹੁਣ ਉਸ ਦੀ ਇਹ ਆਦਤ ਵੀ ਇੱਕ ਰੋਗ ਹੀ ਬਣ ਗਈ ਸੀ। ਉਸ ਦਾ ਸਰੀਰ ਨਸ਼ਿਆਂ ਕਾਰਨ ਖੋਖਲਾ ਹੋਇਆ ਪਿਆ ਸੀ। ਪਿਓ ਵੀ ਬੁੱਢਾ ਹੋ ਗਿਆ ਸੀ, ਰਣਦੀਪ ਨੂੰ ਬਿਮਾਰੀਆਂ ਨੇ ਘੇਰ ਲਿਆ ਸੀ ਤੇ ਕੰਮ ਕਾਰ ਪਹਿਲਾਂ ਜਿਹਾ ਨਹੀਂ ਰਿਹਾ ਸੀ। ਉਸ ਨੇ ਆਪਣੇ ਮੁੰਡੇ ਜਸ਼ਨ ਨੂੰ ਬਾਰਵੀਂ ਪਾਸ ਕਰਵਾ ਕੇ ਕਨੇਡਾ ਭੇਜ ਦਿੱਤਾ। ਦੋ ਕੁ ਸਾਲ ਬਾਅਦ ਸੱਤੀ ਆਪਣਾ ਵੀਜ਼ਾ ਲਗਵਾ ਕੇ ਮੁੰਡੇ ਕੋਲ ਚਲੀ ਗਈ।

ਰਣਦੀਪ ਤੇ ਉਸ ਦੇ ਪਿਓ ਦੀ ਰੋਟੀ ਪਾਣੀ ਬਣਾਉਣ ਲਈ ਤੇ ਘਰ ਦੀ ਸਾਫ ਸਫਾਈ ਲਈ ਉਹ ਪਿੰਡੋਂ ਹੀ ਇੱਕ ਕੰਮ ਵਾਲੀ ਨੂੰ ਲਗਾ ਗਈ ਸੀ। ਸੱਤੀ ਨੂੰ ਜਸ਼ਨ ਕੋਲ਼ ਗਈ ਨੂੰ ਸਾਲ ਹੋ ਗਿਆ ਸੀ, ਵਿੱਚ ਦੀ ਦਸ ਕੁ ਦਿਨ ਓਪਰਿਆਂ ਜਿਹਿਆਂ ਵਾਂਗ ਇੱਕ ਚੱਕਰ ਲਾ ਕੇ ਵਾਪਸ ਚਲੀ ਗਈ ਸੀ । ਉਸ ਦੇ ਜਾਣ ਦੇ ਮਗਰੋਂ ਰਣਦੀਪ ਦੀ ਬਿਮਾਰੀ ਵੀ ਕਾਫ਼ੀ ਵਧ ਗਈ ਸੀ। ਉਸ ਨੂੰ ਉਸ ਦੇ ਪਿਓ ਨੇ ਹਸਪਤਾਲ ਦਾਖ਼ਲ ਕਰਵਾਇਆ ਤੇ ਨਾਲ ਹੀ ਸੱਤੀ ਨੂੰ ਵੀ ਫ਼ੋਨ ਕਰ ਕੇ ਦੱਸ ਦਿੱਤਾ । ਸੱਤੀ ਕੰਮ ਤੋਂ ਛੁੱਟੀ ਨਾ ਮਿਲਣ ਦਾ ਬਹਾਨਾ ਲਾ ਕੇ ਆਪ ਨਾ ਆਈ ਪਰ ਰਣਦੀਪ ਨਾਲ਼ ਫ਼ੋਨ ਤੇ ਹੀ ਗੱਲ ਕਰਕੇ ਉਸ ਨੂੰ ਹੌਸਲਾ ਦੇ ਦਿਆ ਕਰੇ। ਇਸੇ ਤਰ੍ਹਾਂ ਛੇ ਮਹੀਨੇ ਹੋਰ ਬੀਤ ਗਏ ਸਨ, ਰਣਦੀਪ ਦੀ ਹਾਲਤ ਬਦ ਤੋਂ ਬੱਦਤਰ ਹੋ ਗਈ ਸੀ। ਹਸਪਤਾਲ ਵਿੱਚ ਉਹ ਆਖ਼ਰੀ ਸਾਹਾਂ ਨਾਲ ਲੜ ਰਿਹਾ ਸੀ। ਸੱਤੀ ਆਪਣੇ ਪਤੀ ਦੀ ਹਾਲਤ ਤੋਂ ਭਲੀਭਾਂਤ ਜਾਣੂ ਹੁੰਦੇ ਹੋਏ ਵੀ ਆਖ਼ਰੀ ਸਮੇਂ ਵੀ ਨਾ ਆਈ ਜਿਵੇਂ ਉਹ ਇਸ ਮੁਸੀਬਤ ਨੂੰ ਪਰ੍ਹੇ ਪਰ੍ਹੇ ਹੀ ਟਾਲ਼ ਦੇਣਾ ਚਾਹੁੰਦੀ ਸੀ । ਜਿਸ ਦਿਨ ਉਸ ਨੂੰ ਰਣਦੀਪ ਦੇ ਪੂਰੇ ਹੋਣ ਦੀ ਖ਼ਬਰ ਮਿਲੀ ,ਉਸ ਤੋਂ ਅਗਲੇ ਦਿਨ ਟਿਕਟਾਂ ਕਰਾ ਕੇ ਤਿੰਨ ਦਿਨ ਬਾਅਦ ਆਪਣੇ ਪੁੱਤਰ ਜਸ਼ਨ ਨਾਲ ਪਹੁੰਚੀ। ਰਣਦੀਪ ਦਾ ਸਸਕਾਰ ਤਾਂ ਅਕਸਰ ਨੂੰ ਉਸ ਦੀ ਜੀਵਨ ਸਾਥਣ ਅਤੇ ਉਸ ਦੇ ਪੁੱਤਰ ਦੇ ਆਇਆਂ ਤੇ ਹੀ ਹੋਣਾ ਸੀ। ਉਸ ਦੀਆਂ ਅੰਤਿਮ ਰਸਮਾਂ ਪਤਨੀ ਤੇ ਪੁੱਤਰ ਨੇ ਕੀਤੀਆਂ। ਲੋਕ ਉਸ ਕੋਲ ਅਫ਼ਸੋਸ ਕਰਨ ਆ ਰਹੇ ਸਨ। ਉਸ ਨੂੰ ਵੇਖ ਕੇ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਉਸ ਦੇ ਘਰਵਾਲ਼ੇ ਦੀ ਮੌਤ ਨਾ ਹੋਈ ਹੋਵੇ ਸਗੋਂ ਘਰ ਦਾ ਕੋਈ ਸਮਾਗਮ ਨਿਪਟਾਉਣ ਆਈ ਹੋਵੇ।ਸੱਤੀ ਤਾਂ ਪਹਿਲਾਂ ਵਾਲ਼ੀ ਸੱਤੀ ਨਹੀਂ ਰਹੀ ਸੀ ਉਸ ਵਿੱਚੋਂ ਦੀ ਤਾਂ ਬਾਹਰਲੇ ਮੁਲਕ ਦੀ ਹਵਾ ਕੁਝ ਜ਼ਿਆਦਾ ਹੀ ਲੰਘ ਗਈ ਸੀ। ਅਫ਼ਸੋਸ ਕਰਨ ਆਈ ਪਿੰਡ ਦੀ ਹੀ ਕਿਸੇ ਬਜ਼ੁਰਗ ਔਰਤ ਨੇ ਉਸ ਨੂੰ ਕਿਹਾ,"ਭਾਈ ਕੁੜੀਏ.... ਤੇਰਾ ਪਹਿਲਾਂ ਆਉਣ ਦਾ ਫਰਜ਼ ਬਣਦਾ ਸੀ.... ਵਿਚਾਰਾ ਪਤਾ ਨਹੀਂ ਤੁਹਾਨੂੰ ਮਿਲਣ ਨੂੰ ਕਿਵੇਂ ਤਰਸਦਾ ਗਿਆ ਹੋਊ....ਸੌ ਆਖ਼ਰੀ ਇੱਛਾ ਹੁੰਦੀ ਐ..... ਪਤਾ ਨੀ....ਕਿੰਨੀਆਂ ਕੁ ਗੱਲਾਂ ਦਿਲ ਦੀਆਂ ਦਿਲ ਵਿੱਚ ਹੀ ਰਹਿ ਗਈਆਂ ਹੋਣਗੀਆਂ.....!"

ਸੱਤੀ ਝੱਟ ਦੇਣੇ ਬੋਲੀ,".... ਤਾਈ ਜੀ..... ਮਰਨ ਵਾਲਿਆਂ ਨਾਲ ਮਰ ਥੋੜ੍ਹਾ ਜਾਈਦਾ..... ਚਾਰ ਦਿਨ ਪਹਿਲਾਂ ਆ ਕੇ ਮੈਂ ਕਿਹੜਾ ਰਣਦੀਪ ਨੂੰ ਬਚਾ ਲੈਣਾ ਸੀ..... ਪਿੱਛੇ ਆਪਣਾ ਕੰਮ ਕਾਰ ਵੀ ਤਾਂ ਦੇਖਣਾ ਹੁੰਦਾ.... ਜਦ ਮੂਹਰੇ ਦਿਸਦਾ ਈ ਸੀ,ਕਿੰਨੇ ਕੁ ਦਿਨ ਦਾ ਮਹਿਮਾਨ ਸੀ.... ਵਿਚਾਰਾ ਫੋਨ ਤੇ ਦੇਖ਼ ਲੈਂਦਾ ਸੀ ਸਾਨੂੰ..... ਸਵੇਰੇ ਸ਼ਾਮ ਫੋਨ ਕਰਕੇ ਹਾਲ ਪੁੱਛ ਲਈਦਾ ਸੀ..... ਬਾਕੀ ਤਾਂ ਸਭ ਨੂੰ ਪਤਾ ਈ ਸੀ ਕੀ ਹੋਣਾ..... ਅਸੀਂ ਕਿਹੜਾ ਓਹਦੇ ਦੋਖੀ ਸੀ....!"

ਉਸ ਬਜ਼ੁਰਗ ਔਰਤ ਨੇ ਤਾਹਨਾ ਮਾਰਦੇ ਹੋਏ ਉਸ ਦੀ ਗੱਲ ਦਾ ਜਵਾਬ ਦਿੱਤਾ,"..... ਭਾਈ ਕੁੜੀਏ ਤੂੰ ਬਹੁਤ ਵਧੀਆ ਕੀਤਾ..... ਜੇ ਤੂੰ ਨਾ ਵੀ ਆਉਂਦੀ ਤਾਂ ਵੀ ਸਰ ਜਾਣਾ ਸੀ.... ਦੇਖਲਾ ਆਪਣੇ ਪਿੰਡ ਦਾ ਨਾਮਾ ਅਨਾਥ ਈ ਸੀ.... ਉਹ ਵੀ ਜਦ ਮਰਿਆ..... ਪਿੰਡ ਵਾਲਿਆਂ ਨੇ ਰਲ਼ ਕੇ ਓਹਦਾ ਮਰਨਾ ਵਧੀਆ ਕਰਤਾ.....ਸੁੱਖ ਨਾਲ ਇਹਦੇ ਨਾਂ ਤਾਂ ਜ਼ਮੀਨ ਜਾਇਦਾਦ ਵੀ ਸੀ....ਇਹਦਾ ਨਾ ਕੁਛ ਹੁੰਦਾ....? ਉਂਝ ਤੁਸੀਂ ਹੁਣ ਆ ਕੇ ਵੀ ਵਧੀਆ ਈ ਕੀਤਾ.... ਜੀਵਨ ਸਾਥਣ ਹੋਣ ਦਾ ਫਰਜ਼ ਤਾਂ ਨਿਭਾ ਦਿੱਤਾ..... ਅਕਸਰ ਨੂੰ ਜੀਵਨ ਸਾਥਣ ਹੋਣ ਦੇ ਨਾਤੇ.....ਉਹ ਸਾਰੀ ਜ਼ਮੀਨ ਜਾਇਦਾਦ ਵੀ ਤਾਂ ਸਾਂਭਣੀ ਜ਼ਰੂਰੀ ਐ.....!"

ਇਹ ਗੱਲ ਸੁਣਦੇ ਹੀ ਉਹ ਉਸ ਵੱਲ ਨੂੰ ਕੌੜਾ ਕੌੜਾ ਵੇਖਦੀ ਹੋਈ ਹੋਰ ਕੰਮ ਕਰਨ ਦੇ ਬਹਾਨੇ ਉੱਠ ਕੇ ਉੱਥੋਂ ਚਲੀ ਗਈ।

**ਬਰਜਿੰਦਰ ਕੌਰ ਬਿਸਰਾਓ...**
**9988901324**

# ਕਹਾਣੀ/ਪਛਾਣ

ਜੂਨ ਚੁਰਾਸੀ ਦੇ ਸ਼ੁਰੂਆਤੀ ਦਿਨ ਸਨ ਅੰਮ੍ਰਿਤਸਰ ਦੀਆਂ ਗਲੀਆਂ ਵਿੱਚ ਹਵਾ ਆਮ ਵਰਗੀ ਨਹੀਂ ਸੀ। ਹਵਾ ਵਿੱਚ ਇੱਕ ਅਜੀਬ ਜਿਹੀ ਘੁਟਣ, ਡਰ ਅਤੇ ਬਾਰੂਦ ਦੀ ਮਹਿਕ ਘੁਲੀ ਹੋਈ ਸੀ। ਸ਼ਹਿਰ ਦੇ ਦਿਲ ਵਿੱਚ ਸਥਿਤ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਫੌਜੀ ਗਤੀਵਿਧੀਆਂ ਵਧ ਚੁੱਕੀਆਂ ਸਨ। ਕਰਫ਼ਿਊ ਲੱਗਣ ਦੀਆਂ ਅਫ਼ਵਾਹਾਂ ਜ਼ੋਰਾਂ 'ਤੇ ਸਨ।

ਜਗਮੀਤ ਸਿੰਘ ਆਪਣੇ ਘਰ ਦੇ ਵਿਹੜੇ ਵਿੱਚ ਬੈਠਾ ਅਖ਼ਬਾਰ ਦੀਆਂ ਸੁਰਖੀਆਂ 'ਤੇ ਚਿੰਤਾ ਨਾਲ ਨਜ਼ਰ ਮਾਰ ਰਿਹਾ ਸੀ। ਉਸਦੀ ਪਤਨੀ, ਜਸਵੀਰ ਕੌਰ, ਰਸੋਈ ਵਿੱਚੋਂ ਚਾਹ ਦੀ ਕੇਤਲੀ ਲੈ ਕੇ ਆਈ। ਉਸਦੇ ਚਿਹਰੇ 'ਤੇ ਵੀ ਉਹੀ ਚਿੰਤਾ ਸਾਫ਼ ਦਿਖਾਈ ਦੇ ਰਹੀ ਸੀ।

"ਸੁਣੋ ਜੀ, ਅੱਜ ਬਾਹਰ ਨਾ ਜਾਓ। ਮਾਹੌਲ ਠੀਕ ਨਹੀਂ ਲੱਗ ਰਿਹਾ। ਖਬਰਾਂ ਆ ਰਹੀਆਂ ਨੇ ਕਿ ਫੌਜ ਨੇ ਪੂਰਾ ਸ਼ਹਿਰ ਘੇਰ ਲਿਆ ਹੈ," ਜਸਵੀਰ ਨੇ ਚਾਹ ਦਾ ਕੱਪ ਫੜਾਉਂਦਿਆਂ ਕਿਹਾ।

"ਜਸਵੀਰ, ਘਰ ਵਿੱਚ ਰਾਸ਼ਨ-ਪਾਣੀ ਖ਼ਤਮ ਹੋਣ ਵਾਲਾ ਹੈ। ਜੇ ਕਰਫ਼ਿਊ ਲੰਬਾ ਖਿੱਚ ਗਿਆ ਤਾਂ ਬੱਚੇ ਦਾ ਕੀ ਬਣੇਗਾ? ਮੈਂ ਬਜ਼ਾਰੋਂ ਜ਼ਰੂਰੀ ਸਾਮਾਨ ਲੈ ਕੇ ਅੱਧੇ ਘੰਟੇ ਵਿੱਚ ਮੁੜ ਆਵਾਂਗਾ," ਜਗਮੀਤ ਨੇ ਜਸਵੀਰ ਨੂੰ ਹੌਸਲਾ ਦਿੰਦਿਆਂ ਕਿਹਾ।

ਉਸੇ ਵੇਲੇ ਉਹਨਾਂ ਦਾ ਪੰਜ ਸਾਲਾਂ ਦਾ ਪੁੱਤਰ, ਸੱਤੂ, ਖੇਡਦਾ ਹੋਇਆ ਉੱਥੇ ਆਇਆ। ਉਸਦੇ ਹੱਥ ਵਿੱਚ ਨੀਲੇ ਰੰਗ ਦਾ ਸੂਤੀ ਧਾਗਾ ਸੀ, ਜੋ ਸ਼ਾਇਦ ਉਸਨੂੰ ਜਸਵੀਰ ਦੀ ਸਿਲਾਈ ਮਸ਼ੀਨ ਕੋਲੋਂ ਮਿਲਿਆ ਸੀ। ਉਸਨੇ ਮਾਸੂਮੀਅਤ ਨਾਲ ਆਪਣੇ ਪਾਪਾ ਦਾ ਸੱਜਾ ਹੱਥ ਫੜਿਆ ਅਤੇ ਉਸਦੀਆਂ ਉਂਗਲਾਂ ਦੇ ਦੁਆਲੇ ਉਹ ਧਾਗਾ ਬੰਨ੍ਹਣ ਲੱਗਾ।

"ਸੱਤੂ, ਇਹ ਕੀ ਕਰ ਰਿਹਾ ਏਂ?" ਜਗਮੀਤ ਹੱਸ ਪਿਆ।

ਸੱਤੂ ਨੇ ਬੜੇ ਮਾਣ ਨਾਲ ਗੰਢ ਮਾਰੀ ਅਤੇ ਕਿਹਾ, "ਪਾਪਾ, ਜਦੋਂ ਤੁਸੀਂ ਬਾਹਰੋਂ ਆਓਗੇ, ਮੈਂ ਇਹ ਧਾਗਾ ਖੋਲ੍ਹਾਂਗਾ। ਉਦੋਂ ਤੱਕ ਤੁਸੀਂ ਇਸਨੂੰ ਲਾਹੁਣਾ ਨਹੀਂ!"

ਜਗਮੀਤ ਨੇ ਕਾਕੇ ਨੂੰ ਗੋਦੀ ਚੁੱਕ ਕੇ ਚੁੰਮਿਆ, "ਠੀਕ ਹੈ ਮੇਰੇ ਪੁੱਤ, ਤੇਰੇ ਆਏ ਬਿਨਾਂ ਇਹ ਧਾਗਾ ਕੋਈ ਨਹੀਂ ਖੋਲ੍ਹੇਗਾ।"

ਇਹ ਕਹਿ ਕੇ ਜਗਮੀਤ ਘਰੋਂ ਨਿਕਲ ਗਿਆ। ਜਸਵੀਰ ਬੂਹੇ 'ਤੇ ਖੜ੍ਹੀ ਉਸਨੂੰ ਜਾਂਦੇ ਨੂੰ ਦੇਖਦੀ ਰਹੀ, ਉਸਦਾ ਮਨ ਕਿਸੇ ਅਣਜਾਣ ਡਰ ਨਾਲ ਕੰਬ ਰਿਹਾ ਸੀ।

ਗੁਰਮੇਲ ਦੇ ਜਾਣ ਤੋਂ ਮਹਿਜ਼ ਇੱਕ ਘੰਟੇ ਬਾਅਦ ਹੀ ਪੂਰੇ ਸ਼ਹਿਰ ਵਿੱਚ ਸਖ਼ਤ ਕਰਫ਼ਿਊ ਲਗਾ ਦਿੱਤਾ ਗਿਆ। ਫੌਜ ਦੀਆਂ ਗੱਡੀਆਂ ਸੜਕਾਂ 'ਤੇ ਦੌੜਨ ਲੱਗੀਆਂ। ਫਿਰ ਉਹ ਦਿਨ ਆਇਆ ਜਿਸਨੇ ਇਤਿਹਾਸ ਨੂੰ ਲਹੂ-ਲੁਹਾਨ ਕਰ ਦਿੱਤਾ। ਗੋਲੀਆਂ ਦੀ ਗੜਗੜਾਹਟ, ਬੰਬਾਂ ਦੇ ਧਮਾਕੇ ਅਤੇ ਚੀਕ-ਚਿਹਾਰਾ। ਅੰਮ੍ਰਿਤਸਰ ਇੱਕ ਜੰਗ ਦਾ ਮੈਦਾਨ ਬਣ ਚੁੱਕਾ ਸੀ।

ਘਰ ਵਿੱਚ ਜਸਵੀਰ ਅਤੇ ਸੱਤੂ ਕੈਦ ਸਨ। ਬਿਜਲੀ ਕੱਟ ਦਿੱਤੀ ਗਈ ਸੀ, ਪਾਣੀ ਦੀ ਬੂੰਦ-ਬੂੰਦ ਲਈ ਲੋਕ ਤਰਸ ਰਹੇ ਸਨ। ਪਰ ਜਸਵੀਰ ਨੂੰ ਨਾ ਭੁੱਖ ਸੀ ਨਾ ਪਿਆਸ, ਉਸਦੀਆਂ ਅੱਖਾਂ ਬੱਸ ਬੂਹੇ 'ਤੇ ਟਿਕੀਆਂ ਹੋਈਆਂ ਸਨ। ਹਰ ਧਮਾਕੇ ਨਾਲ ਉਸਦਾ ਕਾਲਜਾ ਕੰਬ ਜਾਂਦਾ। ਸੱਤੂ ਵਾਰ-ਵਾਰ ਪੁੱਛਦਾ, "ਮੰਮੀ, ਪਾਪਾ ਕਦੋਂ ਆਉਣਗੇ? ਮੈਂ ਉਹਨਾਂ ਦਾ ਧਾਗਾ ਖੋਲ੍ਹਣਾ ਹੈ।" ਜਸਵੀਰ ਉਸਨੂੰ ਹਿੱਕ ਨਾਲ ਲਾ ਕੇ ਰੋ ਪੈਂਦੀ।

ਤਿੰਨ ਦਿਨ ਬੀਤ ਗਏ। ਨਾ ਜਗਮੀਤ ਆਇਆ, ਨਾ ਕੋਈ ਖ਼ਬਰ। ਹਵਾ ਵਿੱਚ ਮੌਤ ਦੀ ਸੜ੍ਹਾਂਦ ਫੈਲਣ ਲੱਗੀ ਸੀ। ਚੌਥੇ ਦਿਨ ਕਰਫ਼ਿਊ ਵਿੱਚ ਕੁਝ ਘੰਟਿਆਂ ਦੀ ਢਿੱਲ ਮਿਲੀ। ਸ਼ਹਿਰ ਵਿੱਚ ਸੰਨਾਟਾ ਸੀ, ਪਰ ਇਹ ਸੰਨਾਟਾ ਬਹੁਤ ਭਿਆਨਕ ਸੀ। ਅੰਮ੍ਰਿਤਸਰ ਦੀ ਇੱਕ ਸੁੰਨਸਾਨ ਗਲੀ ਦੇ ਮੋੜ 'ਤੇ ਜਗਮੀਤ ਦੀ ਲਾਸ਼ ਪਈ ਸੀ, ਜਿਸਨੂੰ ਤਿੰਨ ਦਿਨ ਪਹਿਲਾਂ ਹੀ ਗੋਲੀ ਲੱਗ ਚੁੱਕੀ ਸੀ। ਪਰ ਪਰਿਵਾਰ ਇਸ ਤੋਂ ਬੇਖ਼ਬਰ ਸੀ। ਕਰਫ਼ਿਊ ਖੁੱਲ੍ਹਦਿਆਂ ਹੀ ਜਸਵੀਰ ਕੌਰ ਸੱਤੂ ਨੂੰ ਗੁਆਂਢੀਆਂ ਕੋਲ ਛੱਡ ਕੇ ਪਾਗਲਾਂ ਵਾਂਗ ਬਾਹਰ ਨਿਕਲੀ। ਉਸਦੇ ਪੈਰਾਂ ਵਿੱਚ ਚੱਪਲਾਂ ਨਹੀਂ ਸਨ, ਵਾਲ ਖਿੱਲਰੇ ਹੋਏ ਸਨ। ਪੁੱਛਦੇ-ਪੁਛਾਉਂਦੇ ਉਹ ਸਿਵਲ ਹਸਪਤਾਲ ਦੇ ਬਾਹਰ ਪਹੁੰਚੀ।

ਉੱਥੋਂ ਦਾ ਦ੍ਰਿਸ਼ ਦੇਖ ਕੇ ਉਸਦੀ ਰੂਹ ਕੰਬ ਗਈ। ਹਸਪਤਾਲ ਦੇ ਬਾਹਰ ਲਾਸ਼ਾਂ ਦੇ ਢੇਰ ਲੱਗੇ ਹੋਏ ਸਨ। ਗਰਮੀ ਕਾਰਨ ਦੇਹਾਂ ਖ਼ਰਾਬ ਹੋ ਰਹੀਆਂ ਸਨ। ਮਿਲਟਰੀ ਅਤੇ ਪੁਲਿਸ ਦੇ ਕਰਮਚਾਰੀ ਉਹਨਾਂ ਲਾਸ਼ਾਂ ਨੂੰ ਜਲਦੀ-ਜਲਦੀ ਟਰੱਕਾਂ ਵਿੱਚ ਲੱਦ ਰਹੇ ਸਨ ਤਾਂ ਜੋ ਸਮੂਹਿਕ ਸੰਸਕਾਰ ਕੀਤਾ ਜਾ ਸਕੇ।

ਜਸਵੀਰ ਨੇ ਆਪਣੀ ਚੁੰਨੀ ਦਾ ਪੱਲਾ ਮੂੰਹ 'ਤੇ ਰੱਖਿਆ ਅਤੇ ਲਾਸ਼ਾਂ ਦੇ ਢੇਰ ਵੱਲ ਵਧੀ।

"ਹਟੋ ਬੀਬੀ! ਪਿੱਛੇ ਹਟੋ!" ਇੱਕ ਸਿਪਾਹੀ ਨੇ ਰੋਕਿਆ।

"ਮੇਰਾ ਬੰਦਾ... ਮੇਰੇ ਸਰਤਾਜ ਘਰ ਨਹੀਂ ਪਰਤੇ। ਮੈਨੂੰ ਦੇਖ ਲੈਣ ਦਿਓ," ਜਸਵੀਰ ਨੇ ਹੱਥ ਜੋੜੇ।

ਉਸਨੇ ਹਿੰਮਤ ਕਰਕੇ ਹਰ ਇੱਕ ਚਿਹਰੇ ਤੋਂ ਕੱਪੜਾ ਹਟਾ ਕੇ ਦੇਖਣਾ ਸ਼ੁਰੂ ਕੀਤਾ। ਪਰ ਇਹ ਕੀ? ਬਹੁਤ ਸਾਰੇ ਚਿਹਰੇ ਗੋਲੀਆਂ ਅਤੇ ਬੰਬਾਂ ਦੇ ਧਮਾਕਿਆਂ ਨਾਲ ਇੰਨੇ ਵਿਗੜ ਚੁੱਕੇ ਸਨ, ਖੂਨ ਅਤੇ ਮਿੱਟੀ ਨਾਲ ਲਿਬੜੇ ਹੋਏ ਸਨ ਕਿ ਪਛਾਣਨੇ ਅਸੰਭਵ ਸਨ। ਉਸਦੀਆਂ ਅੱਖਾਂ ਅੱਗੇ ਅੰਧੇਰਾ ਛਾ ਰਿਹਾ ਸੀ। ਨਿਰਾਸ਼ਾ ਦੇ ਉਸ ਆਲਮ ਵਿੱਚ, ਜਦੋਂ ਉਹ ਇੱਕ ਹੋਰ ਟਰੱਕ ਦੇ ਕੋਲੋਂ ਲੰਘ ਰਹੀ ਸੀ, ਉਸਦੀ ਨਜ਼ਰ ਇੱਕ ਲਾਸ਼ ਦੇ ਖੂਨ ਨਾਲ ਲਿੱਬੜੇ ਹੱਥ 'ਤੇ ਪਈ, ਜੋ ਟਰੱਕ ਦੇ ਫੱਟੇ ਤੋਂ ਬਾਹਰ ਲਟਕ ਰਿਹਾ ਸੀ। ਉਸ ਹੱਥ ਦੀਆਂ ਸੁੱਜੀਆਂ ਹੋਈਆਂ ਉਂਗਲਾਂ ਵਿੱਚ... ਨੀਲੇ ਰੰਗ ਦਾ ਇੱਕ ਸੂਤੀ ਧਾਗਾ ਬੱਝਿਆ ਹੋਇਆ ਸੀ।

ਜਸਵੀਰ ਦੇ ਪੈਰ ਉੱਥੇ ਹੀ ਜੰਮ ਗਏ। ਉਸ ਦੇ ਦਿਲ ਦੀ ਧੜਕਣ ਇੱਕ ਪਲ ਲਈ ਰੁਕ ਗਈ ਅਤੇ ਫਿਰ ਬਹੁਤ ਤੇਜ਼ ਹੋ ਗਈ। ਇਹ ਉਹੀ ਨੀਲਾ ਸੂਤੀ ਧਾਗਾ ਸੀ ਜੋ ਤਿੰਨ ਦਿਨ ਪਹਿਲਾਂ ਉਸ ਦੇ ਮਾਸੂਮ ਪੁੱਤਰ ਨੇ ਆਪਣੇ ਪਾਪਾ ਦੀ ਉਂਗਲ 'ਤੇ ਇੱਕ ਪਿਆਰੇ ਵਾਅਦੇ ਨਾਲ ਬੰਨ੍ਹਿਆ ਸੀ।

ਜਸਵੀਰ ਨੇ ਭੱਜ ਕੇ ਉਸ ਹੱਥ ਨੂੰ ਫੜ ਲਿਆ। ਹੱਥ ਬਰਫ਼ ਵਾਂਗ ਠੰਢਾ ਅਤੇ ਬੇਜਾਨ ਸੀ। ਉਸ ਨੇ ਉੱਪਰ ਵੱਲ ਦੇਖਿਆ, ਖੂਨ ਅਤੇ ਮਿੱਟੀ ਨਾਲ ਲਿਬੜਿਆ ਉਹ ਚਿਹਰਾ ਜਗਮੀਤ ਦਾ ਹੀ ਸੀ। ਉਸ ਦੇ ਚਿਹਰੇ 'ਤੇ ਅਜੇ ਵੀ ਉਹੀ ਚੁੱਪ ਅਤੇ ਸ਼ਾਂਤੀ ਸੀ, ਜਿਵੇਂ ਉਹ ਅਜੇ ਵੀ ਆਪਣੇ ਪੁੱਤਰ ਦੇ ਆਉਣ ਦਾ ਇੰਤਜ਼ਾਰ ਕਰ ਰਿਹਾ ਹੋਵੇ।

ਜਸਵੀਰ ਉੱਥੇ ਹੀ ਜ਼ਮੀਨ 'ਤੇ ਬੈਠ ਗਈ ਅਤੇ ਚੀਕਾਂ ਮਾਰ ਕੇ ਰੋਣ ਲੱਗੀ। ਉਸ ਦੀਆਂ ਅੱਖਾਂ ਵਿੱਚੋਂ ਹੰਝੂਆਂ ਦਾ ਹੜ੍ਹ ਵਹਿ ਨਿਕਲਿਆ। ਫੌਜੀ ਕਰਮਚਾਰੀ ਨੇ ਉਸ ਨੂੰ ਪਿੱਛੇ ਹਟਾਉਣ ਦੀ ਕੋਸ਼ਿਸ਼ ਕੀਤੀ, ਪਰ ਜਸਵੀਰ ਨੇ ਜਗਮੀਤ ਦਾ ਹੱਥ ਘੁੱਟ ਕੇ ਫੜਿਆ ਹੋਇਆ ਸੀ। ਉਸ ਨੇ ਰੋਂਦਿਆਂ ਕਿਹਾ ਕਿ ਇਹ ਮੇਰੇ ਪਤੀ ਹਨ, ਮੈਨੂੰ ਇਹਨਾਂ ਦੀ ਦੇਹ ਘਰ ਲੈ ਜਾਣ ਦਿਓ, ਮੇਰਾ ਪੁੱਤ ਘਰ ਇਹਨਾਂ ਦਾ ਇੰਤਜ਼ਾਰ ਕਰ ਰਿਹਾ ਹੈ। ਪਰ ਹਾਲਾਤ ਇੰਨੇ ਖ਼ਰਾਬ ਸਨ ਕਿ ਫੌਜ ਦੇ ਨਿਯਮਾਂ ਮੁਤਾਬਕ ਕਿਸੇ ਨੂੰ ਵੀ ਲਾਸ਼ਾਂ ਘਰ ਲੈ ਜਾਣ ਦੀ ਇਜਾਜ਼ਤ ਨਹੀਂ ਸੀ। ਉਹ ਸਾਰੀਆਂ ਦੇਹਾਂ ਨੂੰ ਇੱਕੋ ਸਮੂਹਿਕ ਸੰਸਕਾਰ ਲਈ ਲੈ ਕੇ ਜਾ ਰਹੇ ਸਨ।

ਬਹੁਤ ਮਿੰਨਤਾਂ-ਤਰਲੇ ਕਰਨ ਤੋਂ ਬਾਅਦ ਵੀ ਜਸਵੀਰ ਨੂੰ ਜਗਮੀਤ ਦੀ ਮ੍ਰਿਤਕ ਦੇਹ ਨਾ ਮਿਲੀ। ਪਰ ਜਾਂਦੇ-ਜਾਂਦੇ, ਉਸ ਨੇ ਰੋਂਦੇ ਹੋਏ ਉਸ ਨੀਲੇ ਧਾਗੇ ਨੂੰ ਬਹੁਤ ਸੰਭਾਲ ਕੇ ਜਗਮੀਤ ਦੀ ਉਂਗਲ ਤੋਂ ਖੋਲ੍ਹ ਲਿਆ। ਉਹ ਉਸ ਧਾਗੇ ਨੂੰ ਆਪਣੀ ਹਿੱਕ ਨਾਲ ਲਾ ਕੇ ਪਾਗਲਾਂ ਵਾਂਗ ਰੋਂਦੀ ਹੋਈ ਵਾਪਸ ਆਪਣੇ ਘਰ ਵੱਲ ਤੁਰ ਪਈ। ਉਸ ਦੇ ਪੈਰ ਭਾਰੇ ਸਨ ਅਤੇ ਮਨ ਸੁੰਨ ਹੋ ਚੁੱਕਾ ਸੀ।

ਜਦੋਂ ਉਹ ਘਰ ਪਹੁੰਚੀ, ਤਾਂ ਪੰਜ ਸਾਲਾਂ ਦਾ ਸੱਤੂ ਬੂਹੇ ਕੋਲ ਹੀ ਬੈਠਾ ਸੀ। ਜਸਵੀਰ ਨੂੰ ਦੇਖਦਿਆਂ ਹੀ ਉਹ ਭੱਜ ਕੇ ਅੱਗੇ ਆਇਆ ਅਤੇ ਪੁੱਛਣ ਲੱਗਾ ਕਿ ਮੰਮੀ, ਪਾਪਾ ਕਿੱਥੇ ਹਨ ਅਤੇ ਕੀ ਤੁਸੀਂ ਉਹਨਾਂ ਦਾ ਧਾਗਾ ਖੋਲ੍ਹ ਦਿੱਤਾ। ਜਸਵੀਰ ਨੇ ਸੱਤੂ ਨੂੰ ਕਲੇਜੇ ਨਾਲ ਲਾ ਲਿਆ ਅਤੇ ਉਸ ਦੇ ਨਿੱਕੇ ਜਿਹੇ ਹੱਥ ਵਿੱਚ ਉਹ ਖੂਨ ਨਾਲ ਲਿੱਬੜਿਆ ਨੀਲਾ ਧਾਗਾ ਫੜਾ ਦਿੱਤਾ। ਉਸ ਨੇ ਰੋਂਦਿਆਂ ਕਿਹਾ ਕਿ ਤੇਰੇ ਪਾਪਾ ਨੇ ਆਪਣਾ ਵਾਅਦਾ ਪੂਰਾ ਕੀਤਾ ਹੈ, ਉਹਨਾਂ ਨੇ ਇਹ ਧਾਗਾ ਕਿਸੇ ਹੋਰ ਨੂੰ ਖੋਲ੍ਹਣ ਨਹੀਂ ਦਿੱਤਾ, ਇਹ ਸਿਰਫ਼ ਤੇਰੇ ਲਈ ਵਾਪਸ ਭੇਜਿਆ ਹੈ।

ਸੱਤੂ ਆਪਣੀ ਮਾਸੂਮੀਅਤ ਵਿੱਚ ਉਸ ਧਾਗੇ ਨੂੰ ਦੇਖਦਾ ਰਿਹਾ, ਜਿਸ 'ਤੇ ਉਸ ਦੇ ਪਾਪਾ ਦੇ ਆਖਰੀ ਸਾਹਾਂ ਦੀ ਨਿਸ਼ਾਨੀ ਲੱਗੀ ਹੋਈ ਸੀ। ਚੁਰਾਸੀ ਦੇ ਉਸ ਕਹਿਰ ਨੇ ਇੱਕ ਹੱਸਦੇ-ਖੇਡਦੇ ਪਰਿਵਾਰ ਨੂੰ ਉਜਾੜ ਦਿੱਤਾ ਸੀ, ਜਿੱਥੇ ਇੱਕ ਮਾਸੂਮ ਦਾ ਵਾਅਦਾ ਤਾਂ ਪੂਰਾ ਹੋ ਗਿਆ, ਪਰ ਉਸ ਦੇ ਪਾਪਾ ਕਦੇ ਵਾਪਸ ਨਾ ਪਰਤੇ। ਉਹ ਨੀਲਾ ਧਾਗਾ ਹੁਣ ਸਿਰਫ਼ ਇੱਕ ਧਾਗਾ ਨਹੀਂ ਸੀ, ਬਲਕਿ ਉਸ ਭਿਆਨਕ ਦੌਰ ਦੀ ਕਹਾਣੀ ਅਤੇ ਇੱਕ ਕਦੇ ਨਾ ਖ਼ਤਮ ਹੋਣ ਵਾਲੇ ਇੰਤਜ਼ਾਰ ਦਾ ਪ੍ਰਤੀਕ ਬਣ ਕੇ ਰਹਿ ਗਿਆ ਸੀ।

**ਮਨਜੀਤ ਮਾਨ**
**ਪਿੰਡ ਸਾਹਨੇਵਾਲੀ**
**(ਮਾਨਸਾ)**
**ਮੋਬਾਈਲ**
**7009898044**

# ਡਾ. ਧਰਮ ਸਿੰਘ-ਇਕ ਸਿਰੜੀ ਖੋਜੀ

## (ਅਕਾਦਮਿਕ, ਧਾਰਮਿਕ, ਇਤਿਹਾਸਕ ਅਤੇ ਕਿਸਾਨੀ ਵਿਸ਼ਿਆਂ ਦਾ ਮਾਹਰ ਡਾ. ਧਰਮ ਸਿੰਘ)

ਡਾ. ਧਰਮ ਸਿੰਘ ਮੇਰੇ ਅਧਿਆਪਕ ਰਹੇ ਹਨ, ਕਿਸੇ ਅਧਿਆਪਕ ਬਾਰੇ ਲਿਖਣਾ ਬਹੁਤ ਮੁਸ਼ਕਲ ਹੁੰਦਾ ਹੈ, ਸੂਰਜ ਨੂੰ ਦੀਵਾ ਵਿਖਾਉਣ ਵਰਗਾ। ਮੈਂ ਕੋਸ਼ਿਸ਼ ਕਰਾਂਗਾ ਉਹਨਾਂ ਨੂੰ ਇਕ ਵਿਦਵਾਨ ਵਜੋਂ ਪੇਸ਼ ਕਰ ਸਕਾਂ। ਡਾ. ਧਰਮ ਸਿੰਘ ਨੂੰ ਮੈਂ 1997 ਤੋਂ ਜਾਣਦਾ ਹਾਂ। ਜਦੋਂ ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਐਮ. ਏ. ਪੰਜਾਬੀ ਕਰਨ ਲਈ ਵਿਦਿਆਰਥੀ ਵਜੋਂ ਦਾਖਲਾ ਲਿਆ ਤਾਂ ਇਹ ਵਿਭਾਗ ਵਿਚ ਸੀਨੀਅਰ ਅਧਿਆਪਕ ਅਤੇ ਮੱਧਕਾਲੀਨ ਪੰਜਾਬੀ ਸਾਹਿਤ ਦੇ ਵਿਦਵਾਨ ਵਜੋਂ ਵਿਚਰਦੇ ਸਨ। ਪਹਿਲੀ ਵਾਰ ਵਿਦਵਾਨ ਅਧਿਆਪਕਾਂ ਨਾਲ ਵਾਹ ਪਿਆ ਸੀ ਜੋ ਆਪੋ ਆਪਣੇ ਵਿਸ਼ਿਆਂ ਦੇ ਮਾਹਰ ਸਨ। ਲੰਮੇ ਸਮੇਂ ਤੋਂ ਆਪਣੇ ਵਿਸ਼ੇਸ਼ ਵਿਸ਼ਿਆਂ ਵਿਚ ਪੀਐੱਚ. ਡੀ. ਖੋਜਾਰਥੀਆਂ ਨੂੰ ਨਵੇਂ-ਨਵੇਂ ਵਿਸ਼ਿਆਂ ਤੇ ਖੋਜ ਕਾਰਜ ਕਰਵਾਉਂਦੇ, ਬੀ. ਏ. ਆਨਰਜ਼ ਅਤੇ ਐਮ. ਏ. ਦੇ ਵਿਦਿਆਰਥੀਆਂ ਨੂੰ ਅਗਲੀ ਉਚੇਰੀ ਸਿੱਖਿਆ ਲਈ ਤਿਆਰ ਕਰਦੇ ਵਿਦਵਾਨ ਅਧਿਆਪਕ। ਡਾ. ਹਰਿਭਜਨ ਸਿੰਘ ਭਾਟੀਆ, ਡਾ. ਗੁਰਮੀਤ ਸਿੰਘ, ਡਾ. ਸੁਖਦੇਵ ਸਿੰਘ ਖਾਹਰਾ, ਡਾ. ਪਰਮਜੀਤ ਸਿੱਧੂ, ਡਾ. ਰਣਜੀਤ ਸਿੰਘ ਬਾਜਵਾ, ਵਰਗੇ ਵਿਦਵਾਨ ਅਧਿਆਪਕ ਵਿਭਾਗ ਵਿਚ ਤੁਰਦੇ ਫਿਰਦੇ ਸਨ ਜਦਕਿ ਕੁਝ ਸਮਾਂ ਪਹਿਲਾਂ ਵਿਭਾਗ ਵਿਚੋਂ ਸੇਵਾ ਮੁਕਤ ਹੋ ਚੁੱਕੇ ਵਿਦਵਾਨ ਡਾ. ਜੋਗਿੰਦਰ ਸਿੰਘ ਕੈਰੋਂ ਅਤੇ ਡਾ. ਜੋਗਿੰਦਰ ਸਿੰਘ ਰਾਹੀ, ਡਾ, ਕਰਨੈਲ ਸਿੰਘ ਥਿੰਦ ਹੋਰਾਂ ਦੀਆਂ ਗੱਲਾਂ ਵਿਭਾਗ ਵਿਚ ਤੁਰਦੀਆਂ ਫਿਰਦੀਆਂ ਸਨ। ਖੋਜਾਰਥੀ ਵਿਦਿਆਰਥੀ ਚਾਹ ਪੀਣ ਸਮੇਂ ਇਕੱਤਰ ਹੁੰਦੇ ਤਾਂ ਆਪਣੇ ਅਧਿਆਪਕਾਂ ਦੇ ਸੁਭਾਅ/ਆਦਤਾਂ ਮੁਤਾਬਕ ਉਹਨਾਂ ਦੇ ਨਵੇਂ ਨਵੇਂ ਨਾਂ ਪਾਉਂਦੇ, ਲਕਬ ਰੱਖਦੇ ਸਨ। ਡਾ. ਧਰਮ ਸਿੰਘ ਇਕ ਮੋਢੇ ਨੂੰ ਹੁਲਾਰਾ ਮਾਰ ਕੇ ਤੁਰਦੇ ਸਨ, ਬੈਠੇ ਬੈਠੇ ਇਕ ਮੋਢੇ ਨੂੰ ਝਟਕਾ ਦੇ ਕੇ ਉਤਾਂਹ ਨੂੰ ਚੁੱਕਦੇ ਰਹਿੰਦੇ ਹਨ। ਵਿਦਿਆਰਥੀ ਕਹਿੰਦੇ ਸਰ ਪਹਿਲੇ ਸਮਿਆਂ ਵਿਚ ਜਦੋਂ ਇਹ ਆਪ ਵਿਦਿਆਰਥੀ ਸਨ ਮੋਢੇ ਤੇ ਦੁੱਧ ਵਾਲੀ ਕੈਨੀ ਲੈ ਕੇ ਸਾਈਕਲ ਤੇ ਆਉਂਦੇ ਹੁੰਦੇ ਹੁੰਦੇ ਸਨ ਜਦੋਂ ਕੈਨੀ ਦਾ ਕੁੰਡਾ ਹੇਠਾਂ ਖਿਸਕਣ ਲਗਦਾ ਇਹ ਮੋਢਾ ਮਾਰ ਕੇ ਉਤਾਂਹ ਕਰ ਲੈਂਦੇ। ਬੱਸ ਉਹੀ ਆਦਤ ਨਹੀਂ ਜਾਂਦੀ। ਖੈਰ ਇਹ ਤਾਂ ਹਲਕੀਆਂ ਫੁਲਕੀਆਂ ਗੱਲਾਂ ਸਨ ਜੋ ਅਕਸਰ ਸਾਰੇ ਅਧਿਆਪਕਾਂ ਬਾਰੇ ਉਹਨਾਂ ਦੇ ਵਿਦਿਆਰਥੀ ਕਰਦੇ ਰਹਿੰਦੇ ਸਨ, ਪਰ ਸਾਰੇ ਵਿਦਿਆਰਥੀ ਉਹਨਾਂ ਦੀ ਮੱਧਕਾਲੀ ਸਾਹਿਤ ਪ੍ਰਤੀ ਸੂਝ ਤੋਂ ਬਹੁਤ ਪ੍ਰਭਾਵਿਤ ਸਨ।

ਡਾ. ਧਰਮ ਸਿੰਘ ਦਾ ਮੁੱਖ ਅਕਾਦਮਿਕ ਖੇਤਰ ਤਾਂ ਮੱਧਕਾਲੀ ਪੰਜਾਬੀ ਸਾਹਿਤ, ਵਿਸ਼ੇਸ਼ਕਰ ਮੱਧਕਾਲੀ ਵਾਰਤਕ ਸੀ ਜੋ ਐਮ. ਏ. ਦੀ ਕਲਾਸ ਦਾ ਇਕ ਪੇਪਰ ਹੈ। ਜਨਮ ਸਾਖੀਆਂ, ਗੋਸ਼ਟਾਂ ਹੁਕਨਾਮਿਆਂ, ਰਹਿਤਨਾਮਿਆਂ, ਤਨਖਾਹਨਾਮਿਆਂ, ਮਸਲਿਆਂ, ਪਰਚੀਆਂ ਆਦਿ ਬਾਰੇ ਉਹ ਬਹੁਤ ਬਾਰੀਕੀ ਅਤੇ ਗਹਿਰਾਈ ਨਾਲ ਪੜ੍ਹਾਉਂਦੇ ਸਨ। ਇਸ ਵਿਸ਼ੇ ਦੇ ਨਾਲ ਨਾਲ ਮੱਧਕਾਲੀ ਕਾਵਿ, ਮੱਧਕਾਲੀ ਸਾਹਿਤ ਦਾ ਇਤਿਹਾਸ ਵੀ ਉਹਨਾਂ ਦੇ ਮਨ ਭਾਉਂਦੇ ਵਿਸ਼ੇ ਹਨ। ਪੁਰਾਤਨ ਹੱਥ ਲਿਖਤ ਖਰੜਿਆਂ ਦੀ ਸੋਧ ਸੁਧਾਈ ਉਹਨਾਂ ਦਾ ਮਨ ਭਾਉਂਦਾ ਵਿਸ਼ਾ ਹੈ। 'ਪੁਰਾਤਨ ਪੰਜਾਬੀ ਹੱਥ-ਲਿਖਤ ਗ੍ਰੰਥਾਂ ਦਾ ਮਹੱਤਵ' ਲੇਖ ਅਜੀਤ ਅਖਬਾਰ ਵਿਚ 28 ਅਪ੍ਰੈਲ 2014 ਨੂੰ ਛਪਿਆ ਜਿਸ ਵਿਚ ਪੁਰਾਤਨ ਗੁਰਮੁਖੀ ਹੱਥ-ਲਿਖਤਾਂ ਦੀ ਕਲਾਤਮਕ ਗੌਰਵਤਾ ਤੋਂ ਇਲਾਵਾ ਇਨ੍ਹਾਂ ਦੀ ਮਹੱਤਤਾ ਨੂੰ ਬਿਆਨ ਕੀਤਾ ਹੈ। ਆਧੁਨਿਕ ਸਾਹਿਤ ਵੱਲ ਪਰਤੀਏ ਤਾਂ ਪਾਕਿਸਤਾਨੀ ਪੰਜਾਬੀ ਸਾਹਿਤ ਅਤੇ ਪੰਜਾਬੀ ਖੋਜ ਬਾਰੇ ਉਹ ਇਕ ਪ੍ਰਵਾਨਿਕ ਹਸਤੀ ਬਣ ਚੁੱਕੇ ਹਨ। ਉਹਨਾਂ ਦੀਆਂ ਹੁਣ ਤੱਕ ਪ੍ਰਕਾਸ਼ਿਤ ਹੋ ਚੁੱਕੀਆਂ 15 ਪੁਸਤਕਾਂ ਦੇ ਸਿਰਲੇਖ ਵੱਲ ਝਾਤੀ ਮਾਰੀਏ ਤਾਂ ਗੱਲ ਸਪੱਸ਼ਟ ਹੋ ਜਾਵੇਗੀ :-

1 ਚੋਣਵੇਂ ਕਿੱਸੇ ਕ੍ਰਿਤ ਪੂਰਨ ਰਾਮ (ਸਹਿ. ਸੰਪਾ. ਡਾ. ਪਿਆਰ ਸਿੰਘ) ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ 1974.

2.ਕਵੀ ਸੌਂਧਾ : ਇਕ ਅਲੋਚਨਾਤਮਕ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ 1981.

3.ਹਾਤਮਨਾਮਾ ਕ੍ਰਿਤ ਕਵੀ ਸੌਂਧਾਂ (ਸੰਪਾ.) ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ 1982.

4.ਪੰਜਾਬੀ ਦੇ ਪ੍ਰਵਾਨਿਤ ਖੋਜ-ਪ੍ਰਬੰਧ, ਪੰਜਾਬੀ ਰਾਈਟਰਜ਼ ਕੋ-ਆਪਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ 1985

5.ਸਾਹਿਤ ਅਵਲੋਕਨ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 1990

6.ਮੱਧਕਾਲੀਨ ਪੰਜਾਬੀ ਸਾਹਿਤ: ਤੱਥ ਅਤੇ ਸਰੋਤ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 1998

7.ਪੰਜਾਬੀ ਸਾਹਿਤ ਦਾ ਇਤਿਹਾਸ (ਸਹਿ. ਲੇਖਕ ਪਿਆਰਾ ਸਿੰਘ ਭੋਗਲ) ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ 1999.

8. ਮਸਲੇ ਸ਼ੇਖ ਫਰੀਦ ਦੇ (ਸੰਪਾ.) ਭਾਸ਼ਾ ਵਿਭਾਗ ਪੰਜਾਬ, ਪਟਿਆਲਾ 2003

9.ਪੰਜਾਬੀ ਖੋਜ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ 2004

10.ਗੁਰੂ ਗ੍ਰੰਥ ਸਾਹਿਬ ਸੰਪਾਦਨ ਦਾ ਪਿਛੋਕੜ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 2006

11.ਪੰਜਾਬੀ ਖੋਜ ਸੰਦਰਭ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 2008/2015

12.ਮੱਧਕਾਲੀ ਕਾਵਿ ਸੁਗੰਧੀਆਂ (ਸੰਪਾ.) ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2012

13.ਪਰਚੀਆਂ ਭਗਤ ਨਾਮਦੇਵ, ਪੰਜਾਬ ਪ੍ਰਕਾਸ਼ਨ, ਜਲੰਧਰ, 2013

14.ਖੋਜ ਵਿਧੀ ਵਿਗਆਨ ਅਤੇ ਪੰਜਾਬੀ ਖੋਜਕਾਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 2019

15.ਸਾਡਾ ਸੂਫੀ ਵਿਰਸਾ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 2021

ਸੋ ਇਸ ਪੁਸਤਕ ਸੂਚੀ ਨੂੰ ਧਿਆਨ ਨਾਲ ਵੇਖਿਆਂ ਸਹਿਜੇ ਹੀ ਡਾ. ਧਰਮ ਸਿੰਘ ਦੇ ਅਧਿਐਨ ਖੇਤਰ ਦਾ ਪਤਾ ਲੱਗ ਜਾਂਦਾ ਹੈ। ਇਕ ਦਹਾਕਾ ਪੁਰਾਤਨ ਕਿੱਸਿਆਂ ਦੀ ਗੱਲ ਕੀਤੀ ਤੇ ਫਿਰ ਆਧੁਨਿਕ ਖੋਜ ਤੇ ਆ ਗਏ ਮੁੜ ਮੱਧਕਾਲੀ ਸਾਹਿਤ ਵੱਲ ਐਸੀ ਚੁੱਬੀ ਮਾਰੀ ਕਿ ਆਧੁਨਿਕ ਖੋਜ ਤੋਂ ਬਿਨਾਂ ਸਾਰਾ ਕੰਮ ਮੱਧਕਾਲੀ ਸਾਹਿਤ ਬਾਰੇ ਹੀ ਕੀਤਾ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੀ ਹੈ ਅਤੇ ਸੂਫੀ ਕਵੀ ਵੀ ਹਨ, ਵਾਰਤਕ ਵੀ ਹੈ ਅਤੇ ਕਾਵਿ ਵੀ। ਇਹ ਡਾ. ਧਰਮ ਸਿੰਘ ਦਾ ਸ਼ੁੱਧ ਅਕਾਦਮਿਕ ਅਕਸ ਹੈ। ਵਿਦਿਆਰਥੀ ਵਰਗ ਉਹਨਾਂ ਨੂੰ ਮੱਧਕਾਲੀ ਪੰਜਾਬੀ ਸਾਹਿਤ ਦਾ ਵਿਸ਼ੇਸ਼ੱਗ ਸਮਝਦਾ ਹੈ। ਇਕ ਦੂਸਰਾ ਅਕਸ ਵੀ ਹੈ ਜੋ ਉਹਨਾਂ ਨੂੰ ਨੇੜੇ ਤੋਂ ਜਾਣਨ ਵਾਲਿਆਂ ਲਈ ਹੈ। ਜਦੋਂ ਮੈਂ ਉਹਨਾਂ ਕੋਲ ਇਸ ਲੇਖ ਲਈ ਕੁਝ ਜਾਣਕਾਰੀ ਲੈਣ ਗਿਆ ਤਾਂ ਉਹਨਾਂ ਨੇ ਆਪਣੀ 4000 ਦੇ ਕਰੀਬ ਪੁਸਤਕਾਂ ਵਾਲੀ ਵਿਸ਼ਾਲ ਲਾਇਬ੍ਰੇਰੀ ਵਿਚ ਬੈਠਿਆਂ ਇਸ਼ਾਰਾ ਕੀਤਾ "ਹੀਰਾ ਸਿੰਘ ਔਹ ਫਾਈਲ ਫੜ੍ਹ ਕੇ ਲਿਆ"। ਇਕ ਹੀ ਥਾਂ ਦੋ ਵੱਡੀਆਂ (100-100 ਸਫੇ ਦੀਆਂ) ਫਾਈਲਾਂ ਪਈਆਂ ਸਨ, ਮੈਂ ਇਕ ਚੁੱਕ ਕੇ ਫੜਾਈ, ਉਹ ਸਫੇ ਪਲਟਣ ਲੱਗੇ। ਪਿਛਲੇ 40-50 ਸਾਲਾਂ ਵਿਚ ਉਹਨਾਂ ਦੇ ਜੋ ਲੇਖ ਵੱਖ-ਵੱਖ ਅਖਬਾਰਾਂ ਵਿਚ ਪ੍ਰਕਾਸ਼ਿਤ ਹੋਏ ਸਨ ਉਹ ਸਭ ਅਖਬਾਰਾਂ ਦੀਆਂ ਅਸਲ ਕਟਿੰਗਾਂ ਤਾਰੀਕਾਂ ਪਾ ਕੇ ਅ-4 ਪੇਪਰਾਂ ਤੇ ਜੋੜੀਆਂ ਸਨ। ਇਹਨਾਂ ਪ੍ਰਕਾਸ਼ਿਤ ਪੇਪਰਾਂ ਵਿਚੋਂ ਇਕ ਨਵੇਂ

ਡਾ. ਧਰਮ ਸਿੰਘ

ਧਰਮ ਸਿੰਘ ਦੇ ਦਰਸ਼ਨ ਹੋਏ। ਇਹਨਾਂ ਪੇਪਰਾਂ ਵਿਚ ਸਿੱਖ ਇਤਿਹਾਸ, ਸਿੱਖ ਇਤਿਹਾਸਕਾਰ, ਸਿੱਖ ਸਾਹਿਤ, ਸਿੱਖ ਸਾਹਿਤਕਾਰ, ਪਾਕਿਸਤਾਨ ਦੀ ਰਾਜਨੀਤਕ ਸਥਿਤੀ ਅਤੇ ਸਾਡੇ ਸਮਾਜਕ, ਸਭਿਆਚਾਰਕ ਵਿਸ਼ੇਸ਼ਕਰ ਕਿਸਾਨੀ ਮਸਲੇ ਵਿਚਾਰੇ ਗਏ ਸਨ। ਜਦੋਂ ਵੀ ਸਮਾਜ ਵਿਚ ਕੋਈ ਚਰਚਾ ਜਾਂ ਲਹਿਰ ਚੱਲੀ ਡਾ. ਧਰਮ ਸਿੰਘ ਨੇ ਉਹਨਾਂ ਬਾਰੇ ਆਪਣੇ ਪ੍ਰਤੀਕਰਮ ਦਿੱਤੇ ਹਨ। ਡਾ. ਧਰਮ ਸਿੰਘ ਦੀ ਖੂਬੀ ਹੈ ਕਿ ਉਹ ਲਗਾਤਾਰ ਅਖਬਾਰਾਂ ਵਿਚ ਚਰਚਿਤ ਮਸਲਿਆਂ ਬਾਰੇ ਲੇਖ ਲਿਖਦੇ ਰਹਿੰਦੇ ਹਨ ਜੋ ਆਪਣੇ ਸਮਾਜ ਪ੍ਰਤੀ ਇਕ ਚੇਤੰਨ ਚਿੰਤਕ ਦੀ ਪਛਾਣ ਹੈ।

**ਡਾ. ਹੀਰਾ ਸਿੰਘ ਖ਼ਾਲਸਾ ਕਾਲਜ, ਅੰਮ੍ਰਿਤਸਰ,ਸੰਪਰਕ-9417534823**

ਜਦੋਂ ਮੈਂ ਧਿਆਨ ਨਾਲ ਵੇਖਿਆ ਤਾਂ ਡਾ. ਧਰਮ ਸਿੰਘ ਹੋਰਾਂ ਦਾ ਪਹਿਲਾ ਲੇਖ ਬਰਜਿੰਦਰ ਸਿੰਘ ਹਮਦਰਦ ਦੇ ਰਸਾਲੇ ਦ੍ਰਿਸ਼ਟੀ ਵਿਚ 'ਅੰਮ੍ਰਿਤਾ ਪੂਰਵ ਪੰਜਾਬੀ ਔਰਤਾਂ ਦਾ ਸਾਹਿਤ' ਅਕਤੂਬਰ 1975 ਵਿਚ ਪ੍ਰਕਾਸ਼ਿਤ ਹੋਇਆ ਸੀ। ਇਸ ਹਿਸਾਬ ਨਾਲ ਡਾ. ਧਰਮ ਸਿੰਘ ਹੋਰਾਂ ਨੂੰ ਅਖਬਾਰਾਂ ਰਸਾਲਿਆਂ ਵਿਚ ਛਪਦਿਆਂ ਅੱਧੀ ਸਦੀ ਤੋਂ ਉੱਪਰ ਦਾ ਸਮਾਂ ਹੋ ਗਿਆ ਹੈ। ਖੋਜ ਪਤ੍ਰਿਕਾ ਦੇ 83ਵੇਂ ਅੰਕ ਵਿਚ ਡਾ. ਧਰਮ ਸਿੰਘ ਬਾਰੇ ਡਾ. ਵਿਸ਼ਾਲ ਕੁਮਾਰ ਦੇ ਪ੍ਰਕਾਸ਼ਿਤ ਲੇਖ ਵਿਚੋਂ ਸਾਨੂੰ ਪਤਾ ਲੱਗ ਜਾਂਦਾ ਹੈ ਕਿ ਡਾ. ਧਰਮ ਸਿੰਘ ਦਾ ਜਨਮ 5 ਮਈ 1950 ਨੂੰ ਅੰਮ੍ਰਿਤਸਰ ਦੇ ਨੇੜੇ ਘਣੂਪੁਰ ਕਾਲੇ ਪਿੰਡ ਵਿਚ ਸਰਦਾਰ ਬੰਤਾ ਸਿੰਘ 'ਦੋਧੀ' ਦੇ ਘਰ ਮਾਤਾ ਸ਼੍ਰੀਮਤੀ ਸੁਰਜੀਤ ਕੌਰ ਦੀ ਕੁਖੋਂ ਹੋਇਆ ਸੀ। ਉਹਨਾਂ ਨੇ ਦਸਵੀ 1967 ਵਿਚ ਕੀਤੀ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ 1972 ਵਿਚ ਬੀ. ਏ. ਆਨਰਜ਼ ਪਾਸ ਕੀਤੀ, 1972 ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਐਮ. ਏ. ਪੰਜਾਬੀ ਅਤੇ ਫਿਰ 1976 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਪੀਐੱਚ. ਡੀ. ਦੀ ਡਿਗਰੀ ਲੈ ਕੇ ਬਾਅਦ ਵਿਚ ਏਥੇ ਹੀ ਪੜ੍ਹਾਉਣ ਲੱਗ ਪਏ। 2010 ਵਿਚ ਆਪ ਏਥੋਂ ਹੀ ਪ੍ਰੋਫੈਸਰ ਅਤੇ ਮੁਖੀ ਦੇ ਅਹੁਦੇ ਤੋਂ ਰਿਟਾਇਰ ਹੋਏ। ਇਸ ਸਮੇਂ ਦੀਆਂ ਦੋ ਗੱਲਾਂ ਮਹੱਤਵਪੂਰਨ ਹਨ ਜੋ ਡਾ. ਧਰਮ ਸਿੰਘ ਦੇ ਜੀਵਨ ਅਤੇ ਉਹਨਾਂ ਦੀਆ ਯਾਦਾਂ ਵਿਚ ਹਮੇਸ਼ਾਂ ਕਾਇਮ ਰਹਿੰਦੀਆਂ ਹਨ। ਪਹਿਲੀ ਇਹ ਕਿ ਉਹਨਾਂ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਐਮ. ਏ. ਪੰਜਾਬੀ ਦੇ ਦੋਵੇਂ ਸਾਲ ਅੱਵਲ ਰਹਿ ਕੇ ਪਾਸ ਕੀਤੀ ਅਤੇ ਮੈਡਲ ਜਿੱਤੇ। ਇਹ ਜਿੱਤ/ਦੌੜ ਹੀ ਉਹਨਾਂ ਨੂੰ ਸਾਰੀ ਉਮਰ ਹੱਲਾਸ਼ੇਰੀ ਦਿੰਦੀ ਰਹੀ। ਇਸ ਸਮੇਂ ਦੇ ਵਿਦਿਆਰਥੀ ਸਾਥੀਆਂ ਦੀਆਂ ਗਤੀਵਿਧੀਆਂ ਅਤੇ ਅਧਿਆਪਕਾਂ ਦੇ 'ਕਾਰਨਾਮੇ' ਉਹ ਬਹੁਤ ਮਜੇ ਨਾਲ ਸੁਣਾਉਂਦੇ ਹਨ। ਦੂਸਰਾ ਜਦੋਂ ਉਹਨਾਂ ਨੇ ਗੁਰੂ ਨਾਨਕ ਦੇਵ ਯੂਨਵਿਰਸਿਟੀ ਵਿਚ ਲੰਮਾ ਸਮਾਂ ਅਧਿਆਪਨ ਸੇਵਾ ਕੀਤੀ ਤਾਂ ਉਹਨਾਂ ਨੇ ਹਰ ਉਹ ਆਹੁਦਾ (ਵਿਭਾਗ ਦਾ ਮੁਖੀ, ਡੀਨ ਭਾਸ਼ਾਵਾਂ, ਸੈਨੇਟ ਅਤੇ ਸਿੰਡੀਕੇਟ ਦੇ ਮੈਂਬਰ ਆਦਿ) ਮਾਣਿਆ ਜੋ ਇਕ ਅਧਿਆਪਕ ਨੂੰ ਮਿਲ ਸਕਦਾ ਹੈ। ਖੋਜ ਡਾ. ਧਰਮ ਸਿੰਘ ਦਾ ਪੈਸ਼ਨ ਹੈ, ਜੀਵਨ ਆਦਰਸ਼ ਹੈ। ਹਰਮੀਤ ਸਿੰਘ ਅਟਵਾਲ ਲਿਖਦੇ ਹਨ ਕਿ, "ਡਾ. ਧਰਮ ਸਿੰਘ ਦਾ ਸੁਭਾਅ ਪੰਡਤਾਊ ਹੰਕਾਰ ਤੋਂ ਬਿਲਕੁੱਲ ਮੁਕਤ ਹੈ। ਉਹ ਵਿਦਵਾਨ ਹੋ ਕੇ ਵੀ ਸਧਾਰਨ ਆਦਮੀ ਹੈ ਤੇ ਸਧਾਰਨ ਆਦਮੀ ਹੋ ਕੇ ਵੀ ਵਿਦਵਾਨ ਆਦਮੀ ਹੈ।" ਬਚਪਨ ਵਿਚ ਉਹਨਾਂ ਨੂੰ ਪਰਿਵਾਰ ਵਾਲੇ ਕੋਈ ਪ੍ਰਸੰਗ ਸੁਣਾਉਣ ਨੂੰ ਕਹਿੰਦੇ ਤਾਂ ਆਪ ਸਿੱਖ ਇਤਿਹਾਸ ਵਿਚੋਂ ਭਾਈ ਤਾਰੂ ਸਿੰਘ ਦਾ ਪ੍ਰਸੰਗ ਬੜੇ ਜੋਸ਼ ਅਤੇ ਵਿਸਥਾਰ ਨਾਲ ਸੁਣਾਉਂਦੇ। ਪਰਿਵਾਰ ਵੱਲੋਂ ਸਿੱਖ ਇਤਿਹਾਸ ਦੀ ਮਿਲੀ ਗੁੜਤੀ ਕਾਰਨ ਹੀ ਉਹ ਖੋਜ ਕਾਰਜ ਵੱਲ ਰੁਚਿਤ ਹੋਏ। ਖੋਜ ਕਾਰਜ ਅਕਾਦਮਿਕ ਖੇਤਰ ਦਾ ਸਭ ਤੋਂ ਵੱਧ ਸਿਰੜ ਵਾਲਾ ਖੇਤਰ ਹੈ। ਯੂਨੀਵਰਸਿਟੀਆਂ ਦੇ ਅਧਿਆਪਕ ਹਰ ਪੀਐੱਚ. ਡੀ. ਖੋਜਾਰਥੀ ਨੂੰ ਖੋਜੀ ਵੀ ਬਣਾਉਣਾ ਚਾਹੁੰਦੇ ਹਨ ਪਰ ਅਸਲ ਵਿਚ ਇੰਝ ਹੁੰਦਾ ਨਹੀਂ ਹੈ। 80% ਨਵੇਂ ਖੋਜੀ (ਪੀਐੱਚ. ਡੀ. ਕਰਨ ਵਾਲੇ) ਅਧਿਆਪਨ ਵੱਲ ਰੁਚਿਤ ਹੋ ਜਾਂਦੇ ਹਨ, ਇਹਨਾਂ ਵਿਚੋਂ 10 ਤੋਂ 15% ਹੀ ਅਸਲ ਵਿਚ ਅਧਿਆਪਨ ਕਰਵਾਉਂਦੇ ਹਨ ਬਾਕੀ ਖਾਨਾ ਪੂਰਤੀ ਹੀ ਕਰਦੇ ਹਨ। 15 ਤੋਂ 18% ਨਵੇਂ ਖੋਜੀ ਆਲੋਚਨਾ ਵੱਲ ਕਦਮ ਪੁੱਟਦੇ ਹਨ ਪਰ ਦੂਰ ਤੱਕ 3, 4% ਹੀ ਜਾਂਦੇ ਹਨ। ਰਹਿੰਦੇ 5% ਲੋਕ ਖੋਜ ਵੱਲ ਰੁਚਿਤ ਹੁੰਦੇ ਹਨ ਪਰ 4, 5 ਸਾਲ ਬਾਅਦ ਇਹਨਾਂ ਵਿਚੋਂ ਕੋਈ ਵਿਰਲਾ ਹੀ ਖੋਜੀ ਮਿਲਦਾ ਹੈ।

ਅਸਲ ਵਿਚ ਪੰਜਾਬੀ ਵਿਚ ਖੋਜ ਦਾ ਕਾਰਜ ਅੰਗਰੇਜ਼ਾਂ ਦੀ ਇਸ ਗੱਲ ਨਾਲ ਸ਼ੁਰੂ ਹੋਇਆ ਸੀ ਕਿ ਸਾਡੇ ਕੋਲ ਤਾਂ ਸਾਹਿਤਕ ਵਿਰਾਸਤ ਵਜੋਂ ਬਹੁਤ ਕੁਝ ਹੈ ਪਰ ਤੁਹਾਡੇ ਕੋਲ ਕੀ ਹੈ?। 19ਵੀਂ ਸਦੀ ਦੇ ਦੂਸਰੇ ਅੱਧ ਵਿਚ ਅੰਗਰੇਜ਼ ਚਿੰਤਕਾਂ ਵੱਲੋਂ ਪੰਜਾਬੀ ਲੋਕ-ਸਾਹਿਤ ਅਤੇ ਪੰਜਾਬੀ ਭਾਸ਼ਾ ਸੰਬੰਧੀ ਕੀਤੇ ਕੁਝ ਖੋਜ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਪੰਜਾਬੀ ਚਿੰਤਕਾਂ ਨੇ ਪੰਜਾਬੀ ਸਾਹਿਤ ਦੇ ਪੁਰਾਤਨ ਗ੍ਰੰਥਾਂ ਦੀ ਢੂੰਡ ਭਾਲ ਕਰਨੀ ਸ਼ੁਰੂ ਕੀਤੀ। 1950 ਤੋਂ ਬਾਅਦ ਆਜ਼ਾਦ ਭਾਰਤ ਵਿਚ ਯੂਨੀਵਰਸਿਟੀਆਂ ਵਿਚ ਇਹ ਕਾਰਜ ਇਕ ਵਿਵਸਥਾ ਦੇ ਰੂਪ ਵਿਚ ਵੱਡੇ ਪੱਧਰ ਤੇ ਸ਼ੁਰੂ ਹੋਇਆ। 1970 ਤੋਂ ਬਾਅਦ ਨਵੇਂ ਪੇਅ ਗ੍ਰੇਡ ਦੇ ਲਾਲਚ ਅਧੀਨ ਉਚੇਰੀ ਸਿਖਆ ਦੇ ਹਰ ਅਧਿਆਪਕ ਨੂੰ ਖੋਜੀ ਬਣਨ ਵੱਲ ਤੋਰਿਆ ਪਰ ਇਸ ਦੇ ਸਿੱਟੇ ਨਿਰਾਸ਼ਾਜਨਕ ਹੀ ਨਿਕਲੇ ਹਨ। ਖੋਜ ਬਹੁਤ ਉੱਚ ਪੱਧਰ ਦਾ ਕਾਰਜ ਹੈ ਤੇ ਇਸ ਲਈ ਖੋਜੀ ਬਿਰਤੀ ਹੋਣੀ ਜਰੂਰੀ ਹੈ ਜੋ ਕਿਸੇ ਵਿਰਲੇ ਵਿਚ ਹੀ ਹੁੰਦੀ ਹੈ। ਮੰਡੀ ਅਤੇ ਵਸਤਪਾਲ ਰਹਿਤਲ ਵਿਚ ਖੋਜੀ ਬਿਰਤੀ ਵਾਲੇ, ਸਖਤ ਸਿਰੜ ਵਾਲੇ, ਲੰਮਾ ਅਤੇ ਨਿਸ਼ਕਾਮ ਸਫਰ ਕਰਨ ਵਾਲੇ ਵਿਰਲੇ ਹੀ ਮਿਲਦੇ ਹਨ। ਪੰਜਾਬੀ 

# ਡਾ. ਧਰਮ ਸਿੰਘ–ਇਕ ਸਿਰੜੀ ਖੋਜੀ

ਡਾ.ਮੋਹਨ ਸਿੰਘ ਦੀਵਾਨਾ ਪੁਰਾਤਨ ਲਿਖਤਾਂ ਲੱਭਣ ਅਤੇ ਸੰਭਾਲਣ ਵਾਲਾ ਪ੍ਰਮੁੱਖ ਵਿਦਵਾਨ ਹੈ। ਡਾ. ਧਰਮ ਸਿੰਘ ਦੀ ਖੋਜ ਬਾਰੇ ਪੰਜਾਬੀ ਦੇ ਪ੍ਰਮੁੱਖ ਵਿਦਵਾਨ ਡਾ. ਤਾਰਨ ਸਿੰਘ ਨੇ ਬਹੁਤ ਪ੍ਰਸੰਸਾ ਕੀਤੀ ਹੈ, ਇਵੇਂ ਹੀ ਡਾ. ਹਰਿਭਜਨ ਸਿੰਘ ਆਪਣੀ ਰਿਪੋਰਟ ਵਿਚ ਲਿਖਦੇ ਹਨ ਕਿ, "ਕਵੀ ਸੋਂਧਾ ਦੇ ਜੀਵਨ ਤੇ ਰਚਨਾ ਨਾਲ ਸੰਬੰਧਤ ਇਹ ਥੀਸਿਸ ਤੱਥ ਅਤੇ ਤੱਤ ਦੋਹਾਂ ਤਰ੍ਹਾਂ ਦੀ ਖੋਜ ਨਾਲ ਸੰਬੰਧਤ ਹੈ। ਕਵੀ ਸੋਂਧਾ ਦੇ ਜੀਵਨ ਤੇ ਕਿਰਤ ਬਾਰੇ ਵਿਸ਼ਾਲ ਗਿਆਨ ਦੇਣ ਵਾਲੀ ਇਹ ਖੋਜ ਸਾਡੇ ਗਿਆਨ ਦੀਆਂ ਹੱਦਾਂ ਨੂੰ ਵਿਸਥਾਰਦੀ ਹੈ। ਖੋਜੀ ਦੀ ਭਾਸ਼ਾ ਸਰਲ ਪਰ ਪ੍ਰੌੜ ਬਿਰਤੀ ਵਾਲੀ ਹੈ। ਉਸ ਦੀ ਪੇਸ਼ਕਾਰੀ ਸੰਤੁਲਿਤ ਅਤੇ ਸਹਿਜ ਸੁਭਾਅ ਵਾਲੀ ਹੈ। ਖੋਜਕਾਰੀ ਦੀ ਵਿਧੀ ਬਾਰੇ ਉਸ ਨੂੰ ਯੋਗ ਜਾਣਕਾਰੀ ਹੈ ਜਿਸ ਦੀ ਉਸ ਬੜੇ ਸੁਚੱਜ ਨਾਲ ਵਰਤੋਂ ਕੀਤੀ ਹੈ।"

ਡਾ. ਧਰਮ ਸਿੰਘ ਦੀ ਖੋਜ ਦਾ ਇਕ ਖੇਤਰ ਪਾਕਿਸਤਾਨੀ ਪੰਜਾਬੀ ਸਾਹਿਤ ਦੀ ਖੋਜ ਹੈ। ਪਾਕਿਸਤਾਨੀ ਪੰਜਾਬੀ ਸਾਹਿਤ ਦੀ ਸਥਿਤੀ, ਉਥੇ ਹੋ ਰਹੀ ਖੋਜ ਅਤੇ ਡਾ. ਧਰਮ ਸਿੰਘ ਦੀ ਉਸ ਖੋਜ ਬਾਰੇ ਰਾਇ ਨੂੰ ਪਾਕਿਸਤਾਨੀ ਵਿਦਵਾਨਾਂ ਅਤੇ ਭਾਰਤੀ ਪੰਜਾਬੀ, ਅੰਗਰੇਜ਼ੀ ਅਖਬਾਰਾਂ ਨੇ ਖੂਬ ਵਡਿਆਇਆ ਹੈ। ਡਾ. ਧਰਮ ਸਿੰਘ ਨੇ ਪੰਜਾਬ ਯੂਨਵਿਰਸਿਟੀ ਲਾਹੌਰ ਦੇ ਖੋਜਾਰਥੀਆਂ ਦੇ ਕਈ ਖੋਜ ਨਿਬੰਧਾਂ ਦਾ ਵਿਸ਼ਲੇਸ਼ਣ ਕਰਕੇ ਖੋਜਾਰਥੀਆਂ ਦਾ ਔਨਲਾਈਨ ਵਾਈਵਾ ਵੀ ਲਿਆ ਹੈ। ਪਾਕਿਸਤਾਨੀ ਪੰਜਾਬੀ ਸਾਹਿਤ ਜਗਤ ਵਿਚ ਡਾ. ਧਰਮ ਸਿੰਘ ਦਾ ਬਹੁਤ ਸਤਿਕਾਰ ਹੈ।

ਡਾ. ਧਰਮ ਸਿੰਘ ਦੀ ਇਕ ਖਾਸੀਅਤ ਇਹ ਵੀ ਹੈ ਕਿ ਜਿੱਥੇ ਉਹ ਆਪ ਚੋਟੀ ਦੇ ਖੋਜੀ ਹਨ ਉਥੇ ਉਹ ਆਪਣੇ ਤੋਂ ਪਹਿਲਾਂ ਹੋ ਗੁਜ਼ਰੇ ਖੋਜੀਆਂ ਦੇ ਕੰਮ ਅਤੇ ਉਹਨਾਂ ਦੀ ਸ਼ਖਸੀਅਤ ਤੋਂ ਪੂਰੀ ਤਰ੍ਹਾਂ ਮੁਤਾਸਰ ਹਨ। ਉਹ ਆਪਣੀ ਪੁਸਤਕ 'ਖੋਜ ਵਿਧੀ ਵਿੱਗਆਨ ਅਤੇ ਪੰਜਾਬੀ ਖੋਜਕਾਰ' ਵਿਚ ਜਿਥੇ ਭਾਈ ਵੀਰ ਸਿੰਘ, ਪਿਆਰਾ ਸਿੰਘ ਪਦਮ, ਡਾ. ਪਿਆਰ ਸਿੰਘ ਅਤੇ ਪ੍ਰੋ. ਪ੍ਰੀਤਮ ਸਿੰਘ ਦੇ ਖੋਜ-ਕਾਰਜ ਦੀ ਵਿਸਥਾਰ ਵਿਚ ਜਾਣਕਾਰੀ ਦਿੰਦੇ ਹਨ ਉਥੇ ਉਹਨਾਂ ਦੇ ਖੋਜ ਕਾਰਜ ਦੀ ਪ੍ਰਸੰਸਾ ਵੀ ਕਰਦੇ ਹਨ। ਇਸ ਪੁਸਤਕ ਵਿਚੋਂ ਪੰਜਾਬੀ ਖੋਜ ਦੇ ਮੁਹਾਂਦਰੇ ਨੂੰ ਸਹਿਜੇ ਹੀ ਪਛਾਣਿਆਂ ਜਾ ਸਕਦਾ ਹੈ। ਇਸ ਪੁਸਤਕ ਬਾਰੇ ਡਾ. ਸੁਖਦੇਵ ਸਿੰਘ ਸਿਰਸਾ ਲਿਖਦੇ ਹਨ, "ਖੋਜ ਵਿਧੀ ਵਿੱਗਆਨ ਅਤੇ ਪੰਜਾਬੀ ਖੋਜਕਾਰ ਪੁਸਤਕ ਖੋਜ ਦੀ ਸਿਧਾਂਤਕਾਰੀ, ਸਾਹਿਤਕ ਖੋਜ ਨੂੰ ਦਰਪੇਸ਼ ਚੁਣੌਤੀਆਂ, ਖੋਜ ਨਾਲ ਸੰਬੰਧਤ ਸੰਕਲਪਾਂ/ਪਦਾਂ ਦੀ ਵਿਆਖਿਆ ਅਤੇ ਚੋਣਵੇਂ ਖੋਜੀਆਂ ਦੀ ਖੋਜ ਦੇ ਹਵਾਲੇ ਨਾਲ ਪੰਜਾਬੀ ਖੋਜ ਦਾ ਇਤਿਹਾਸ ਹੀ ਨਹੀਂ, ਇਹ ਪੁਸਤਕ ਨਵੇਂ ਖੋਜੀਆਂ ਲਈ ਰਾਹ ਦਸੇਰੇ ਦੀ ਹੈਸੀਅਤ ਵੀ ਰੱਖਦੀ ਹੈ।" ਡਾ. ਧਰਮ ਸਿੰਘ ਦਾ ਸਭ ਤੋਂ ਵੱਧ ਚਰਚਿਤ ਕੰਮ ਹੁਣ ਤੱਕ ਪੰਜਾਬੀ ਵਿਚ ਹੋਈ ਪੀਐੱਚ. ਡੀ. ਪੱਧਰ ਦੀ ਖੋਜ ਬਾਰੇ ਹੈ। ਉਹਨਾਂ ਨੇ ਹੁਣ ਤੱਕ ਵੱਖ-ਵੱਖ ਯੂਨੀਵਰਸਿਟੀਆਂ ਵਿਚ ਹੋਏ ਸਾਰੇ ਖੋਜ ਪ੍ਰਬੰਧਾਂ ਦੀ ਜਾਣਕਾਰੀ ਲਈ ਅਤੇ ਉਸਨੂੰ ਇਕ ਪੁਸਤਕ ਵਿਚ ਪ੍ਰਕਾਸ਼ਿਤ ਕਰ ਦਿੱਤਾ। ਇਸ ਜਾਣਕਾਰੀ ਵਿਚ ਖੋਜਕਾਰ (ਖੋਜਾਰਥੀ) ਦਾ ਨਾਮ , ਖੋਜ-ਪ੍ਰਬੰਧ ਦਾ ਸਿਰਲੇਖ, ਯੂਨੀਵਰਸਿਟੀ ਦਾ ਨਾਮ ਅਤੇ ਖੋਜ ਮੁਕੰਮਲ ਹੋਣ ਦਾ ਸਾਲ ਦਰਜ ਹੈ। ਜੇ ਕੋਈ ਖੋਜ-ਪ੍ਰਬੰਧ ਪ੍ਰਕਾਸ਼ਿਤ ਹੋ ਗਿਆ ਹੈ ਤਾਂ ਖੋਜ ਪ੍ਰਬੰਧ ਦੇ ਨਾਲ ਹੀ ਹੇਠਾਂ ਉਸ ਬਾਰੇ ਜਾਣਕਾਰੀ ਦਰਜ ਹੈ ਜਿਸ ਵਿਚ ਉਸ ਦੇ ਪ੍ਰਕਾਸ਼ਕ ਦਾ ਨਾਮ ਅਤੇ ਪ੍ਰਕਾਸ਼ਨ ਸਾਲ ਵੀ ਦਰਜ ਹੈ। ਇਹ ਪੁਸਤਕ ਬੜੇ ਵਿਵਸਥਿਤ ਢੰਗ ਨਾਲ ਪ੍ਰਕਾਸ਼ਿਤ ਕੀਤੀ ਹੈ। ਪਹਿਲਾਂ ਕਵਿਤਾ ਨਾਲ ਸੰਬੰਧਤ ਖੋਜ-ਪ੍ਰਬੰਧ ਹਨ। ਇਸ ਭਾਗ ਨੂੰ ਵੀ ਅੱਗੋਂ ਦੋ ਹਿੱਸਿਆ ਵਿਚ ਵੰਡਿਆ ਹੈ ਪਹਿਲਾਂ ਮੱਧਕਾਲ ਦੀ ਕਵਿਤਾ ਬਾਰੇ ਖੋਜ-ਪ੍ਰਬੰਧ ਸ਼ਾਮਲ ਕੀਤੇ ਗਏ ਹਨ ਫਿਰ ਆਧੁਨਿਕ ਕਵਿਤਾ ਬਾਰੇ। ਇਵੇਂ ਹੀ ਪਹਿਲਾਂ ਪੁਰਾਤਨ ਵਾਰਤਕ ਬਾਰੇ ਅਤੇ ਫਿਰ ਆਧੁਨਿਕ ਵਾਰਤਕ ਬਾਰੇ ਖੋਜ-ਪ੍ਰਬੰਧ ਸ਼ਾਮਲ ਕੀਤੇ ਗਏ ਹਨ। ਇਸ ਤੋਂ ਬਾਅਦ ਗਲਪ, ਲੋਕਧਾਰਾ/ਸਭਿਆਚਾਰ ਬਾਰੇ ਫਿਰ ਨਾਟਕ ਇਕਾਂਗੀ ਅਤੇ ਰੰਗਮੰਚ ਬਾਰੇ ਫਿਰ ਪਰਵਾਸੀ ਪੰਜਾਬੀ ਸਾਹਿਤ ਬਾਰੇ ਫਿਰ ਮੈਟਾ ਆਲੋਚਨਾ ਬਾਰੇ ਫਿਰ ਪਾਕਿਸਤਾਨ ਵਿਚ ਪ੍ਰਵਾਨਿਤ ਹੋਏ ਖੋਜ ਪ੍ਰਬੰਧਾਂ ਬਾਰੇ ਜਾਣਕਾਰੀ ਦਰਜ ਕੀਤੀ ਗਈ ਹੈ ਫਿਰ ਪੰਜਾਬੀ ਭਾਸ਼ਾ ਬਾਰੇ ਪ੍ਰਵਾਨਿਤ ਖੋਜ-ਪ੍ਰਬੰਧ ਦਰਜ ਹਨ ਫਿਰ ਸਾਹਿਤ ਇਤਿਹਾਸ ਬਾਰੇ, ਫਿਰ ਪੰਜਾਬੀ ਬਾਲ ਸਾਹਿਤ ਬਾਰੇ ਫਿਰ ਹਵਾਲਾ ਸਾਹਿਤ ਬਾਰੇ ਅਤੇ ਅਖੀਰ ਵਿਚ ਫੁਟਕਲ ਦਰਜ ਹਨ। ਅੱਗੇ ਜਾ ਕੇ ਉਹਨਾਂ ਨੇ ਪੰਜਾਬੀ ਸਾਹਿਤ ਬਾਰੇ ਅੰਗਰੇਜ਼ੀ ਵਿਚ ਪ੍ਰਵਾਨਿਤ ਖੋਜ-ਪ੍ਰਬੰਧਾਂ ਬਾਰੇ ਜਾਣਕਾਰੀ ਦਿੱਤੀ ਹੈ ਜਿਸ ਨਾਲ ਸਾਨੂੰ ਪੰਜਾਬੀ ਖੋਜ ਦੇ ਇਤਿਹਾਸ ਬਾਰੇ, ਇਸ ਦੀ ਸ਼ੁਰੂਆਤ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਪੰਜਾਬੀ ਵਿਸ਼ੇ ਵਿਚ ਡਾਕਟਰੇਟ ਦੀ ਡਿਗਰੀ ਵਾਲਾ ਹਰ ਸ਼ਖਸ ਇਸ ਗ੍ਰੰਥ ਵਿਚੋਂ ਆਪਣਾ ਨਾਮ ਦੇਖ ਸਕਦਾ ਹੈ। 2008 ਅਤੇ 2015 ਵਾਲੇ ਸੰਸਕਰਣ ਵਿਚ ਵਿੱਸ਼ਆਂ ਦੀ ਤਰਤੀਬ ਬਦਲੀ ਹੋਈ ਹੈ। 2015 ਵਾਲੇ ਸੰਸਕਰਣ ਵਿਚ 1859 ਖੋਜ-ਪ੍ਰਬੰਧਾਂ ਦੀ ਜਾਣਕਾਰੀ ਦਰਜ ਹੈ। ਇਸ ਪੁਸਤਕ ਬਾਰੇ ਪੰਜਾਬੀ ਦੇ ਪ੍ਰਮੁੱਖ ਮੈਟਾ ਆਲੋਚਕ ਡਾ. ਹਰਿਭਜਨ ਸਿੰਘ ਭਾਟੀਆ ਜੀ ਲਿਖਦੇ ਹਨ ਕਿ, "ਇਸ ਵਿਚ ਦਰਜ 1410 ਖੋਜ ਪ੍ਰਬੰਧਾਂ (ਪੀਐੱਚ. ਡੀ. ਦੇ ਥੀਸਿਜ਼ਾਂ) ਦਾ ਵੇਰਵਾ ਹੈ ਜੋ ਇਕ ਪਾਸੇ ਪੰਜਾਬੀ ਖੋਜ ਦੇ ਫੈਲਾਓ, ਵਿਸਥਾਰ ਤੇ ਮਹਾਂਦ੍ਰਿਸ਼ ਨੂੰ ਪ੍ਰਗਟਾਉਂਦਾ ਹੈ, ਦੂਜੇ ਪਾਸੇ ਦੁਰਵਰਤੋਂ, ਮੰਡੀ ਦੇ ਵਰਤਾਰਿਆਂ ਦੀ ਕਾਰਜਸ਼ੀਲਤਾ ਅਤੇ ਸੱਚ ਦੀ ਪਛਾਣ ਦੀ ਬਜਾਇ ਅਗਿਆਨਤਾ ਤੇ ਹਨੇਰ ਦੇ ਫੈਲਾਓ ਆਦਿ ਵੱਲ ਵੀ ਤਲਖ ਟਿੱਪਣੀਆਂ ਕਰਦਾ ਹੈ।" ਸਪੱਸ਼ਟ ਹੈ ਕਿ ਇਸ ਵਿਚ ਜਿੱਥੇ ਪੰਜਾਬੀ ਖੋਜ ਦੇ ਇਤਿਹਾਸ ਦੀ ਪਛਾਣ ਕਰਵਾ ਕੇ ਜਿਥੇ ਇਕ ਗੌਰਵ ਨੂੰ ਸਾਹਮਣੇ ਲਿਆਂਦਾ ਹੈ ਉਥੇ ਇਸ ਦੀਆਂ ਵਰਤਮਾਨ ਹਾਲਤਾਂ ਦਾ ਨਿਵਾਣ ਸਪੱਸ਼ਟ ਕਰਕੇ ਪੰਜਾਬੀ ਵਿਦਵਤਾ ਦੇ ਹਨੇਰੇ ਪੱਖ ਨੂੰ ਵੀ ਪੇਸ਼ ਕੀਤਾ ਹੈ।

1985 ਵਿਚ ਡਾ. ਧਰਮ ਸਿੰਘ ਹੋਰਾਂ 'ਪੰਜਾਬੀ ਦੇ ਪ੍ਰਵਾਨਿਤ ਖੋਜ-ਪ੍ਰਬੰਧ' ਸਿਰਲੇਖ ਹੇਠ ਇਹ ਸੰਕਲਨ ਪਹਿਲੀ ਵਾਰ ਪ੍ਰਕਾਸ਼ਿਤ ਕੀਤਾ ਸੀ। ਯਕੀਨਨ ਤਿੰਨ ਚਾਰ ਸਾਲ ਪਹਿਲਾਂ ਇਹ ਕਾਰਜ ਸ਼ੁਰੂ ਕੀਤਾ ਹੋਵੇਗਾ। ਇਸ ਵਿਚ 1984 ਤੱਕ ਦੇ ਖੋਜ-ਪ੍ਰਬੰਧਾਂ ਬਾਰੇ ਜਾਣਕਾਰੀ ਸ਼ਾਮਲ ਸੀ। ਜਦੋਂ ਇਹ ਪੁਸਤਕ ਲੋਕਾਂ ਸਾਹਮਣੇ ਆਈ ਤਾਂ ਇਕ ਦਮ ਚਰਚਾ ਵਿਚ ਆ ਗਈ। ਪਾਠਕਾਂ ਚਿੰਤਕਾਂ ਦੇ ਹੌਸਲੇ ਨੇ ਡਾ. ਧਰਮ ਸਿੰਘ ਦਾ ਵੀ ਹੌਸਲਾ ਵਧਾਇਆ। ਉਹਨਾਂ ਨੇ ਇਸ ਕਾਰਜ ਨੂੰ ਅੱਗੇ ਜਾਰੀ ਰੱਖਿਆ ਅਤੇ 2008 ਵਿਚ 'ਪੰਜਾਬੀ ਖੋਜ ਸੰਦਰਭ' ਸਿਰਲੇਖ ਅਧੀਨ ਇਹ ਜਾਣਕਾਰੀ ਦੁਬਾਰਾ ਪ੍ਰਕਾਸ਼ਿਤ ਕਰਵਾਈ। ਪਾਠਕਾਂ ਦੀ ਮੰਗ ਤੇ ਇਸ ਪੁਸਤਕ ਦੇ ਅਗਲੇ ਸੰਸਕਰਣ 2015 ਅਤੇ 2018 ਵਿਚ ਆਏ। ਜਦੋਂ ਮੈਂ ਡਾ. ਸਾਹਿਬ ਨੂੰ ਮਿਲਣ ਗਿਆ ਅਤੇ ਉਹਨਾਂ ਦੇ ਰੁਝੇਵੇਂ ਬਾਰੇ ਪੁੱਛਿਆ ਤਾਂ ਉਹਨਾਂ ਕਿਹਾ ਕਿ ਇਕ ਤਾਂ ਉਹ ਪਾਕਿਸਤਾਨ ਵਿਚਲੀ ਪੰਜਾਬੀ ਖੋਜ ਬਾਰੇ ਜਾਣਕਾਰੀ ਦਿੰਦੀ ਪੁਸਤਕ ਲਿਖ ਰਹੇ ਹਨ, ਦੂਸਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਤੇ ਉਹਨਾਂ ਸੰਬੰਧੀ ਕੁਝ ਅਣਸੁਲਝੇ ਸਵਾਲਾਂ ਬਾਰੇ ਪੁਸਤਕ ਲਿਖ ਰਹੇ ਹਨ ਅਤੇ ਤੀਸਰੀ ਪੁਸਤਕ ਵਜੋਂ 'ਪੰਜਾਬੀ ਖੋਜ ਸੰਦਰਭ' ਦੇ ਨਵੇਂ ਸੰਸਕਰਣ ਦੀ ਤਿਆਰੀ ਵਿਚ ਲੱਗੇ ਹੋਏ ਹਨ। 75 ਸਾਲਾਂ ਦੀ ਉਮਰ ਵਿਚ ਜਵਾਨਾਂ ਵਾਲੀ ਸਿਰੜ ਨਾਲ ਖੋਜ ਕਾਰਜ ਵਿਚ ਲੱਗੇ ਵੇਖ ਕੇ ਮੇਰਾ ਸਿਰ ਝੁਕ ਗਿਆ। ਪ੍ਰਮਾਤਮਾ ਉਹਨਾਂ ਨੂੰ ਲੰਮੀ ਉਮਰ ਅਤੇ ਚੰਗੀ ਸਿਹਤ ਬਖਸ਼ੇ ਤਾਂ ਜੋ ਉਹ 'ਪੰਜਾਬੀ ਖੋਜ' ਦੀ ਸਿਹਤ ਨੂੰ ਤਗੜਿਆਂ ਕਰ ਸਕਣ।

# ਜਨਮਦਿਨ ਮੁਬਾਰਕ ਰਾਜਬੀਰ

ਗੁਰਦਾਸਪੁਰ ਦੀ ਇਹ ਕੁੜੀ ਅੱਜ-ਕੱਲ੍ਹ ਐਡੀਲੇਡ ਰਹਿੰਦੀ ਹੈ ਤੇ ਫੇਸਬੁੱਕ 'ਤੇ ਮੇਰੇ ਨਾਲ ਜੁੜੀ ਹੋਈ ਹੈ। ਕਲਮ ਦੀ ਸੋਹਣੀ ਧਾਰਨੀ ਹੈ। ਐਡੀਲੇਡ ਦਾ ਨਾਂ ਸੁਣਦਿਆਂ ਹੀ ਇਹ ਮੈਨੂੰ ਆਪਣੇ ਬੱਚਿਆਂ ਵਰਗੀ ਲੱਗਦੀ ਹੈ, ਕਿਉਂਕਿ ਉਸੇ ਸ਼ਹਿਰ ਮੇਰਾ ਬੇਟਾ, ਬੇਟੀ ਤੇ ਪੋਤੀ ਪਿਛਲੇ ਪੌਣੇ ਚਾਰ ਸਾਲਾਂ ਤੋਂ ਵਸੇ ਹੋਏ ਹਨ। ਰਾਜਬੀਰ 'ਤੇ ਮੈਨੂੰ ਮੋਹ ਜਿਹਾ ਆਉਂਦਾ ਹੈ।

ਜਦੋਂ ਅਸੀਂ ਐਡੀਲੇਡ ਪਹੁੰਚੇ ਤਾਂ ਮੇਰੇ ਬੱਚਿਆਂ ਵਾਂਗੂ ਉਸਦਾ ਚਾਅ ਵੀ ਨਹੀਂ ਸੀ ਚੁੱਕਿਆ ਜਾਂਦਾ। ਉਸਨੇ ਸਾਨੂੰ ਪਿਆਰ ਨਾਲ ਕੌਫ਼ੀ ਤੇ ਡਿਨਰ 'ਤੇ ਸੱਦਿਆ। ਇਹ ਕੁੜੀ ਬਹੁਤ ਹੀ ਮਿਲਾਪੜੀ ਹੈ, ਅਪਣੱਤ ਨਾਲ ਲਬਾਲਬ ਭਰੀ ਹੋਈ ਹੈ। ਘਰੋਂ ਪੂਰੀ ਸਪੋਰਟ ਹੈ—ਪਤੀ ਪਰਮੇਸ਼ਵਰ ਦੀ। ਸ੍ਰੀ ਅੰਮ੍ਰਿਤਪਾਲ ਸਿੰਘ ਖ਼ੁਦ ਪੂਰਾ ਸਹਿਯੋਗੀ ਤੇ ਮਿਲਾਪੜਾ ਹੈ। ਭਾਵੇਂ ਉਹ ਆਪ ਕ੍ਰਿਕੇਟ ਦਾ ਖਿਡਾਰੀ ਹੈ, ਪਰ ਰਾਜਬੀਰ ਨੂੰ ਲਿਖਣ ਲਈ ਹਮੇਸ਼ਾ ਪ੍ਰੇਰਿਤ ਕਰਦਾ ਹੈ।

ਸਾਨੂੰ ਮਿਲ ਕੇ ਰਾਜਬੀਰ ਤੇ ਅੰਮ੍ਰਿਤਪਾਲ ਬਹੁਤ ਖ਼ੁਸ਼ ਸਨ ਤੇ ਅਸੀਂ ਉਨ੍ਹਾਂ ਤੋਂ ਵੀ ਵੱਧ, ਕਿਉਂਕਿ ਇਸ ਜੋੜੀ ਨੇ ਸਾਨੂੰ ਪਰਦੇਸ ਵਿੱਚ ਵੀ ਆਪਣੇਪਣ ਦਾ ਮਾਣ ਬਖ਼ਸ਼ਿਆ। ਓਪਰੇ ਮੁਲਕ ਵਿਚ ਅਜਿਹੀ ਅਪਣੱਤ ਮਿਲ ਜਾਵੇ ਤਾਂ ਬੰਦਾ ਨਿਹਾਲ ਹੋ ਜਾਂਦਾ।

ਕਹਿੰਦੇ ਨੇ ਅੱਜ ਰਾਜਬੀਰ ਕੌਰ ਦਾ ਜਨਮਦਿਨ ਹੈ। ਜੇ ਅੱਜ ਮੇਰੀ ਕਲਮ ਚੁੱਪ ਰਹੀ ਤਾਂ ਇਹ ਅਨਿਆਂ ਹੋਵੇਗਾ। ਇਹੋ ਜਿਹੀ ਕਲਮ ਦਾ ਕੀ ਫ਼ਾਇਦਾ ਜਿਹੜੀ ਕਿਸੇ ਨੂੰ ਦਿਲੋਂ ਵਧਾਈਆਂ ਹੀ ਨਾ ਦੇਵੇ?

ਮੇਰੇ ਵੱਲੋਂ ਦੁਆਵਾਂ ਦੀ ਝੜੀ—ਜਿਉਂਦੀ ਰਹਿ ਕੁੜੀਏ! ਰੱਬ ਤੈਨੂੰ ਜਸਵੰਤ ਸਿੰਘ ਕੰਵਲ ਜਿੰਨੀ ਉਮਰ ਤੇ ਤੰਦਰੁਸਤੀ, ਅਡਾਨੀ ਜਿੰਨੀ ਦੌਲਤ ਅਤੇ ਜ਼ੁਕਰਬਰਗ ਜਿੰਨੀ ਸ਼ੋਹਰਤ ਬਖ਼ਸ਼ੇ। ਤੇਰੀ ਕਲਮ ਦਿਨ-ਦੁੱਗਣੀ ਰਾਤ-ਚੌਗੁਣੀ ਤਰੱਕੀ ਕਰੇ। ਤੇਰੇ ਘਰ-ਵਿਹੜੇ ਖ਼ੁਸ਼ੀਆਂ ਦਾ ਮੀਂਹ ਵਰ੍ਹੇ।

**ਰਮੇਸ ਸੇਠੀ ਬਾਦਲ**
**ਸਪੰਰਕ –9876627233**

# ਹਾਸ ਵਿਅੰਗ: ਪੈਸਾ ਹੈ ਹੀ ਐਸਾ

ਅੱਜ ਸਾਰੀ ਰਾਤ ਉਸਲ-ਵੱਟੇ ਲੈਂਦਿਆਂ ਬੀਤੀ। ਜਦੋਂ ਥੋੜ੍ਹੀ ਜਿਹੀ ਅੱਖ ਲੱਗਦੀ — ਮੁਆਫ਼ ਕਰਨਾ, ਕਿਸੇ ਕੁੜੀ-ਚਿੜੀ ਵੱਲ ਧਿਆਨ ਨਾ ਲੈ ਜਾਇਓ — ਤਾਂ ਖ਼ਾਲੀ ਬਟੂਆ ਹੁੱਬਾਂ ਮਾਰਦਾ ਦਿਸਦਾ। ਮੈਨੂੰ ਲੱਗਦਾ, ਜਿਵੇਂ ਉਹ ਕਹਿ ਰਿਹਾ ਹੋਵੇ ਕਿ ਸਰਦਾਰਾ, ਬਾਹਰ ਜਾਣ ਲੱਗਿਆਂ ਤਾਂ ਬੜੀ ਟੱਸ਼ਨ ਕੱਢ ਕੇ ਜਾਂਦੈਂ, ਪੱਗ ਨੂੰ ਸੰਤਰੇ ਦੀਆਂ ਫਾੜੀਆਂ ਵਾਂਗੂ ਸਜਾ-ਸਜਾ ਕੇ ਇੱਕ ਦੂਜੀ ਉੱਤੇ ਧਰਨੋਂ ਥੱਕਦਾ ਨਹੀਂ, ਪਰ ਮੇਰੀ ਅੱਜ-ਕੱਲ੍ਹ ਸਾਰ ਨਹੀਂ ਲੈਂਦਾ। ਖ਼ਾਲੀ ਢਿੱਡ ਵਿਚ ਨੋਟਾਂ ਦੀਆਂ ਪੰਜ-ਸੱਤ ਤਹਿਆਂ ਹੀ ਲਾ ਦੇ। ਐਵੇਂ ਪਲਾਸਟਿਕ ਦੇ ਕਾਰਡ ਨਾਲ ਮੇਰਾ ਬੁੱਤਾ ਸਾਰੀ ਜਾਣੈਂ।

ਗੱਲ ਤਾਂ ਮੈਨੂੰ ਉਹਦੀ ਠੀਕ ਲੱਗੀ। ਜੋ ਨਿੱਘ ਪੈਸੇ ਦਾ ਮਿਲਦਾ, ਉਹ ਪਲਾਸਟਿਕ ਦੇ ਕਾਰਡ ਵਿਚ ਕਿੱਥੇ? ਪਤਾ ਹੀ ਨਹੀਂ ਲੱਗਦਾ ਕਿ ਉਸ ਉੱਤੇ ਬੈਂਕ ਵਾਲੇ ਕਿੰਨਾ ਕੁ ਉਧਾਰ ਚਾੜ੍ਹੀ ਬੈਠੇ ਹੁੰਦੇ ਹਨ?

ਚਾਹ ਦੀ 'ਕੱਪੀ' ਪੀਣ ਤੋਂ ਪਹਿਲਾਂ ਹੀ ਸੋਚਣ ਲੱਗਾ ਕਿ ਮੈਂ ਪੈਸੇ 'ਤੇ ਕੀ ਬੋਲ/ਲਿਖ ਸਕਦਾਂ? ਪੈਸਾ ਤਾਂ ਆਪ ਹੀ ਬਹੁਤ ਕੁਝ ਬੋਲ ਸਕਦਾ। ਕਈ ਲੋਕਾਂ ਨੂੰ ਪੈਸਾ ਨਜ਼ਰ ਆਉਂਦਾ ਤੇ ਕਈ ਪੈਸੇ ਨੂੰ ਆਪਣੇ ਉੱਪਰ ਨਜ਼ਰ ਆਉਣ ਦਿੰਦੇ ਹਨ। ਕੁਝ ਲੋਕ ਅਜਿਹੇ ਵੀ ਹੁੰਦੇ ਹਨ ਕਿ ਜਿਨ੍ਹਾਂ ਕੋਲ ਕੋਈ ਪੈਸਾ-ਵੈਸਾ ਨਹੀਂ ਹੁੰਦਾ — ਸ਼ਾਹੀ ਮਲੰਗ — ਕੋਸ਼ਿਸ਼ ਕਰਦੇ ਰਹਿੰਦੇ ਨੇ ਕਿ ਕਿਸੇ ਤੋਂ ਚਾਰ ਪੈਸੇ ਮਿਲ ਜਾਣ, ਠੱਗਿਆ ਜਾਵੇ।

ਤੁਸੀਂ ਵੀ ਛੋਟੇ ਹੁੰਦਿਆਂ ਤੋਂ ਸੁਣਦੇ ਆ ਰਹੇ ਹੋ ਕਿ ਪੈਸਾ ਹੱਥ ਦੀ ਮੈਲ ਹੁੰਦਾ, ਜੋ ਹੱਥਾਂ ਵਿਚੋਂ ਦੀ ਲੰਘ ਕੇ ਨੀਅਤ ਵਿਚ ਆ ਜਾਂਦਾ ਹੈ। ਇਹ ਹੌਲੀ-ਹੌਲੀ ਤੁਰਦਾ ਦਿਲ ਵਿਚ ਅਤੇ ਫਿਰ ਰਿਸ਼ਤਿਆਂ ਤੱਕ ਪਹੁੰਚ ਜਾਂਦਾ। ਤੁਸੀਂ ਦੱਸੋ, ਭਲਾ ਕੀ ਕੋਈ ਪੈਸੇ ਤੋਂ ਹੱਥ ਧੋ ਬੈਠੇ? ਇਹ ਕਿਵੇਂ ਹੋ ਸਕਦਾ ਹੈ? ਇਸੇ ਕਰਕੇ ਇਸ ਦੀ ਮੈਲ ਇਸ ਹੱਦ ਤੱਕ ਜਮ੍ਹਾਂ ਹੋ ਜਾਂਦੀ ਹੈ ਕਿ ਮੈਲ ਦਾ ਪੱਥਰ ਬਣ ਜਾਂਦਾ ਹੈ। ਅਜਿਹੇ ਲੋਕ ਦੁਨੀਆ ਛੱਡਣ ਸਮੇਂ ਸਿਕੰਦਰ ਦੀ ਤਰ੍ਹਾਂ ਖ਼ਾਲੀ ਹੱਥ ਜਾਂਦੇ ਹਨ ਪਰ ਕਦੇ ਸਿਕੰਦਰ ਦੀ ਜ਼ਿੰਦਗੀ ਜੀ ਕੇ ਨਹੀਂ ਦੇਖੀ ਹੁੰਦੀ।

ਪੈਸਾ ਕਈ ਰੋਗਾਂ ਦਾ ਸਬੱਬ ਬਣ ਜਾਂਦਾ ਹੈ। ਕਈਆਂ ਨੂੰ, ਖ਼ਾਸ ਕਰ ਧਨਾਢਾਂ ਨੂੰ, ਕਈ-ਕਈ ਹਜ਼ਾਰਾਂ-ਕਰੋੜਾਂ ਦਾ ਕਰਜ਼ਾ ਲੈਣ ਦਾ ਅਜਿਹਾ 'ਚਸਕਾ-ਰੋਗ' ਲੱਗ ਜਾਂਦਾ ਹੈ ਕਿ ਮਰਦੇ ਦਮ ਤੱਕ ਖਹਿੜਾ ਨਹੀਂ ਛੱਡਦਾ। ਕਈ ਕਿਸੇ ਨੂੰ ਕਰਜ਼ ਦੇ ਕੇ ਸੂਦ ਦੀ ਬਿਮਾਰੀ ਬੇਵਜ੍ਹਾ ਆਪਣੇ ਗਲ ਪਵਾ ਲੈਂਦੇ ਨੇ, ਜਿਸ ਦਾ ਇਲਾਜ ਕੇਵਲ ਕਰਜ਼ਾ ਲੈਣ — ਮਕਰੂਜ਼ — ਵਾਲੇ ਕੋਲੇ ਹੀ ਹੁੰਦਾ ਹੈ ਪਰ ਉਹ ਆਪਣਾ ਇਹ 'ਪੇਟੈਂਟ ਨੁਸਖ਼ਾ' ਆਪਣੇ ਬਿਮਾਰ ਨੂੰ ਕਦੇ ਨਹੀਂ ਦਿੰਦਾ। ਉਹ ਇਹ 'ਮੰਗਵੇਂ ਖੰਭ' ਲੈ ਕੇ ਧਰਤੀ 'ਤੇ ਉੱਡਣ ਲੱਗਦਾ ਹੈ ਅਤੇ ਇਸੇ ਕਰਜ਼ ਦੇ ਜਾਦੂਮਈ ਅਸਰ ਨਾਲ ਗ਼ਾਇਬ ਹੋ ਜਾਂਦਾ। ਕਈ ਵਾਰੀ ਤਾਂ ਕਰਜ਼ੇ ਦੀ ਰਕਮ ਕਢਾਉਣ ਵਾਸਤੇ, ਜਾਨ ਕੱਢਣ ਨਾਲੋਂ ਵੀ ਮੁਸ਼ਕਲ ਪਵਾੜਾ ਪੈ ਜਾਂਦਾ। ਕਈ ਰਿਣਦਾਤਾ ਲੋਕ — ਬੈਂਕਾਂ, ਆੜ੍ਹਤੀਏ — ਆਪਣਾ ਕਰਜ਼ਾ ਵਾਪਸ ਲੈਣ ਤੇ ਝੰਜਟਾਂ ਤੋਂ, ਬਾਹਰ-ਬਾਹਰ ਹੀ ਕਰਜ਼ਦਾਰ ਦੀ ਜਾਨ — ਖ਼ੁਦਕੁਸ਼ੀ — ਲੈ ਲੈਂਦੇ ਹਨ।

ਪੈਸਾ ਜਿੰਨਾ ਕਮਾਇਆਂ ਜਾਵੇ, ਉਨ੍ਹਾਂ ਹੀ ਥੋੜ੍ਹਾ ਹੈ। ਜ਼ਰਾ ਸੋਚੋ, ਜਦ ਤੁਸੀਂ ਕੋਈ ਵੀ ਚੈੱਕ ਲਿਖਦੇ/ਕੱਟਦੇ ਹੋ ਤਾਂ ਉਸ 'ਤੇ ਰਕਮ ਦੇ ਪਿੱਛੋਂ 'ਓਨਲੀ' ਲਿਖਦੇ ਹੋ। ਭਾਵੇਂ ਸੌ ਦਾ ਹੋਵੇ ਤਾਂ ਵੀ ਅਤੇ ਕਰੋੜ ਦਾ ਹੋਵੇ ਤਾਂ ਵੀ। ਬਹੁਤੇ ਲੋਕਾਂ ਦੀ ਜ਼ਿੰਦਗੀ ਦਾ ਮਕਸਦ ਕੇਵਲ ਪੈਸਾ ਕਮਾਉਣਾ ਹੀ 'ਓਨਲੀ' ਹੁੰਦਾ ਹੈ। ਇਹ ਲੋਕ ਕਿਉਂ ਭੁੱਲ ਜਾਂਦੇ ਹਨ ਕਿ ਜਿਸ ਤਰੀਕੇ ਨਾਲ ਇਹ ਉਨ੍ਹਾਂ ਕੋਲ ਆਇਆ ਹੈ, ਉਸੇ ਵਿਚੋਂ ਕੁਝ ਹਿੱਸਾ ਲੋੜਵੰਦ ਕੋਲੇ ਵੀ ਜਾਣਾ ਚਾਹੀਦਾ ਹੈ।

ਜਦੋਂ ਕਦੇ ਸਾਡੇ ਕੋਲ ਕਿਸੇ ਵਸੀਲੇ ਨਾਲ ਢੇਰ ਸਾਰਾ ਪੈਸਾ ਆ ਜਾਂਦਾ ਹੈ ਤਾਂ ਅਸੀਂ ਕਹਿੰਦੇ ਹਾਂ ਕਿ ਇਹ ਤਾਂ ਸਾਡੇ ਨਸੀਬ ਕਰਕੇ ਆਇਆ ਹੈ ਪਰ ਜਦ ਕਿਸੇ ਨੂੰ ਉਹਦਾ ਹੱਕ ਦੇਣ ਦੀ ਵਾਰੀ ਆਉਂਦੀ ਹੈ ਤਾਂ ਇਹ ਭੁੱਲ ਜਾਂਦੇ ਹਾਂ ਕਿ ਉਸ ਦਾ ਵੀ ਕੋਈ ਨਸੀਬ ਹੈ।

ਇਹ ਹੱਥ ਦੀ ਮੈਲ ਨੂੰ 'ਕਰੋਨਾ ਵਾਇਰਸ' ਵਾਂਗੂ ਜਿੰਨੀ ਛੇਤੀ ਸਾਫ਼ ਕਰ ਕੇ ਲਾਹ ਦਿੱਤਾ ਜਾਵੇ, ਉਨ੍ਹਾਂ ਹੀ ਚੰਗਾ ਹੈ। ਇਹ ਬਹੁਪ੍ਰਭਾਵੀ ਕਾਰਜ ਮਨੁੱਖ ਦੇ ਜੀਵਨ ਨੂੰ ਅਵੱਸ਼ ਖ਼ੁਸ਼ੀ ਪ੍ਰਦਾਨ ਕਰੇਗਾ।

'ਕੋਵਿਡ 19' ਵਾਂਗੂ, ਪੈਸੇ ਬਾਰੇ ਵੀ ਜਿੰਨਾ ਲਿਖਿਆਂ ਜਾਵੇ ਘੱਟ ਹੈ। ਇਸ ਦੀ ਸਹੀ ਯੋਗ ਵੰਡ ਬਾਰੇ ਵੀ ਅਜੇ ਤੱਕ ਪਤਾ ਨਹੀਂ ਲੱਗਿਆ। ਦੋਹਾਂ ਦੇ ਵੈਕਸੀਨ ਦੀ ਖੋਜ, ਪ੍ਰਯੋਗਸ਼ਾਲਾਵਾਂ ਵਿਚ ਦਿਨ-ਰਾਤ ਮਿਹਨਤ ਨਾਲ ਹੋ ਰਹੀ ਹੈ।

ਮੈਨੂੰ ਲੱਗਿਆ ਕਿ ਜੇਬ 'ਚੋਂ ਬਟੂਆ ਆਸੇ-ਪਾਸੇ ਮਾਰ ਰਿਹਾ।

ਮੈਂ ਉਸ ਨੂੰ ਪਲੋਸਦੇ ਹੋਏ ਕਿਹਾ ਕਿ ਮੇਰੇ ਪਿਆਰੇ ਬਟੂਏ! ਤੂੰ ਉਨ੍ਹਾਂ ਚਿਰ ਆਰਾਮ ਕਰ, ਜਦੋਂ ਤੱਕ ਹਾਲਾਤ ਅਨੁਕੂਲ ਨਹੀਂ ਹੋ ਜਾਂਦੇ।

ਇਹ ਸੁਣ ਕੇ, ਉਹਨੇ ਡੂੰਘਾ ਹੌਂਕਾ ਲਿਆ ਅਤੇ ਚੁੱਪੀ ਧਾਰ ਲਈ।

**ਸੁਰਜੀਤ ਸਿੰਘ ਭੁੱਲਰ**

# ਮਿੰਨੀ ਕਹਾਣੀ/ਤਲਾਕ ਤੋਂ ਬਾਅਦ

ਪੁਸ਼ਪਾ ਨੇ ਬੀਏ ਪਾਸ ਕਰ ਲਈ ਸੀ ਅਤੇ ਗੁਆਂਡ ਦੇ ਪੁਸ਼ਪਿੰਦਰ ਨਾ ਦੇ ਮੁੰਡੇ ਦੇ ਘਰ ਉਸ ਦਾ ਆਉਣਾ ਜਾਣਾ ਸੀ ਕਿਉਂਕਿ ਪੁਸ਼ਪਿੰਦਰ ਦੀ ਮਾਂ ਅਤੇ ਪੁਸ਼ਪਾ ਦੀ ਮਾਂ ਪੱਕੀਆਂ ਸਹੇਲੀਆਂ ਸਨ। ਹੌਲੀ ਹੌਲੀ ਪੁਸ਼ਪਿੰਦਰ ਅਤੇ ਪੁਸ਼ਪਾ ਦਾ ਇੱਕ ਦੂਜੇ ਦੇ ਵਿੱਚ ਦਿਲਚਸਪੀ ਹੋਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਅਤੇ ਬਾਅਦ ਵਿੱਚ ਇਹਨਾਂ ਦੋਹਾਂ ਨੇ ਆਪਸ ਵਿੱਚ ਵਿਆਹ ਕਰ ਲਿਆ। ਪੁਸ਼ਪਿੰਦਰ ਇੱਕ ਮਲਟੀ ਨੈਸ਼ਨਲ ਕੰਪਨੀ ਵਿੱਚ ਅਸਿਸਟੈਂਟ ਮੈਨੇਜਰ ਦੇ ਤੌਰ ਤੇ ਚੰਗੀ ਤਨਖਾਹ ਤੇ ਕੰਮ ਕਰਦਾ ਸੀ ਜਿਸ ਨਾਲ ਘਰ ਦਾ ਗੁਜ਼ਾਰਾ ਚੰਗੀ ਤਰਾਂ ਚਲ ਜਾਂਦਾ ਸੀ। ਕਦੇ ਕਦੇ ਪੁਸ਼ਪਿੰਦਰ ਪੁਸ਼ਪਾ ਨੂੰ ਕਿਸੇ ਹੋਟਲ ਵਿੱਚ ਜਾਂ ਕਿਸੇ ਹਿਲ ਸਟੇਸ਼ਨ ਤੇ ਵੀ ਲੈ ਜਾਂਦਾ ਸੀ ਤਾਂ ਕਿ ਉਹਦਾ ਦਿਲ ਲੱਗਿਆ ਰਹੇ। ਕਿਉਂਕਿ ਜਿਸ ਕੰਪਨੀ ਵਿੱਚ ਉਹ ਕੰਮ ਕਰਦਾ ਸੀ ਉਹ ਇਕ ਪ੍ਰਾਈਵੇਟ ਕੰਪਨੀ ਸੀ ਅਤੇ ਪ੍ਰਾਈਵੇਟ ਕੰਪਨੀ ਵਾਲੇ ਆਮ ਤੌਰ ਤੇ ਆਪਣੇ ਮੁਲਾਜ਼ਮਾਂ ਤੋਂ ਜਿਆਦਾ ਤੋਂ ਜਿਆਦਾ ਦੇਰ ਬਿਠਾ ਕੇ ਕੰਮ ਕਰਾਉਂਦੇ ਹਨ ਇਸ ਕਰਕੇ ਪੁਸ਼ਪਿੰਦਰ ਘਰ ਲੇਟ ਪਹੁੰਚਦਾ ਸੀ। ਹੌਲੀ ਹੌਲੀ ਪੁਸ਼ਪਾ ਦੇ ਮਨ ਵਿੱਚ ਪੁਸ਼ਪਿੰਦਰ ਬਾਰੇ ਸ਼ੱਕ ਪੈਦਾ ਸ਼ੁਰੂ ਹੋ ਗਿਆ ਕਿ ਉਸ ਦਾ ਪਤੀ ਦਫਤਰ ਦੀ ਕਿਸੇ ਹੋਰ ਕੁੜੀ ਦੇ ਚੱਕਰ ਵਿੱਚ ਫਸਿਆ ਹੋਇਆ ਹੈ ਜੋ ਕਿ ਅਸਲ ਵਿੱਚ ਠੀਕ ਨਹੀਂ ਸੀ। ਜਦੋਂ ਪੱਤੀ ਪਤਨੀ ਵਿੱਚ ਸ਼ੱਕ ਨਾਂ ਦੀ ਦੀਵਾਰ ਪੈਦਾ ਹੋ ਜਾਏ ਤਾਂ ਘਰ ਗ੍ਰਹਸਤੀ ਵਿੱਚ ਫਰਕ ਤਾਂ ਪੈ ਹੀ ਜਾਂਦਾ ਹੈ। ਇਹਨਾਂ ਦੋਹਾਂ ਵਿੱਚ ਵੀ ਸਮੇਂ ਸਮੇਂ ਤੇ ਉੱਚੀ ਉੱਚੀ ਗੱਲਾਂ ਕਰਨਾ, ਫਿਰ ਗਾਲਾਂ ਕੱਢਨਾ ਆਦੀ ਗੱਲਾਂ ਸ਼ੁਰੂ ਹੋ ਗਈਆਂ। ਅਸਲ ਵਿੱਚ ਪੁਸ਼ਪਿੰਦਰ ਪੁਸ਼ਪਾ ਨੂੰ ਬਹੁਤ ਪਿਆਰ ਕਰਦਾ ਸੀ ਅਤੇ ਉਸ ਤੋਂ ਇਲਾਵਾ ਉਹ ਕਿਸੇ ਦੂਜੀ ਔਰਤ ਵੱਲ ਦੇਖਦਾ ਵੀ ਨਹੀਂ ਸੀ। ਜਦੋਂ ਪਤੀ ਪਤਨੀ ਵਿੱਚ ਝਗੜਾ ਹੋਣਾ ਸ਼ੁਰੂ ਹੋ ਗਿਆ ਤਾਂ ਇੱਕ ਦਿਨ ਗੁੱਸੇ ਵਿੱਚ ਆ ਕੇ ਪੁਸ਼ਪਾ ਨੇ ਕਹਿ ਦਿੱਤਾ ਕਿ ਮੈਂ ਆਪਣੇ ਪੇਕੇ ਜਾ ਰਹੀ ਹਾਂ ਮੈਂ ਤੇਰੇ ਨਾਲ ਨਹੀਂ ਰਹਿਣਾ ਚਾਹੁੰਦੀ ਅਤੇ ਤੈਨੂੰ ਤਲਾਕ ਦੇਣਾ ਚਾਹੁੰਦੀ ਹਾਂ। ਮੈਂ ਤਲਾਕ ਦੇ ਕਾਗਜ਼ਾਂ ਤੇ ਦਸਤਖਤ ਕਰ ਦਿਤੇ ਹਨ ਅਤੇ ਬਾਕੀ ਮਾਮਲਾ ਕੋਰਟ ਕਚਹਿਰੀ ਵਿੱਚ ਹੀ ਫੈਸਲਾ ਹੋਵੇਗਾ ਅਤੇ ਕੁਝ ਦਿਨਾਂ ਬਾਅਦ ਦੋਹਾਂ ਵਿੱਚ ਤਲਾਕ ਹੋ ਗਿਆ। ਤਲਾਕ ਤੇ ਬਾਅਦ ਪੁਸ਼ਪਾ ਆਪਣੇ ਪੇਕੇ ਚਲੀ ਗਈ ਅਤੇ ਪੁਸ਼ਪਿੰਦਰ ਨੇ ਆਪਣੇ ਘਰ ਵਿੱਚ ਆਪਣੇ ਨੌਕਰ ਦੇ ਨਾਲ ਹੀ ਰਹਿਣਾ ਸ਼ੁਰੂ ਕਰ ਦਿੱਤਾ। ਉਸ ਦਾ ਦਿਲ ਪੁਸ਼ਪਾ ਬਿਨਾਂ ਲੱਗਦਾ ਨਹੀਂ ਸੀ ਪਰ ਉਹ ਕੀ ਕਰ ਸਕਦਾ ਸੀ ਉਸਨੇ ਤਾਂ ਪੁਸ਼ਪਾ ਨੂੰ ਰੋਕਣ ਲਈ ਹਜ਼ਾਰ ਤਰਲੇ ਕੀਤੇ ਲੇਕਿਨ ਔਰਤ ਜਾਤ ਜੇਕਰ ਆਪਣੇ ਜ਼ਿੱਦ ਤੇ ਅੜ ਜਾਏ ਤਾਂ ਜੋ ਉਹ ਚਾਹੁੰਦੀ ਹੈ ਉਹ ਕਰਕੇ ਹੀ ਰਹਿੰਦੀ ਹੈ। ਦੋਹਾਂ ਦੇ ਤਲਾਕ ਦੇ ਬਾਅਦ ਮਹੱਲੇ ਵਾਲਿਆਂ ਨੇ ਪਤੀ ਪਤਨੀ ਬਾਰੇ ਸੌ ਕਿਸਮ ਦੀਆਂ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਇਸ ਵਿਚਕਾਰ ਕੁਛ ਲੋਕ ਪੁਸ਼ਪਿੰਦਰ ਕੋਲ ਦੂਜੇ ਵਿਆਹ ਦੀ ਪੇਸ਼ਕਸ਼ ਲੈ ਕੇ ਵੀ ਆਏ ਲੇਕਿਨ ਉਸਨੇ ਸਾਫ ਇਨਕਾਰ ਕਰ ਦਿੱਤਾ। ਤਲਾਕ ਦੇ ਬਾਅਦ ਕਈ ਸਾਲ ਗੁਜ਼ਰ ਗਏ ਤੇ ਆਖਿਰਕਾਰ ਉਹ ਕੰਪਨੀ ਤੋਂ ਰਿਟਾਇਰ ਹੋ ਗਿਆ ਅਤੇ ਘਰ ਵਿੱਚ ਪਹਿਲਾਂ ਦੀ ਤਰਾਂ ਉਹ ਕੱਲਾ ਹੀ ਰਹਿੰਦਾ ਸੀ। ਉਸ ਦੇ ਸਿਰ ਦੇ ਵਾਲ ਚਿੱਟੇ ਹੋ ਗਏ ਸਨ ਅਤੇ ਥੋੜੀ ਥੋੜੀ ਉਹ ਦਾੜੀ ਵੀ ਰੱਖਣ ਲੱਗ ਗਿਆ ਸੀ। ਇਕ ਦਿਨ ਉਹ ਇਕ ਬਾਗ ਵਿੱਚ ਸੈਰ ਕਰ ਰਿਹਾ ਸੀ। ਉਸ ਨੇ ਇਕ ਬੈਂਚ ਤੇ ਬੈਠੀ ਇਕ ਬੁੱਢੀ ਔਰਤ ਨੂੰ ਦੇਖਿਆ। ਜਦੋਂ ਉਹ ਉਧਰੋਂ ਲੰਘ ਰਿਹਾ ਸੀ ਤਾਂ ਉਸਦੀ ਨਜ਼ਰ ਉਸ ਬੁੱਢੀ ਔਰਤ ਤੇ ਜਾ ਪਈ। ਉਸ ਨੂੰ ਲੱਗਿਆ ਜਿਵੇਂ ਉਹ ਪੁਸ਼ਪਾ ਹੁੰਦੀ ਹੈ। ਉਹ ਉਸ ਦੇ ਕੋਲ ਗਿਆ ਇਥੇ ਪੁੱਛਣ ਲੱਗਿਆ,, ਪੁਸ਼ਪਾ ਤੂੰ ਕਿੰਜ ਹੈ। ਪੁਸ਼ਪਾ ਨੇ ਪੁਸ਼ਪਿੰਦਰ ਨੂੰ ਦੇਖਦੇ ਹੀ ਹੌਕੇ ਭਰਨੇ ਸ਼ੁਰੂ ਕਰ ਦਿੱਤੇ ਅਤੇ ਕਿਹਾ,,,,, ਮੈਨੂੰ ਮਾਫ ਕਰੀ। ਮੇਰੇ ਤੋਂ ਜ਼ਿੰਦਗੀ ਦੀ ਬਹੁਤ ਵੱਡੀ ਭੁੱਲ ਹੋ ਗਈ। ਮੈਨੂੰ ਪਤਾ ਸੀ ਤੂੰ ਮੈਨੂੰ ਬਹੁਤ ਪਿਆਰ ਕਰਦਾ ਹੈ ਅਤੇ ਤੇਰੀ ਨਜ਼ਰ ਕਿਸੇ ਹੋਰ ਔਰਤ ਤੇ ਨਹੀਂ ਜਾ ਸਕਦੀ ਫਿਰ ਵੀ ਮੈਂ ਤੇਰੇ ਤੇ ਸ਼ੱਕ ਕੀਤਾ ਅਤੇ ਤਲਾਕ ਦੇ ਬੈਠੀ। ਮੇਰਾ ਖਿਆਲ ਸੀ ਕਿ ਮੇਰੇ ਭਰਾ ਤਲਾਕ ਦੇ ਬਾਅਦ ਮੇਰਾ ਧਿਆਨ ਰੱਖਣਗੇ। ਲੇਕਿਨ ਉਹਨਾਂ ਨੇ ਤਾਂ ਤਲਾਕ ਦੇ ਇੱਕ ਹਫਤੇ ਬਾਅਦ ਹੀ ਉਸ ਨਾਲ ਬੁਰਾ ਸਲੂਕ ਕਰਨਾ ਸ਼ੁਰੂ ਕਰ ਦਿੱਤਾ, ਘਰ ਦੇ ਕੰਮ ਨੌਕਰਾਂ ਦੀ ਤਰ੍ਹਾਂ ਕਰਾਉਣੇ ਸ਼ੁਰੂ ਕਰ ਦਿੱਤੇ ਅਤੇ ਤਾਨੇ ਦੇਣੇ ਸ਼ੁਰੂ ਕਰ ਦਿੱਤੇ। ਮੇਰੀ ਜ਼ਿੰਦਗੀ ਨਰਕ ਬਣ ਗਈ। ਮੈਂ ਪਛਤਾਵੇ ਅਤੇ ਸ਼ਰਮ ਦੇ ਮਾਰੇ ਤਲਾਕ ਦੇਣ ਦੇ ਬਾਅਦ ਤੇਰੇ ਕੋਲ ਕਿਹੜੇ ਮੂੰਹ ਨਾਲ ਆਉਂਦੀ। ਜਿਵੇਂ ਕਿਵੇਂ ਦਿਹਾੜੇ ਕੱਟੇ ਨੇ ਮੈਂ ਅਤੇ ਹੁਣ ਮੇਰਾ ਇਹ ਹਾਲ ਹੋ ਗਿਆ ਹੈ। ਨਾ ਮੈਂ ਘਰ ਦੀ ਰਹੀ ਅਤੇ ਨਾ ਘਾਟ ਦੀ ਰਹੀ। ਇਸ ਦੇ ਬਾਅਦ ਪੁਸ਼ਪਾ ਨੇ ਉੱਚੀ ਉੱਚੀ ਰੋਣਾ ਸ਼ੁਰੂ ਕਰ ਦਿੱਤਾ।

ਪੁਸ਼ਪਿੰਦਰ ਨੂੰ ਪੁਸ਼ਪਾ ਤੇ ਬਹੁਤ ਤਰਸ ਆਇਆ ਅਤੇ ਉਸ ਨੇ ਪਿਆਰ ਨਾਲ ਉਸ ਦੇ ਸਿਰ ਤੇ ਹੱਥ ਫੇਰਿਆ। ਇਸ ਦੇ ਬਾਅਦ ਪੁਸ਼ਪਾ ਨੇ ਪੁਸ਼ਪਿੰਦਰ ਨੂੰ ਜੱਫੀ ਪਾ ਲਈ ਅਤੇ ਰੋਂਦੇ ਹੋਏ ਕਿਹਾ,,,, ਕਿ ਅਸੀਂ ਮੁੜ ਤੋਂ ਜਿੰਦਗੀ ਸ਼ੁਰੂ ਨਹੀਂ ਕਰ ਸਕਦੇ। ਪੁਸ਼ਪਿੰਦਰ ਨੇ ਹਾਮੀ ਭਰਦੇ ਹੋਏ ਸਿਰ ਹਿਲਾਇਆ ਅਤੇ ਦੋਵੇਂ ਇੱਕ ਦੂਜੇ ਦਾ ਹੱਥ ਫੜ ਕੇ ਪੁਸ਼ਪਿੰਦਰ ਦੇ ਘਰ ਵੱਲ ਚਲ ਪਏ।

**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
**ਮੋਬਾਈਲ 94 16 35 9045**
**ਰੋਹਤਕ ਹਰਿਆਣਾ**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ
ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ

ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ
ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ
ਲਈ ਅਤੇ ਵੈਬਸਾਈਟ ਤੇ
ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com